93 ਵਾਂ ਸਾਲ
ਅੰਕ 2
ਕੁਲ ਅੰਕ
#939

# ਪ੍ਰੀਤ ਲੜੀ

**Since 1933**
Preet Lari Magazine
*The Oldest Punjabi Literary Journal*

ਫ਼ਰਵਰੀ 2026 ₹50



# 42ਵੀਂ ਬਰਸੀ 'ਤੇ

## 1983 ਪ੍ਰੀਤ ਲੜੀ ਦੇ ਦੋ ਸੰਪਾਦਕੀ

## ਸੁਮੀਤ ਸਿੰਘ

## ਨਵੰਬਰ 1983




**ਸੁਮੀਤ ਸਿੰਘ 23/09/1953 -22/2/1984**

'ਕੁਝ ਸਿੱਖ ਨੌਜਵਾਨਾਂ ਨੇ ਰਾਤ ਮੁਸਾਫ਼ਰਾਂ ਨਾਲ ਭਰੀ ਬਸ ਵਿਚੋਂ ਪੁਛ ਪੁਛਕੇ ਚੁਣਕੇ, ਹਿੰਦੂ ਗੋਲੀਆਂ ਨਾਲ ਭੁੰਨ ਦਿਤੇ'... ਸਿੱਖ ਧਰਮ ਦੀ ਨੌਂਵੀਂ ਪਾਤਸ਼ਾਹੀ ਗੁਰੂ ਤੇਗ ਬਹਾਦਰ ਜੀ ਨੇ ਆਪਣਾ ਸੀਸ ਕੁਰਬਾਨ ਕਰ ਦਿਤਾ ਤਾਂ ਜੋ ਹਿੰਦੂਆਂ ਤੋਂ ਉਨ੍ਹਾਂ ਦਾ ਜਨੇਊ ਪਾਣ ਦਾ ਹੱਕ ਕੋਈ ਨਾ ਖੋਹ ਸਕੇ। ਹਰ ਕਿਸੇ ਨੂੰ ਆਪਣਾ ਆਪਣਾ ਧਰਮ ਪਾਲਣ ਦਾ ਅਧਿਕਾਰ ਹੋਵੇ।

ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤਸਰ ਵਿਚ ਹਰਿਮੰਦਰ ਸਾਹਿਬ ਨੂੰ ਨੀਵੀਂ ਤੋਂ ਨੀਵੀਂ ਥਾਂ ਤੇ ਬਣਾਇਆ—ਨਿਮਰਤਾ ਦਾ ਪਰਚਾਰ ਕੀਤਾ। ਚੌਹੀਂ ਪਾਸੇ ਚਾਰ ਦਰਵਾਜ਼ੇ ਰੱਖੇ, ਕੋਈ ਵੀ ਕਿਸੇ ਰਾਹ, ਆ ਸਕੇ- ਹਰ ਧਰਮ ਹਰ ਜ਼ਾਤ ਲਈ ਹਰਿਮੰਦਰ ਦੇ ਦਵਾਰ ਹਮੇਸ਼ਾ ਹਮੇਸ਼ਾ ਖੁੱਲ੍ਹੇ ਹਨ— ਕਿਸੇ ਨਾਲ ਕੋਈ ਵਿਤਕਰਾ ਨਹੀਂ। ਅਜ ਕੁਝ ਤੁਅੱਸਬੀ, ਸਵਾਰਥੀ, ਨਾਦਾਨ ਸਰਬ ਸਾਂਝੀਵਾਲਤਾ ਦਾ ਉਪਦੇਸ਼ ਨਹੀਂ 'ਪੰਜ ਹਜ਼ਾਰ ਹਿੰਦੂ ਮਾਰਨ' ਦਾ ਭੈਅ ਖੜ੍ਹਾ ਕਰਦੇ ਹਨ— ਏਸ ਮਹਾਨ ਤੀਰਥ ਵਿਚ ਜਿਥੇ ਮਹਾਨ ਗੁਰੂਆਂ ਸੰਤਾਂ ਫ਼ਕੀਰਾਂ ਕਵੀਆਂ ਦੀ ਮਧੁਰ ਬਾਣੀ ਦੇ ਏਸ ਸੰਗੀਤ ਨਾਲ 'ਡਿਠੇ ਸਭੈ ਥਾਓ ਨਹੀਂ ਤੁਧ ਜੇਹਿਆ' ਦਾ ਅਹਿਸਾਸ ਪੁਖ਼ਤਾ ਹੁੰਦਾ ਹੈ ਓਥੇ ਨਾਲ ਕਿਤੇ ਧੁਰ ਅੰਦਰ ਬੰਦੂਕਾਂ, ਸਟੇਨਗਨਾਂ, ਬੰਬਾਂ, ਖ਼ੂਨ ਖਰਾਬੇ ਤੇ ਮਜ਼੍ਹਬੀ ਤੁਅਸਬ ਦਾ ਭੈਅ ਵੀ ਘਰ ਕਰਦਾ ਹੈ। ਐਸਾ ਕਿਉਂ?

ਇਕ ਅਧਖੜ ਕਟੜਪੰਥੀਆ ਅਜੀਬ ਜਿਹੇ ਉਨਮਾਦ ਵਿਚ ਆਸ ਪਾਸ ਦੇ ਹਿੰਦੂਆਂ ਨੂੰ ਵੇਖ ਉਚੀ ਉਚੀ ਬੋਲ ਰਿਹਾ ਹੈ "ਖਾਲਿਸਤਾਨ ਬਣਕੇ ਰਹੇਗਾ, ਇਹ ਜਨੇਊ ਪਾਉਣੇ ਨਹੀਂ ਰਹਿਣੇ। ਸਾਨੂੰ ਤਖ਼ਤ ਪਲਟਾਉਣੇ ਆਉਂਦੇ ਹਨ। ਸਾਡੇ ਨਾਲ 90 ਫ਼ੀ ਸਦੀ ਨਕਸਲਬਾੜੀਏ ਹਨ।" ਤੇ ਇਹਨਾਂ ਵਖ ਵਖ ਗੱਲਾਂ ਖ਼ਿਆਲਾਂ ਨਾਲ ਰੋਜ਼ ਅਖਬਾਰਾਂ ਵਿਚ ਵਾਰਦਾਤਾਂ ਹਨ—ਗੱਡੀਆਂ ਉਲਟਾਉਣ ਦੀਆਂ, ਰੋਟੀ ਲੜਦੇ ਭਈਆਂ ਦੇ ਮਰਨ ਦੀਆਂ, ਡਾਕੇ ਮਾਰਨ ਦੀਆਂ ਆਦਿ ਆਦਿ।

ਮੈਂ ਨਕਸਲਬਾੜੀ ਲਹਿਰ ਨੂੰ ਜਾਣਦਾਂ, ਪੜ੍ਹਿਐ ਤੇ ਉਹਨਾਂ ਲੋਕਾਂ ਵਿਚ ਵਿਚਰਿਆਂ। ਏਸ ਲਹਿਰ ਨਾਲ ਕਿਸੇ ਦੇ ਵੀ ਮਤਭੇਦ ਹੋਣ ਸਿਧਾਂਤਕ ਤੌਰ ਤੇ ਪਰ ਇਹਨਾਂ ਕਦੀ ਵੀ ਦੇਸ਼ ਧਰੋਹ, ਦੇਸ਼ ਦੀ ਵੰਡ ਜਾਂ ਹਿੰਦੁਸਤਾਨ ਦੇ ਟੋਟੇ ਜਾਂ ਪੰਜਾਬੀ ਤੁਅਸਬ ਨਹੀਂ ਪਰਚਾਰਿਆ। ਮੈਂ ਆਪ ਸਿੱਖ ਹਾਂ। ਮੈਂ ਆਪਣੀ ਪਰੰਪਰਾ, ਆਪਣੇ ਇਤਿਹਾਸ ਤੇ ਆਪਣੇ ਗੁਰੂਆਂ ਦੀ ਬਾਣੀ ਤੇ ਸਿਖਿਆ ਨੂੰ ਚੰਗੀ ਤਰ੍ਹਾਂ ਪੜ੍ਹਿਆ ਹੈ। ਇਤਿਹਾਸ ਸਿੱਖਾਂ ਦੀਆਂ ਕੁਰਬਾਨੀਆਂ, ਤੇ ਇਹਨਾਂ ਦੀ ਦੇਸ਼ ਭਗਤੀ ਦਾ ਬਾਰ ਬਾਰ ਗਵਾਹ ਹੈ—

ਇਹ ਫ਼ਸਾਦੀ, ਗੁਰੂ ਦੇ ਸਿੱਖ ਵੀ ਨਹੀਂ ਹੋ ਸਕਦੇ।

'ਸਾਮਰਾਜ ਅਜ ਮੁਲਕ ਦੀ ਸਿਆਸਤ ਤੇ ਆਰਥਕਤਾ ਨੂੰ ਆਪਣੀ ਝੋਲੀ ਵਿਚ ਡੇਗਣ ਲਈ ਹਰ ਪਾਸਿਓਂ ਹਰ ਕਿਸਮ ਦੇ ਹਥਿਆਰ ਵਰਤ ਰਿਹੈ ਤੇ ਸਫਲ ਵੀ ਕਿਤੇ-ਕਿਤੇ ਹੋ ਰਿਹੈ। ਬਹੁਤ ਭੈੜਾ ਕੁਝ ਭਿਆਨਕ ਢੰਗ ਨਾਲ ਵਾਪਰ ਸਕਦੈ—ਸੁਚੇਤ ਹੋ ਜਾਵੇ, ਮੇਰੇ ਸਾਥੀ ਜਵਾਨੋਂ, ਗੁਮਰਾਹ ਨਾ ਹੋਵੇ। ਕਿਸੇ ਵੀ ਫਿਰਕੇ ਦੀ ਹੋਂਦ ਨੂੰ ਕੋਈ ਖ਼ਤਰਾ ਨਹੀਂ, ਕਿਸੇ ਵੀ ਧਰਮ ਨੂੰ ਕੋਈ ਖ਼ਤਰਾ ਨਹੀਂ—ਇਹ ਜੋ ਕਹਿੰਦੇ ਹਨ ਪਰਚਾਰਦੇ ਹਨ ਇਹਨਾਂ ਨੂੰ ਸਖ਼ਤੀ ਨਾਲ ਸਮਝਾ ਦਿਓ ਕਿ ਜੇ ਕਿਸੇ ਨੂੰ ਖ਼ਤਰਾ ਹੈ ਤਾਂ ਸਮੁਚੇ ਮੁਲਕ ਦੀ ਹੋਂਦ ਨੂੰ, ਤੇ ਇਹ ਮੁਲਕ- ਤੁਸੀਂ, ਮੈਂ, ਉਹ, ਹਿੰਦੂ, ਸਿੱਖ, ਮੁਸਲਮਾਨ, ਬੋਧੀ, ਜੈਨੀ, ਈਸਾਈ ਤੇ ਸਭ ਸਿਆਸੀ ਪਾਰਟੀਆਂ ਹਾਂ- ਆਪਣੇ ਆਪਣੇ ਝਗੜੇ ਇਕ ਟੱਬਰ ਵਾਂਗ ਰਲ ਬੈਠ ਨਬੇੜ ਲਈਏ, ਮਤਭੇਦ ਦੂਰ ਕਰ ਦੇਈਏ, ਸੁਚੇਤ ਹੋ ਜਾਈਏ, ਖਬਰਦਾਰ ਰਹੀਏ ਆਪਣੀ ਹੋਂਦ ਨੂੰ ਪਕੇਰਿਆਂ ਕਰਨ ਲਈ, ਨਹੀਂ ਤਾਂ ਫੇਰ ਬਹੁਤ ਦੇਰ ਹੋ ਚੁੱਕੀ ਹੋਵੇਗੀ।

**ਸਤੰਬਰ 1983**

ਅਖਬਾਰਾਂ— 'ਭਿੰਡਰਾਂਵਾਲਾ'
ਰਸਾਲੇ – 'ਭਿੰਡਰਾਂਵਾਲਾ'
ਸਿਆਸਤ – 'ਭਿੰਡਰਾਂਵਾਲਾ'
ਆਮ ਆਪਸੀ ਗਲ ਬਾਤ -- 'ਭਿੰਡਰਾਂਵਾਲਾ'

ਫ਼ਲਾਂ ਲੇਖਕ... ਅਖਬਾਰਾਂ ਦੇ ਸੰਪਾਦਕ... ਪਤਰ ਪ੍ਰੇਰਕ ... ਸਿਆਸੀ ਲੀਡਰ... ਕਾਨੂੰਨ ਦੇ ਰਾਖੇ ਸਰਕਾਰੀ ਅਧਿਕਾਰੀ ... ਦੂਸਰੇ ਧਰਮਾਂ ਦੇ ਵਿਸ਼ਵਾਸੀ—'ਸਭ ਮਿਲਕੇ ਸਿਖ ਧਰਮ ਦੇ ਖਿਲਾਫ਼ ਇਕ ਸਾਜ਼ਸ਼'?

ਇਕ ਵੇਰਾਂ ਇਕ ਕਟੜ ਪੰਥੀ ਦੀਵਾਨਿਆਂ ਹਾਰ ਹਥਿਆਰ ਚੁਕੀ ਆਪੇ 'ਆਪਣੇ ਧਰਮ' ਦਾ ਰਾਖਾ ਬਣ ਹਰ 'ਦੂਸਰੇ' ਨੂੰ ਵੱਢੀ ਜਾਵੇ ਟੁਕੀ ਜਾਵੇ ਕਿ 'ਮੇਰਾ ਰੱਬ' ਬਹੁਤ ਖੁਸ਼ ਹੋਵੇਗਾ 'ਮੇਰੇ ' ਏਸ ਕਰਮ 'ਤੇ।

ਤੇ ਅਖੀਰ ਉਹ ਦਿਨ ਆਇਆ— ਰੱਬ ਉਹਦਾ ਸਾਹਮਣਿਓਂ ਤੁਰਿਆ ਆਵੇ। ਤੇ ਇਹ ਖੁਸ਼ੀਆਂ ਭਰਿਆ ਛਾਤੀ ਚੌੜੀ ਕਰੀ, ਇਹ ਸੋਚ ਕਿ ਰੱਬ 'ਮੈਨੂੰ' ਧਾਹ ਗਲਵਕੜੀ ਪਾਵੇਗਾ, ਰੱਬ ਵਲ ਨਠ ਤੁਰਿਆ। ਰੱਬ ਨੇ ਰਤਾ ਵੀ ਨਾ ਗੌਲਿਆ, ਸਗੋਂ ਮੂੰਹ ਮੋੜ ਲਿਆ। ਘੋਰ ਨਿਰਾਸ਼ਾ। ਰੱਬ ਦੇ ਮਗਰ ਦੌੜਿਆ, ਚਰਨੀਂ ਜਾਂ ਡਿਗਾ, ਪੁਛਣ ਲਈ ਕਿ ਕੀ ਕੁਤਾਹੀ ਹੋਈ ਹੈ। ਰੱਬ ਜਵਾਬ ਦਿਤਾ, 'ਉਹ ਜਿਹੜੇ ਬੰਦੇ ਤੂੰ ਵੱਢੀ ਟੁੱਕੀ ਆਇਐਂ ਉਹ ਮੇਰੇ ਬਣਾਏ ਹੀ ਤਾਂ ਸਨ, ਤੇ ਨਾਲੇ ਮੈਂ ਤੇਰਾ ਰਾਖਾ ਸੀ, ਤੂੰ ਮੇਰਾ ਰਾਖਾ ਕਦ ਤੋਂ ਬਣ ਗਿਆ?'

# ਫ਼ਰਵਰੀ ਦੇ ਬਸੰਤੀ ਮਹੀਨੇ ਲਈ - ਨੈੱਟ ਉੱਤੇ ਦਿਸੇ ਅਜੀਬ, ਨਵੇਂ ਤੱਥ! ਪੂਨਮ ਸਿੰਘ

ਉਤੇ ਆਉਣ ਦੀ ਇੱਛਾ ਰੱਖਣ ਵਾਲਿਆਂ ਨੂੰ ਨਵਾਂ ਬਨਣ ਵਾਲਾ ਜੋੜਾ ਮਹਿਮਾਨ ਬਨਣ ਲਈ ਟਿਕਟਾਂ ਵੇਚਦਾ ਹੈ! ਮਹਿਮਾਨਾਂ ਲਈ ਵਿਓਂਤੇ ਕੱਪੜੇ ਦੇ ਰੰਗ/ ਡਿਜ਼ਾਈਨ ਪਹਿਲੋਂ ਦੱਸ ਦਿੱਤੇ ਜਾਂਦੇ ਹਨ। ਇਸ ਨਾਲ ਵਿਆਹ ਕਰ ਰਹੇ ਜੋੜੇ ਦਾ ਕੁਝ ਖਰਚਾ ਨਿੱਕਲ ਜਾਂਦਾ ਹੈ। ਇਹ, ਫ਼ਰਾਂਸ ਦੀ ਇਕ ਏਜੰਸੀ ਦਾ, ਨਵਾਂ ਸ਼ੁਰੂ ਕੀਤਾ ਕਾਰੋਬਾਰ ਹੈ! ਇਹ ਕਾਰੋਬਾਰ ਹੋਰ ਬਾਹਰਲੇ ਦੇਸ਼ਾਂ ਵਿਚ ਵੀ ਵਧ ਰਿਹਾ ਹੈ।

ਅਤੇ ਏਧਰ ਕਿਸੇ ਨੇ ਅੱਖੀਂ ਵੇਖਿਆ ਦੱਸਿਆ ਕਿ - ਪਿੱਛੇ ਜਿਹੇ, ਇੱਕ ਬਹੁਤੇ ਹੀ ਅਮੀਰ ਯੁਕਰੇਨੀ ਅਧਖੜ ਕਾਫ਼ੀ ਹੌਲੀ ਉਮਰ ਦੀ ਯੁਕਰੇਨੀ ਕੁੜੀ ਨਾਲ ਵਿਆਹ ਕਰਨ ਲੱਗਾ ਤਾਂ ਦੁਲਹਨ ਨੇ ਭਾਰਤੀ ਫ਼ਿਲਮਾਂ ਵਿਚ ਵੇਖੀਆਂ ਰਸਮਾਂ ਨਾਲ ਵਿਆਹ ਕਰਨਾ ਮੰਗਿਆ- ਸੋ ਜੋਧਪੁਰ ਦੇ ਮਹਿੰਗੇ ਹੋਟਲ ਵਿਚ ਵਿਆਹ ਹੋਇਆ। ਯਾਨੀ ਸੰਸਕ੍ਰਿਤ ਦੇ ਮੰਤਰਾਂ ਵਾਲਾ, ਲਹਿੰਗਿਆਂ ਸਾੜ੍ਹੀਆਂ ਵਾਲਾ! ਇਸ ਵਿਆਹ ਲਈ ਮਹਿਮਾਨ ਤਾਂ ਲਾਜ਼ਮੀ ਸਨ - ਜੋ 5-7 ਹੀ ਅਸਲੀ ਸਨ, ਬਾਕੀ ਰਿਸ਼ਤੇਦਾਰ ਅਤੇ ਮਿੱਤਰ ਕਿਰਾਏ ’ਤੇ ਮਿਲ ਜਾਂਦੇ ਹਨ। ਇਹ ਅਖ਼ਬਾਰਾਂ ਵਿਚ ਸੁਰਖੀ ਬਣ ਗਈ ਸੀ।

ਅਮਰੀਕਾ ਵਿਚ ਹੁਣ ਕੋਲੋਰੈਡੋ ਜਿਹੇ 20 ਸੂਬਿਆਂ ਵਿਚ ਤੁਹਾਡਾ ਪਾਲਤੂ ਜਾਨਵਰ, ਕੁੱਤਾ ਆਦਿ, ਤੁਹਾਡੇ ਵਿਆਹ ਦਾ ਕਨੂੰਨੀ ਗਵਾਹ ਬਣ ਸਕਦਾ ਹੈ- ਪੰਜੇ ਨਾਲ ਕਾਗ਼ਜ਼ ਪੱਤਰ ਉੱਤੇ ਆਪਣੀ ਗਵਾਹੀ ਦੀ ਮੁਹਰ ਲਾਉਂਦਾ! ਅਕਸਰ ਬਾਕੀ ਕਨੂੰਨੀ ਸ਼ਰਤਾਂ ਤਾਂ ਪੂਰੀਆਂ ਹੁੰਦੀਆਂ ਹੀ ਹਨ।

ਅਫ਼ਸੋਸ ਨਾ ਕਰੋ ਕਿ ਕਿਉਂ ਤੁਸੀਂ ਗਲਤ ਲੋਕਾਂ ਨੂੰ ਪਿਆਰ ਦਿੱਤਾ। ਇਹ ਨਹੀਂ ਪਤਾ ਲੱਗਾ ਕਿ ਉਹ ਕਿੰਨੇ ਜੋਗੇ ਹਨ- ਇਹ ਤਾਂ ਤੁਹਾਡੀ ਫ਼ਿਰਾਖ਼ਦਿਲੀ ਹੈ ਜੋ ਜ਼ਾਹਿਰ ਹੋਈ ਹੈ। ਇਸ ਉੱਤੇ ਮਾਣ ਕਰੋ ਕਿ ਤੁਸੀਂ ਕਿੰਨਾ ਡੂੰਘਾ ਪਿਆਰ ਕੀਤਾ ਸੀ।

ਰਾਜਸਥਾਨ ਦਾ ਗਰਾਸੀਆ ਕਬੀਲਾ ਹਮੇਸ਼ਾ ਤੋਂ ‘ਲਿਵ-ਇਨ’ ਰਿਸ਼ਤੇ ਰੱਖਦਾ ਆਇਆ ਹੈ। ਇਸ ਨੂੰ ਅਕਸਰ (ਦਾਪਾ ਜਾਂ ਨਾਤ੍ਰ ਪ੍ਰਥਾ ਸੱਦਿਆ ਜਾਂਦਾ ਹੈ)। ਸਮਾਜਕ ਤੌਰ ’ਤੇ ਕਬੂਲ ਹੈ ਇਹ- ਆਮ ਹੀ ਜੋੜਿਆਂ ਦੇ ਬੱਚੇ ਪਹਿਲਾਂ ਹੁੰਦੇ ਹਨ ਅਤੇ ਬਾਅਦ ਵਿਚ ਉਹ ਵਿਆਹ ਕਰਦੇ ਹਨ। ਭਾਵੇਂ ਸਾਰੀ ਉਮਰ ਵਿਆਹ ਨਾ ਕਰਨ। ਮੁਟਿਆਰਾਂ ਨੂੰ ਆਪਣੇ ਸਾਥੀ ਚੁਨਣ ਦੀ ਅਜ਼ਾਦੀ ਹੈ ਅਤੇ ਇਹ ਚੋਣ ਅਕਸਰ ਸਲਾਨਾ ‘ਗੌੜ’ ਮੇਲੇ ਵਿਚ ਕੀਤੀ ਜਾਂਦੀ ਹੈ, ਜਦੋਂ ਜੋੜਾ ਭੱਜ ਸਕਦਾ ਹੈ। ਜੇ ਨਾਰੀ ਸਾਥੀ ਬਦਲਣਾ ਚਾਹੇ ਤਾਂ ਬਦਲ ਸਕਦੀ ਹੈ, ਪਰ ਪਹਿਲੇ ਸਾਥੀ ਨੂੰ ਇਵਜ਼ਾਨਾ ਦੇਣਾ ਪੈਂਦਾ ਹੈ। ਨਾਰੀ ਦੀ ਥਾਂ ਇਸ ਕਬੀਲੇ ਵਿਚ ਵੱਧ ਉੱਚੀ ਹੈ ਸੋ ਵਿਆਹ ਕਰਨ ਲਈ ਮੁੰਡੇ ਨੂੰ ਸਹਿਮਤੀ ਵਾਲੀ ਰਕਮ ਦੇਣੀ ਪੈਂਦੀ ਹੈ। ਇਹ ਕਬੀਲਾ ਦੱਖਣੀ ਰਾਜਸਥਾਨ ਦੇ ਜੰਗਲੀ ਇਲਾਕੇ ਵਿਚ ਅਤੇ ਗੁਜਰਾਤ ਦੇ ਕੁਝ ਹਿੱਸਿਆਂ ਵਿਚ ਵਸਦਾ ਹੈ। ਇਸ ਕਬੀਲੇ ਕੋਲ ਜ਼ਮੀਨ ਕਾਫ਼ੀ ਹੁੰਦੀ ਹੈਜਿਸ ਉੱਤੇ ਇਹ ਖੇਤੀ ਕਰਦੇ ਹਨ, ਭਾਵੇਂ ਪਾਣੀ ਸਿਰਫ਼ ਮੀਂਹ ਦਾ ਉਡੀਕਦੇ ਹਨ।

ਸਿਰਫ਼ 10 ਸਕਿੰਟ ਰੋਜ਼ ਕੁਝ ਗੁਣਗੁਣਾਉਣ ਨਾਲ ਦਿਮਾਗ਼ ਅਤੇ ਸਰੀਰ ਉੱਤੇ ਏਨੇ ਚੰਗੇ ਅਸਰ ਪੈਂਦੇ ਵੇਖੇ ਗਏ ਕਿ ਬਿਮਾਰੀਆਂ ਤੱਕ ਦੂਰ ਰਹਿ ਸਕਦੀਆਂ ਹਨ।

ਨਿਊਰੋਸਾਇੰਸ ਦੀ 2025 ਅਖੀਰ ਵਿਚ ਸਾਹਮਣੇ ਆਈ ਖੋਜ ਕਹਿੰਦੀ ਹੈ ਕਿ 32 ਸਾਲ ਦੀ ਉਮਰ ਤੱਕ ਇਨਸਾਨ ਅੱਲ੍ਹੜ ਹੀ ਹੁੰਦੇ ਹਨ, ਪਰਪੱਕ ਨਹੀਂ।

ਅਫ਼ਰੀਕਾ ਵਿਚ ਨਾਈਜਰ ਅਤੇ ਚਾਦ ਦੇ ਵੋਡਾਬੇ ਕਬੀਲੇ ਦੇ ਮਰਦ ਬਾਰਿਸ਼ਾਂ ਤੋਂ ਬਾਅਦ ਆਉਂਦੇ ਗੇਰੇਵੋਲ ਮੇਲੇ ਵਿਚ ਵਾਹਵਾ ਮੂੰਹ-ਸਿਰ ਰੰਗ ਅਤੇ ਵੇਸ ਧਾਰ ਨੱਚਦੇ ਹਨ ਤਾਂ ਜੋ ਆਪਣਾ ਫ਼ੈਸਲਾ ਕਰਨ ਲਈ ਖਲੋਤੀਆਂ ਕਬੀਲੇ ਦੀਆਂ ਮੁਟਿਆਰਾਂ ਵਿੱਚੋਂ ਕੋਈ ਮੋਹੀ ਜਾਏ।

ਅਫ਼ਰੀਕਾ ਦੇ ਮਾਲੀ ਦੇਸ਼ ਵਿਚ ਜਦੋਂ ਕੋਈ ਮਰਦ ਮਰ ਜਾਂਦਾ ਹੈ ਤਾਂ ਉਹ ਸਾਰੀਆਂ ਨਾਰਾਂ ਜੋ ਉਸ ਦਾ ਸਾਥ ਮਾਣਦੀਆਂ ਰਹੀਆਂ ਹਨ, ਉਨ੍ਹਾਂ ਸ਼ਰੇਆਮ ਉਸਦੇ ਕਫ਼ਨ ਦੇ ਦੁਆਲੇ ਚਿੱਟੇ ਕੱਪੜਿਆਂ ਵਿਚ ਕਾਮੁਕ ਤਰੀਕੇ ਨਾਲ ਨੱਚਣਾ ਹੁੰਦਾ ਹੈ- ‘ਉਸਦੀ ਰੂਹ ਤੋਂ ਆਪਣੇ ਆਪ ਨੂੰ ਅਜ਼ਾਦ ਕਰਨ ਦੇ ਲਈ’!

ਨਾਰੀ ਦੀ ਅਵਾਜ਼ ਮਰਦ ਦੇ ਦਿਲ ਦੀ ਗਤੀ ਘਟਾਉਂਦੀ ਹੈ, ਘਬਰਾਹਟ ਘਟਾਉਂਦੀ ਹੈ।

ਆਪਣੇ ਵਿਆਹ ਵਾਲੇ ਦਿਨ 11 ਯਤੀਮ ਬੱਚੇ ਅਪਣਾਏ- ਉਨ੍ਹਾਂ ਦੀ ਜ਼ਿੰਮੇਵਾਰੀ ਲਈ- ਯੂਪੀ ਦੇ ਇਕ ਯਾਦਵ ਜੋੜੇ ਨੇ।
ਸਿਰਜਣਾ ਦਾ ਅਸਲੀ ਪਲ ਫੜ ਲਿਆ ਗਿਆ ਹੈ! ਵਿਗਿਆਨੀਆਂ ਨੂੰ ਇਕ ਲਹਿਰ ਜਿਹੀ ਵਾਂਗ ਦਿਸਿਆ ਹੈ- ਵੀਰਜ ਅਤੇ ਅੰਡੇ ਦੇ ਮੇਲ ਤੋਂ ਬਾਅਦ।

ਅਤੇ - ਵਨਸਪਤੀ-ਜਾਨਵਰ?

ਹਰ ਚੀਜ਼ ਗਾ ਰਹੀ ਹੈ- ਸੁਨਣ ਵਾਲੇ ਕੰਨ ਚਾਹੀਦੇ ਹਨ। ਖੁੰਬਾਂ ਦਾ ਗੀਤ ਸੁਣਾਇਆ ਗਿਆ ਹੈ, ਨੈੱਟ ਉੱਤੇ। (ਬਾਇਓ-ਇਲੈਕਟਰਿਕ ਸੰਗੀਤ!

ਬੋਨਬੋ ਮਾਦਾਵਾਂ ਰਲ ਕੇ ਡਟ ਜਾਂਦੀਆਂ ਹਨ ਨਰ ਕਿਸੇ ਬੋਨੋਬੋ ਅੱਗੇ, ਜੇ ਉਹ ਧੱਕੜ ਹੋ ਕੇ ਪੇਸ਼ ਆ ਰਿਹਾ ਹੋਏ। ਅਫ਼ਰੀਕਾ ਦੇ ਇਹ ਬੌਣੇ ਚਿੰਪੈਂਜ਼ੀ ਇਨਸਾਨ ਦੇ ਸਭ ਤੋਂ ਨੇੜੇ ਦੇ ਰਿਸ਼ਤੇਦਾਰ ਦੱਸੇ ਜਾਂਦੇ ਹਨ- 99% ਡੀਐੱਨਏ ਦੀ ਸਾਂਝ ਹੈ, ਦਿਮਾਗ਼ ਇਨਸਾਨ ਨਾਲੋਂ ਛੋਟਾ, ਨਰ ਮਾਦਾ ਵਿਚ ਲਿੰਗਕ ਘੱਟ ਫ਼ਰਕ ਕਰਦੇ ਹਨ। ਸਮਾਜਕ ਅਤੇ ਦਿਆਲੂ ਹੁੰਦੇ ਹਨ। ਘੱਟ ਹਮਲਾਵਰ, ਬਹੁਤ ਹੀ ਮਾਤਾਮੁਖੀ ਹੁੰਦੇ ਹਨ। ਝਗੜਿਆਂ-ਸਮਾਜਕਤਾ ਦੇ ਫ਼ੈਸਲੇ ਲਿੰਗਕਤਾ ਰਾਹੀਂ ਕਰ ਲਏ ਜਾਂਦੇ ਹਨ, ਚਿੰਪੈਂਜ਼ੀਆਂ ਨਾਲੋਂ ਜੋ ਕਿ ਬਹੁਤੇ ਹਿੰਸਕ ਅਤੇ ਪਿਤਾਸ਼ਾਹੀਵਾਲੇ ਹੁੰਦੇ ਹਨ। ਤਿੰਨਾਂ ਦਾ ਸਾਂਝਾ ਪੁਰਖਾ 60-70 ਲੱਖ ਸਾਲ ਪਹਿਲਾਂ ਸਾਂਝਾ ਹੀ ਸੀ।

ਤਬਾਹੀ ਹੀ ਹੈ! ਇੰਡੋਨੇਸ਼ੀਆ ਵਿਚ ਲੱਭਦਾ ਕੋਮੋਡੋ ਡਰੈਗਨ (2 ਤੋਂ 3 ਮੀਟਰ ਲੰਬਾ), ਧਰਤੀ ਦਾ ਸਭ ਤੋਂ ਵੱਡਾ ਕਿਰਲਾ, ਆਪਣੇ ਆਪ ਨੂੰ ਗਰਭ ਕਰ ਸਕਦਾ ਹੈ! (20 ਕਿਲੋਮੀਟਰ ਫ਼ੀ ਘੰਟਾ ਦੌੜ ਸਕਦਾ ਹੈ; ਸਬੂਤਾ ਬੱਕਰਾ, ਜੰਗਲੀ ਸੂਅਰ ਵਗੈਰਾ ਜਿਊਂਦਾ ਹੀ ਹੜੱਪ ਲੈਂਦਾ ਹੈ! ਮੱਝ ਵੀ 20 ਦਿਨ ਘੜੀਸੀ ਫਿਰਦਾ ਵੇਖਿਆ ਗਿਆ।)

ਚੂਹਿਆਂ ਨੂੰ ਕਮਾਲ ਦੀ ਦੁਨੀਆ ਦਿੱਤੀ ਗਈ - ਪਰ ਹੌਲੀ ਹੌਲੀ ਸਾਰੀ ਚੂਹਾ-ਬਸਤੀ ਖਤਮ ਹੀ ਹੋ ਗਈ- ਕਿਉਂਕਿ ਜਿਊਣਯੋਗ ਮਕਸਦ ਕੋਈ ਨਾ ਰਿਹਾ। 315 ਦਿਨਾਂ ਵਿਚ। ਕੋਈ, ਬੱਚੇ ਵੀ ਨਹੀਂ ਸੀ ਜੰਮਣਾ ਚਾਹੁੰਦਾ!

THE OLDEST
LITERARY
PUNJABI MAGAZINE
IN THE WORLD


ਅੰਕ # 2
ਕੁਲ ਅੰਕ 939
ਫ਼ਰਵਰੀ 2026
ਸਾਲ 93ਵਾਂ



ਬਾਨੀ
ਗੁਰਬਖ਼ਸ਼ ਸਿੰਘ,
ਨਵਤੇਜ ਸਿੰਘ

ਬਾਨੀ ਪ੍ਰਧਾਨ
ਪ੍ਰੀਤਲੜੀ ਟ੍ਰਸਟ
ਪੀ.ਐਚ.ਵੈਸ਼ਨਵ


ਪ੍ਰੀਤ ਲੜੀ ਨੌਜਵਾਨ ਸੰਪਾਦਕ ਸੁਮੀਤ ਸਿੰਘ ਦੀ ਯਾਦ ਵਿਚ ਅਤੇ ਸ੍ਰੀ ਪੀ ਐੱਚ ਵੈਸ਼ਨਵ (IAS) ਮਰਹੂਮ ਦੇ ਅਨੂਠੇ ਉਤਸ਼ਾਹ ਦੇਣ ਸਦਕਾ ਜ਼ਿੰਦਾ ਹੈ।


ਸੰਪਾਦਕਾ
ਪੂਨਮ ਸਿੰਘ
ਸੰਚਾਲਕ
ਰੱਤੀ ਕੰਤ ਸਿੰਘ
Art Direction/
Design
ਸਮੀਆ ਸਿੰਘ
ਰਚਨਾਤਮਕ ਸਹਿਯੋਗ
ਰਤਿਕਾ ਸਿੰਘ



ਛਾਪਕ-ਪ੍ਰਕਾਸ਼ਕ ਰੱਤੀ ਕੰਤ ਸਿੰਘ ਨੇ ਪ੍ਰੀਤ ਲੜੀ ਟ੍ਰਸਟ ਲਈ ਪ੍ਰਿੰਟਵੈਲ, 146 ਫ਼ੋਕਲ ਪੌਇੰਟ ਅਮ੍ਰਿਤਸਰ ਤੋਂ ਛਪਵਾਅ ਪ੍ਰੀਤਨਗਰ ਜ਼ਿਲ੍ਹਾ ਅਮ੍ਰਿਤਸਰ ਤੋਂ ਪ੍ਰਕਾਸ਼ਤ ਕੀਤਾ।


PREET LARI IS AN INDEPENDENT, NON-PROFIT PUBLICATION. WE RELY ON THE SUPPORT OF OUR READERS AND PATRONS. TO ENQUIRE ABOUT WAYS YOU CAN COLLABORATE AND SUPPORT PREET LARI, PLEASE CONTACT PREETLARHI@GMAIL.COM

| | |
|---|---|
| ₹ 50 | ਮੁੱਲ |
| ₹ 600 | ਸਾਲਾਨਾ ਚੰਦਾ |
| ₹ 25,000 | ਜੀਵਨ ਸਾਥ (ਭਾਰਤ) |
| ₹ 4,000 | ਵਿਦੇਸ਼ ਸਲਾਨਾ |
| ₹ 8,000 | ਵਿਦੇਸ਼ ਸੰਸਥਾਵਾਂ ਸਲਾਨਾ |

https://preetlari.in
Preet Lari's Blog

@preetlarimagazine on Instagram

facebook.com/groups/preetlari magazine

email: preetlarhi@gmail.com

youtube: @preetlaripreetnagar


PUBLISHED BY:
PREET LARI TRUST
PREET NAGAR,
DISTT. AMRITSAR
PUNJAB 143 109


**FOR BANK TRANSFER,**
**OUR BANK ACCOUNT :**
"Preet Lari Trust";
PNB (134810)
6379002100000349
IFSC: PUNB0134810
SWIFT: PUNBINBBAHB
*FOR UPI/GOOGLEPAY*
*9876263725*


CONTACT:
PREET LARI,
VILLAGE PREET NAGAR
(DISTT AMRITSAR ) PUNJAB,
INDIA 143 109

2. PREET LARI,
81, 10 A,
CHANDIGARH 160 011

PUBLISHER
+91 98762 63725

EDITOR
+9173476 42206


"ਸਰਬੱਤ ਦਾ ਭਲਾ ਚੈਰੀਟੇਬਲ ਟ੍ਰੱਸਟ ਦੁਆਰਾ ਮਿਲੇ ਵਿਤੀ ਸਹਿਯੋਗ ਸਦਕਾ ਪ੍ਰੀਤ ਲੜੀ ਰਸਾਲਾ ਸਾਹਿਤਕ ਜਗਤ ਵਿੱਚ ਹੋਰ ਬੁਲੰਦੀਆਂ ਛੂਹੇਗਾ ਅਤੇ ਸ. ਗੁਰਬਖਸ਼ ਸਿੰਘ ਪ੍ਰੀਤ ਲੜੀ ਜੀ ਦੇ ਸਮੇਂ ਵਾਲੀ ਮਹਿਕ ਨਾਲ ਸਾਹਿਤਕ ਜਗਤ ਮੁੜ ਮਹਿਕ ਉਠੇਗਾ। ਇਹ ਸਾਡਾ ਭਰੋਸਾ ਵੀ ਹੈ ਅਤੇ ਦਾਅਵਾ ਵੀ ।"



ਸੰਪਾਦਕਾ, ਪ੍ਰੀਤ ਲੜੀ

| | |
|---|---|
| ਸ | ਸੰਪਾਦਕੀ |
| ਭ | ਭਖਦਾ |
| ਕਿ | ਕਵਿਤਾ |
| ਨਾ | ਨਾਟਕ |
| ਕ | ਕਹਾਣੀ |
| ਯ | ਯਾਦ |
| ਜ | ਜਾਣਕਾਰੀ |
| ਹ | ਹਾਸ ਰਸ |
| ਦ | ਦਾਰ ਜੀ ਨੂੰ ਯਾਦ ਕਰਦਿਆਂ |
| ਨ | ਨਵੀਂ ਕਿਤਾਬ |
| ਲ | ਲੜੀਵਾਰ |
| ਮੁ | ਮੁਲਾਕਾਤ |
| ਬ | ਬਾਲਾਂ ਲਈ |
| ਹੁੰ | ਹੁੰਗਾਰੇ |
| E | English Matter |

ਮੁੱਖ ਸਫ਼ਾ: ਬਹਾਰ — ਯਾਨੀ ਨਵੀਆਂ ਸ਼ੁਰੂਆਤਾਂ
ਤਸਵੀਰ ਖਿੱਚੀ: ਕਿਸਮਤ ਜਿਊਲ ਨਕਾਈ


03 ਸ ਫ਼ਰਵਰੀ ਦੇ ਬਸੰਤੀ ਮਹੀਨੇ ਲਈ-ਨੈੱਟ .....ਨਵੇਂ ਤੱਥ! ਪੂਨਮ ਸਿੰਘ
06 ਕਿ ਲੋਹੜੀ — ਮਦਨ ਵੀਰਾ
32 ਦ ਜ਼ਿੰਦਗੀ, ਕਲਾ ਦਾ ਇੱਕ ਟੁੱਕੜਾ — ਗੁਰਬਖ਼ਸ਼ ਸਿੰਘ
35 ਕਿ ਸੰਮਨ-ਬੁਰਜ ਦੇ ਨਾਂ (22, 34 ਵੀ ਦੇਖੋ) — ਰਾਜਾ ਸਾਦਿਕੁੱਲਾ

07 ਕ ਸ਼ੀਸ਼ਾ — ਹਾਰੁਕੀ ਮੁਰਾਕਾਮੀ (ਜਾਪਾਨ)
11 ਕ ਛੂਈ-ਮੂਈ — ਸੁਸ਼ਾਂਤ ਸੁਪ੍ਰਿਅ
14 ਕ ਕਲਯੁਗ — ਸੰਤੋਖ ਸਿੰਘ ਧੀਰ
18 ਕ ਹੜ੍ਹ — ਮੋਹਨ ਲਾਲ ਫ਼ਿਲੌਰੀਆ
19 ਕ ਮੈਹਲੇ ਮਾਜਰਾ — ਅਵਤਾਰ ਐੱਸ ਸੰਘਾ, ਅਸਟ੍ਰੇਲੀਆ

17 ਕਿ ਗ਼ਜ਼ਲ — ਬਲਵਿੰਦਰ ਬਾਲਮ, ਗੁਰਦਾਸਪੁਰ
17 ਕਿ ਫ਼ਰਵਰੀ — ਵਿਨੋਦ ਵਿੱਠਲ, ਜੋਧਪੁਰ
21 ਕਿ ਇਹ ਸਿਰਫ਼ ਰੋਟੀ ਨਹੀਂ — ਸੁਖਪ੍ਰੀਤ ਕੌਰ, ਅਸਟ੍ਰੇਲੀਆ
24 ਕਿ ਕੇ ਡੀ ਸਿੰਘ ਬਾਬੂ (ਹਾਕੀ) — ਇਕਬਾਲ ਸਿੰਘ ਸਰੋਆ

16 ਯ 40 ਸਾਲ ਪਹਿਲਾਂ ਪੰਜਾਬ ਆਇਆ ਤਾਂ.. — ਸੁਰਜੀਤ ਸਿੰਘ ਵਿਰਕ
24 ਜ ਚਾਈਨਾ ਡੋਰ ਬਾਰੇ — ਡਾ.ਅਮਿਤ ਸੰਦਲ
29 ਯ ਉਹ ਸਾਰੇ ਬਾਈਕਰ ਤੇ ਉਹ ਮੁੰਡਾ — (ਵਿਰਕ)
30 ਜ ਦਲਿਤ ਉੱਥਾਨ ਅਤੇ ਬਾਣੀ ਗੁਰੂ ਰਵਿਦਾਸ ਜੀਓ ਕੀ — ਮੋਹਨ ਲਾਲ ਫ਼ਿਲੌਰੀਆ, ਐਡਵੋਕੇਟ
35 ਹੁੰ ਧੰਨਵਾਦ ਪ੍ਰੀਤ ਲੜੀ ! — ਜਸ਼ਨ
38 ਹ ਗੱਦਾਰ ਕਿ ਦੇਸ਼ ਭਗਤ — ਜੋਗੇ ਭੰਗਲ
40 ਹ ਪਿਆਰ ਵਿੱਚ ਪਾਸਵਰਡ ਦੀ ਮੰਗ — ਰੁਪਿੰਦਰ ਸਿੰਘ ਢੀਂਡਸਾ

*25-28 ਨਿੱਕਿਆਂ ਦੀ ਨੁੱਕਰ*

22 ਲ ਯੂ-ਟਿਊਬ: 21ਵੀਂ ਸਦੀ ਦਾ ਨਵਾਂ ਕਰੀਅਰ-ਰਾਹ — ਵਿਜੇ ਗਰਗ
23 ਲ ਰੌਸ਼ਨ ਅੱਖਰ — ਡਾ. ਨਵਦੀਪ ਕੌਰ
37 ਲ ਉਹ ਜਿਊਂਦੀ ਏ -30 ਅੰਗ੍ਰੇਜ਼ੀ ਕਿਤਾਬ (2018) (ਇਮਰੋਜ਼ ਨਾਲ ਅੰਮ੍ਰਿਤਾ, ਪਿਆਰ ਬਾਰੇ ਗੱਲਾਂ) — ਡਾ. ਉਮਾ ਤ੍ਰਿਲੋਕ
36 ਲ ਰੇਡੀਓ ਦੀਆਂ ਯਾਦਾਂ -24 — ਦੇਵਿੰਦਰ ਮਹਿੰਦਰੂ
41 ਲ ਆਰਗੈਨਿਕ ਫੂਡ ਦੇ ਨਾਮ 'ਤੇ ਚੱਲਦਾ ਗੋਰਖ ਧੰਦਾ — ਬ੍ਰਿਗੇਡੀਅਰ ਚਾਂਦਪੁਰੀ ਬਲਰਾਜ ਸਿੰਘ ਸਿੱਧੂ ਏਡੀਜੀ (ਰਿਟ.)
44 ਲ ਪੂਰਕ ਸੁਆਦ ਸੋਫ਼ੀ ਦਾ ਸੰਸਾਰ — ਯੌਸਤੀਨ ਗਾਰਦਰ

47 E Forest Bathing- Really Beneficial — *Ephrat Livni*
49 E Fragrance of Seven Colours (Raja Sadiqulla) — Review by Harris Khalique, Dawn




ਗੁਰਬਖ਼ਸ਼ ਸਿੰਘ, ਨਵਤੇਜ ਸਿੰਘ


ਸਵ: ਪ੍ਰੀਤਮ ਸਿੰਘ ਕਵੀ ਦੀ ਸੁਪਤਨੀ ਗੁਰਬਚਨ ਕੌਰ ਜੀ ਆਪਣੇ ਬੱਚਿਆਂ ਵਿਚ ਲੰਮੀ ਅਤੇ ਚੜ੍ਹਦੀ ਕਲਾ ਵਾਲੀ ਜ਼ਿੰਦਗੀ ਭੋਗ ਕੇ ਚਲਾਣਾ ਕਰ ਗਏ ਹਨ। ਪਰਿਵਾਰ ਅਤੇ ਮਿੱਤਰਾਂ ਨਾਲ ਦੁੱਖ ਸਾਂਝਾ ਕਰਦੇ ਹਾਂ - ਪ੍ਰੀਤ ਲੜੀ

# ਲੋਹੜੀ

ਮਦਨ ਵੀਰਾ

ਕੋਹਲੂ ਗੇੜ 'ਚ ਖਪਦਾ ਘੁੰਮਦਾ
ਖੋਪੇ ਲੱਗਾ ਬਲਦ ਨਗੌਰੀ
ਪੈਰਾਂ ਦੀ ਘੁੰਮਣਘੇਰੀ 'ਚੋਂ
ਨਾਬਰ ਹੋ ਜਦ ਵਾਹਰਾ ਹੋ ਕੇ
ਚਾਰੇ ਖੁਰ ਚੱਕ ਸਿੱਧਾ ਹੋਇਆ
ਪੁੱਠੀ ਗਿਣਤੀ ਦਾ ਮੁੱਢ ਬੱਝਣਾ
ਔੜਾਂ ਝੰਬੀ ਲੋਆਂ ਝੁਲਸੀ
ਇਸ ਧਰਤੀ 'ਤੇ
ਮੇਘਾ ਲਹਿਣਾ-ਬੱਦਲਾਂ ਗੱਜਣਾ
ਧਰਤੀ ਡੋਲੂ-ਧੌਲਰ ਕੰਬਣੇ
ਜਿਸ ਪਲ ਇੱਟ, ਇੱਟ ਨਾਲ ਖੜਕੀ
ਗੀਟਾ-ਗੀਟਾ ਹੋਣ ਕਿੰਗਰੇ
'ਰੋਪੜ ਵਾਲੇ' ਤਾਲੇ ਟੁੱਟਣੇ
ਫੇਰ ਪਰਿੰਦਿਆਂ ਸੂਰਜ ਤੱਕਣਾ
ਖੁੱਲ੍ਹ ਜਾਣੇ ਸਭ ਜਿੰਦਰੇ
ਮਾਂ ਧਰਤੀ ਦੇ ਲਾਡਲਿਆਂ ਨੇ
ਲੋਹੇ-ਲਾਖੇ ਹੋ ਕੇ ਜਦ ਫੇਰ
ਪਰ੍ਹਿਆਂ ਵਿੱਚ ਖਲ੍ਹਾਰ ਕੇ ਪੁੱਛਣਾ
ਆਪਣੀ ਭੁੱਖ ਤੇ ਦੁੱਖ ਦਾ ਲੇਖਾ
ਆਪਣੇ ਨਾਂ ਦਾ
ਆਪਣੇ ਥਾਂ ਦਾ
ਚੁਰਿਆਂ ਘੁਰਿਆਂ ਤੱਕ ਦੀ ਮਿਣਤੀ
ਸਦਮੇ ਮਾਰੀਆਂ-ਥੱਕੀਆਂ ਹਾਰੀਆਂ
ਕੁੱਲ ਸਦੀਆਂ ਦੀ ਕਰਨੀ ਗਿਣਤੀ
ਅੱਗ ਵਿੱਚ ਡਾਹੁਣੀ - ਚੁੱਲ੍ਹੇ ਪਾਉਣੀ
ਕਾਲ ਬਣੀ ਉਹ ਮੋਹਰ ਕੁਲਹਿਣੀ
ਹਰ ਦਾਣੇ 'ਤੇ ਹਰ ਬੁਰਕੀ 'ਤੇ
ਹੱਥ 'ਚੋਂ ਖੋਹ ਕੇ- ਮੂੰਹੋਂ ਖਿੱਚ ਕੇ
ਠੱਪੇ ਲਾ ਭੜੋਲੇ ਭਰਦੀ
ਚਿਣ ਚਿਣ ਟੀਂਡਾ ਲਾਉਂਦੀ
ਭੁੱਖ-ਨੰਗ ਵਲ ਅੱਖਾਂ ਕੱਢੇ
ਖਿੱਲੀ ਫਿਰੇ ਉਡਾਉਂਦੀ
ਵਹੀਆਂ ਖਾਤੇ ਜਿਸ ਦਿਨ ਸਾੜੇ
ਤਿੰਨ-ਭੇਦ ਦੇ ਵਰਕੇ ਪਾੜੇ
ਉਸ ਦਿਨ ਹੋਣੀ ਲੋਹੜੀ
ਪਾਟੇ ਸਾਲੂ ਗੰਢ ਪਰੋਣੇ
ਪੱਲਿਆਂ ਦੇ ਵਿੱਚ ਸ਼ੱਕਰ ਪਾਉਣੀ
ਵੰਡ ਕੇ ਖਾਣੀ ਰੋੜੀ
ਦੁੱਲੇ ਤੇ ਬੁੱਲੇ ਦੇ ਜਾਇਆਂ
ਫੇਰ ਮਨਾਉਣੀ ਲੋਹੜੀ।

94178 16296



# ਸ਼ੀਸ਼ਾ

ਹਾਰੂਕੀ ਮੂਰਾਕਾਮੀ
ਅਨੁਵਾਦ: ਪੂਨਮ ਸਿੰਘ



By Charlie https://art4film.wordpress.com/

**ਅੱਜ** ਰਾਤ ਤੁਸੀਂ ਸਾਰੇ ਜਿਹੜੀਆਂ ਕਹਾਣੀਆਂ ਸੁਣਾਅ ਰਹੇ ਹੋ, ਉਨ੍ਹਾਂ ਨੂੰ ਦੋ ਕਿਸਮਾਂ ਵਿੱਚ ਰੱਖਿਆ ਜਾ ਸਕਦਾ ਹੈ। ਇੱਕ ਤਾਂ ਉਹ ਕਹਾਣੀਆਂ ਹਨ ਜਿਨ੍ਹਾਂ ਵਿਚ ਇੱਕ ਪਾਸੇ ਜਿਊਂਦੇ ਲੋਕਾਂ ਦੀ ਦੁਨੀਆ ਹੈ, ਦੂਜੇ ਪਾਸੇ ਮੌਤ ਦੀ ਦੁਨੀਆ ਹੈ, ਅਤੇ ਕੋਈ ਤਾਕਤ ਹੈ ਜਿਹੜੀ ਇੱਕ ਦੁਨੀਆ ਵਿੱਚੋਂ ਦੂਜੀ ਦੁਨੀਆ ਵਿੱਚ ਆਉਣਾ-ਜਾਣਾ ਸੰਭਵ ਬਣਾਅ ਰਹੀ ਹੈ। ਭੂਤ-ਪ੍ਰੇਤ ਵਗੈਰਾ ਵੀ ਇਸੇ ਕਿਸਮ ਵਿਚ ਆਉਂਦੇ ਹਨ। ਦੂਜੀ ਕਿਸਮ ਦੀਆਂ ਕਹਾਣੀਆਂ ਵਿਚ ਪਰਾ-ਕੁਦਰਤੀ, ਅਸਲੀਅਤ ਤੋਂ ਅਗਾਂਹ-ਪਰ੍ਹਾਂ ਦੀ ਤਾਕਤ, ਪਹਿਲੋਂ ਹੀ ਖੁੜਕ ਪੈਣ ਅਤੇ ਭਵਿੱਖਬਾਣੀ ਕਰਨ ਦੀ ਕਾਬਲੀਅਤ ਸ਼ਾਮਲ ਹੈ। ਤੁਹਾਡੇ ਸਾਰਿਆਂ ਦੀਆਂ ਕਹਾਣੀਆਂ ਇਨ੍ਹਾਂ ਹੀ ਦੋ ਕਿਸਮਾਂ ਨਾਲ ਜੁੜੀਆਂ ਹਨ। ਅਸਲ ਵਿਚ ਤੁਹਾਡੇ ਸਭ ਦੇ ਤਜਰਬੇ ਵੀ ਤਕਰੀਬਨ ਇਨ੍ਹਾਂ ਹੀ ਦੋ ਕਿਸਮਾਂ ਵਿੱਚ ਰੱਖੇ ਜਾ ਸਕਦੇ ਹਨ। ਮੇਰੇ ਕਹਿਣ ਦਾ ਮਤਲਬ ਹੈ, ਜਿਨ੍ਹਾਂ ਲੋਕਾਂ ਨੂੰ ਭੂਤ ਦਿਸਦੇ ਹਨ, ਉਨ੍ਹਾਂ ਨੂੰ ਸਿਰਫ਼ ਭੂਤ ਹੀ ਦਿਸਦੇ ਹਨ। ਉਨ੍ਹਾਂ ਨੂੰ ਕਦੇ ਕੋਈ ਅਣਹੋਣੀ ਪਹਿਲਾਂ ਹੀ ਨਹੀਂ ਖੁੜਕ ਪੈਂਦੀ ਹੁੰਦੀ। ਦੂਜੇ ਪਾਸੇ, ਜਿਨ੍ਹਾਂ ਨੂੰ ਇਸ ਤਰ੍ਹਾਂ ਪਹਿਲੋਂ ਹੀ ਖੁੜਕ ਪੈਂਦੀ ਹੁੰਦੀ ਹੈ, ਉਨ੍ਹਾਂ ਨੂੰ ਕਦੇ ਭੂਤ ਨਹੀਂ ਦਿਸਦੇ। ਮੈਨੂੰ ਨਹੀਂ ਪਤਾ, ਅਜਿਹਾ ਕਿਉਂ ਹੈ। ਸ਼ਾਇਦ ਇਹ ਪਹਿਲੀ ਜਾਂ ਦੂਜੀ ਗੱਲ ਵੱਲ ਤੁਹਾਡੇ ਨਿੱਜੀ ਝੁਕਾਅ ਦੀ ਵਜ੍ਹਾ ਕਰਕੇ ਹੈ। ਘੱਟੋਘੱਟ ਮੈਨੂੰ ਤਾਂ ਇਹੀ ਲੱਗਦਾ ਹੈ। ਪਰ ਕੁਝ ਲੋਕ ਇਨ੍ਹਾਂ ਦੋਹਾਂ ਵਿਚੋਂ ਕਿਸੇ ਕਿਸਮ ਵਿਚ ਵੀ ਨਹੀਂ ਆਉਂਦੇ। ਮਿਸਾਲ ਦੇ ਲਈ ਮੈਨੂੰ ਹੀ ਲੈ ਲਓ। ਆਪਣੀ ਤੀਹ ਵਰ੍ਹੇ ਦੀ ਉਮਰ ਵਿਚ ਮੈਂ ਕਦੇ ਕੋਈ ਭੂਤ ਨਹੀਂ ਵੇਖਿਆ, ਨਾ ਹੀ ਮੈਨੂੰ ਕਦੇ ਕੋਈ ਹੋਣੀ ਪਹਿਲੋਂ ਹੀ ਖੁੜਕ ਪਈ, ਜਾਂ ਭਵਿੱਖਬਾਣੀ ਕਰਨ ਵਾਲਾ ਕੋਈ ਸੁਫ਼ਨਾ ਹੀ ਆਇਆ। ਇੱਕ ਵਾਰ ਮੈਂ ਕੁਝ ਮਿੱਤਰਾਂ ਨਾਲ ਇੱਕ ਲਿਫ਼ਟ ਵਿਚ ਸੀ। ਉਨ੍ਹਾਂ ਸਹੁੰ ਖਾ ਕੇ ਕਿਹਾ ਕਿ ਸਾਡੇ ਨਾਲ ਇੱਕ ਭੂਤੀ- ਪਰਛਾਵਾਂ ਵੀ ਸੀ। ਪਰ ਮੈਨੂੰ ਕੁਝ ਵੀ ਨਹੀਂ ਦਿਸਿਆ। ਉਨ੍ਹਾਂ ਦਾਅਵਾ ਕੀਤਾ ਕਿ ਮੇਰੇ ਐਨ ਨਾਲ ਕਰਕੇ ਸਲੇਟੀ ਕੱਪੜੇ ਪਹਿਨੀ ਇੱਕ ਤੀਵੀਂ ਦਾ ਧੁੰਦਲਾ ਜਿਹਾ ਅਕਾਰ ਵੀ ਹੈ ਸੀ। ਪਰ ਸਾਡੇ ਨਾਲ ਕੋਈ ਤੀਵੀਂ ਉਸ ਲਿਫ਼ਟ ਵਿਚ ਹੈ ਹੀ ਨਹੀਂ ਸੀ। ਘੱਟੋ ਘੱਟ ਮੈਨੂੰ ਤਾਂ ਕੋਈ ਬੁੱਤ-ਅਕਾਰ ਨਹੀਂ ਦਿਸਿਆ। ਮੈਂ, ਅਤੇ ਮੇਰੇ ਦੋ ਹੋਰ ਮਿੱਤਰ...ਅਸੀਂ ਤਿੰਨ ਹੀ ਉਸ ਲਿਫ਼ਟ ਵਿਚ ਮੌਜੂਦ ਸੀ। ਮੈਂ ਮਖ਼ੌਲ ਨਹੀਂ ਕਰ ਰਿਹਾ। ਅਤੇ ਮੇਰੇ ਇਹ ਦੋਏ ਮਿੱਤਰ ਅਜਿਹੇ ਜਣੇ ਨਹੀਂ ਸਨ ਜੋ ਮੈਨੂੰ ਡਰਾਉਣ ਵਾਸਤੇ, ਬੇਵਕੂਫ਼ ਬਣਾਉਣ ਲਈ ਝੂਠ ਬੋਲਣ। ਇਹ ਸਾਰਾ ਮਾਮਲਾ ਬਹੁਤ ਹੀ ਅਜੀਬ ਸੀ, ਮੁੱਕਦੀ ਗੱਲ ਇਹ ਹੈ ਕਿ ਮੈਨੂੰ ਅੱਜ ਤੱਕ ਕੋਈ ਭੂਤ ਦਿਸਿਆ ਹੀ ਨਹੀਂ।

ਪਰ ਇੱਕ ਵਾਰ ਦੀ ਗੱਲ ਹੈ..ਸਿਰਫ਼ ਇੱਕ ਵਾਰ ਦੀ..ਜਦੋਂ ਮੈਨੂੰ ਅਜਿਹਾ ਡਰਾਉਣਾ ਤਜਰਬਾ ਹੋਇਆ ਸੀ ਕਿ ਮੇਰੀ ਘਿੱਗੀ ਬੱਝ ਗਈ ਸੀ, ਸੰਘ ਸੁੱਕ ਗਿਆ ਸੀ। ਇਸ ਡਰਾਉਣੀ ਘਟਨਾ ਨੂੰ ਵਾਪਰਿਆਂ ਦਸ ਸਾਲਾਂ ਤੋਂ ਵੀ ਵੱਧ ਸਮਾਂ ਹੋ ਗਿਆ ਹੈ, ਪਰ ਮੈਂ ਕਦੇ ਕਿਸੇ ਨੂੰ ਇਸਦੇ ਬਾਰੇ ਕੁਝ ਨਹੀਂ ਦੱਸਿਆ।

ਮੈਂ ਇਸ ਘਟਨਾ ਦਾ ਜ਼ਿਕਰ ਕਰਨ ਦੇ ਖ਼ਿਆਲ ਤੋਂ ਵੀ ਡਰਦਾ ਸੀ। ਮੈਨੂੰ ਲੱਗਦਾ ਸੀ ਕਿ ਜ਼ਿਕਰ ਕੀਤਿਆਂ ਹੀ ਇਹ ਘਟਨਾ ਮੁੜ ਵਾਪਰਨ ਲੱਗ ਜਾਏਗੀ। ਏਸੇ ਲਈ ਮੈਂ ਏਨੇ ਸਾਲ ਚੁੱਪ ਰਿਹਾ। ਪਰ ਅੱਜ ਰਾਤ ਤੁਸੀਂ ਸਾਰਿਆਂ ਆਪਣਾ-ਆਪਣਾ ਕੋਈ ਨਾ ਕੋਈ ਡਰਾਉਣਾ ਤਜਰਬਾ ਸੁਣਾਇਆ ਹੈ, ਅਤੇ ਮੇਜ਼ਬਾਨ ਦੇ ਨਾਤੇ ਮੇਰਾ ਵੀ ਇਹ ਫ਼ਰਜ਼ ਹੈ ਕਿ ਮੈਂ ਅਜਿਹਾ ਹੀ ਆਪਣਾ ਕੋਈ ਤਜਰਬਾ ਤੁਹਾਨੂੰ ਸਭ ਨੂੰ ਸੁਣਾਵਾਂ। ਤਾਂ ਪੇਸ਼ ਹੈ ਮੇਰੇ ਇਸ ਡਰਾਉਣੇ ਤਜਰਬੇ ਦਾ ਕਿੱਸਾ:

1960 ਵਾਲੇ ਦਹਾਕੇ ਦੇ ਅਖੀਰ ਵਿਚ

# ਸ਼ੀਸ਼ਾ

ਵਿਦਿਆਰਥੀ-ਲਹਿਰ ਆਪਣੇ ਪੂਰੇ ਜੋਬਨ 'ਤੇ ਸੀ। ਇਹੀ ਉਹ ਸਮਾਂ ਸੀ ਜਦੋਂ ਮੈਂ ਕਾਲਜ ਦੀ ਪੜ੍ਹਾਈ ਪੂਰੀ ਕਰ ਲਈ। ਮੈਂ 'ਹਿੱਪੀ ਪੀੜ੍ਹੀ' ਵਿੱਚੋਂ ਸੀ, ਇਸ ਲਈ ਮੈਂ ਅੱਗੇ ਪੜ੍ਹਾਈ ਲਈ ਯੂਨੀਵਰਸਿਟੀ ਵਿਚ ਦਾਖ਼ਲਾ ਲੈਣੋਂ ਨਾਂਹ ਕਰ ਦਿੱਤੀ। ਇਸਦੀ ਥਾਂ ਮੈ ਸਾਰੇ ਦੇ ਸਾਰੇ ਜਾਪਾਨ ਵਿਚ ਘੁੰਮਦਾ ਫਿਰਦਾ ਥਾਂ-ਥਾਂ ਕਾਮਿਆਂ-ਮਜ਼ਦੂਰਾਂ ਵਾਲੀਆਂ ਨੌਕਰੀਆਂ ਕਰਦਾ ਰਿਹਾ। ਮੈਨੂੰ ਪੱਕਾ ਯਕੀਨ ਹੋ ਗਿਆ ਸੀ ਕਿ ਜ਼ਿੰਦਗੀ ਜਿਊਣ ਦਾ ਸਭ ਤੋਂ ਸਹੀ ਤਰੀਕਾ ਮਿਹਨਤ-ਮਜ਼ਦੂਰੀ ਕਰਨਾ ਹੀ ਸੀ। ਮੇਰਾ ਖ਼ਿਆਲ ਹੈ ਤੁਸੀਂ ਮੈਨੂੰ ਜਵਾਨ ਅਤੇ ਕਾਹਲਾ-ਜੋਸ਼ੀਲਾ ਕਹੋਗੇ। ਅੱਜ ਪਿਛਾਂਹ ਮੁੜ ਕੇ ਵੇਖਿਆਂ ਮੈਨੂੰ ਲੱਗਦਾ ਹੈ ਕਿ ਓਸ ਵੇਲੇ ਮੈਂ ਇੱਕ ਸੁਆਦਲਾ ਜੀਵਨ ਜੀਅ ਰਿਹਾ ਸੀ। ਮੇਰਾ ਅਜਿਹਾ ਜੀਵਨ ਚੁਣਨਾ ਭਾਵੇਂ ਸਹੀ ਸੀ ਜਾਂ ਗ਼ਲਤ, ਜੇ ਮੈਨੂੰ ਮੁੜ ਤੋਂ ਚੋਣ ਕਰਨ ਦਾ ਮੌਕਾ ਮਿਲਦਾ ਤਾਂ ਮੈਨੂੰ ਪੂਰਾ ਯਕੀਨ ਹੈ ਕਿ ਮੈਂ ਦੋਬਾਰਾ ਓਹੀ ਜੀਵਨ ਚੁਣਦਾ।

ਪੂਰੇ ਮੁਲਕ ਵਿਚ ਘੁੰਮਦੇ ਰਹਿਣ ਦੇ ਮੇਰੇ ਦੂਜੇ ਵਰ੍ਹੇ ਦੇ ਪਤਝੜ ਵਿਚ ਮੈਨੂੰ ਕੁਝ ਮਹੀਨਿਆਂ ਲਈ ਇੱਕ ਹਾਈ ਸਕੂਲ ਵਿਚ ਰਾਤ ਦੀ ਚੌਕੀਦਾਰੀ ਦੀ ਨੌਕਰੀ ਮਿਲੀ। ਇਹ ਹਾਈ ਸਕੂਲ ਨਿਗਾਤਾ ਖੇਤਰ ਦੇ ਇੱਕ ਕਸਬੇ ਵਿਚ ਸੀ। ਗਰਮੀਆਂ ਵਿਚ ਲਗਾਤਾਰ ਮਿਹਨਤ-ਮਜ਼ਦੂਰੀ ਦਾ ਕੰਮ ਕਰਦਾ ਰਿਹਾ ਹੋਣ ਕਰਕੇ ਮੈਂ ਬਹੁਤ ਹੀ ਥਕੇਵਾਂ ਮਹਿਸੂਸ ਕਰ ਰਿਹਾ ਸੀ। ਏਸ ਲਈ ਮੈਂ ਕੁਝ ਸਮੇਂ ਲਈ ਜ਼ਰਾ ਸੌਖੀ ਜਿਹੀ ਨੌਕਰੀ ਚਾਹੁੰਦਾ ਸੀ। ਰਾਤ ਦੀ ਚੌਕੀਦਾਰੀ ਦਾ ਕੰਮ ਕਰਨ ਲਈ ਖ਼ਾਸ ਕੁਝ ਨਾ ਕਰਨਾ ਪੈਂਦਾ। ਦਿਨੇ ਮੈ ਸਕੂਲ ਦੇ ਡਿਸਪੈਂਸਰੀ-ਸਹਾਇਕ ਦੇ ਦਫ਼ਤਰੀ-ਕਮਰੇ ਵਿਚ ਸੌਂ ਜਾਂਦਾ ਸੀ। ਰਾਤ ਨੂੰ ਮੈਂ ਸਿਰਫ਼ ਦੋ ਵਾਰ ਸਾਰੇ ਸਕੂਲ ਦਾ ਚੱਕਰ ਲਾ ਕੇ ਇਹ ਪੱਕਾ ਕਰਨਾ ਹੁੰਦਾ ਕਿ ਸਭ ਕੁਝ ਠੀਕ ਹੈ। ਬਾਕੀ ਬਚੇ ਸਮੇਂ ਵਿਚ ਮੈਂ ਸੰਗੀਤ ਸੁਣਦਾ, ਲਾਇਬ੍ਰੇਰੀ ਵਿਚ ਜਾ ਕੇ ਕਿਤਾਬਾਂ ਪੜ੍ਹਦਾ ਅਤੇ ਜਿਮ ਵਿਚ ਜਾ ਕੇ ਇਕੱਲਿਆਂ ਹੀ ਬਾਸਕਟਬਾੱਲ ਖੇਡਦਾ। ਕਿਸੇ ਸਕੂਲ ਵਿਚ ਪੂਰੀ ਰਾਤ ਇਕੱਲਿਆਂ ਰਹਿਣਾ ਏਨਾ ਬੁਰਾ ਵੀ ਨਹੀਂ ਹੁੰਦਾ। ਕੀ ਮੈਂ ਡਰਦਾ ਸੀ? ਬਿਲਕੁਲ ਨਹੀਂ। ਜਦੋਂ ਤੁਸੀਂ ਅਠਾਰਾਂ-ਉੱਨੀ ਸਾਲਾਂ ਦੇ ਹੁੰਦੇ ਹੋ ਤਾਂ ਤੁਹਾਨੂੰ ਕਿਸੇ ਚੀਜ਼ ਦੀ ਪਰਵਾਹ ਨਹੀਂ ਹੁੰਦੀ। ਮੈਨੂੰ ਨਹੀਂ ਲੱਗਦਾ ਕਿ ਤੁਹਾਡੇ ਵਿਚੋਂ ਕਿਸੇ ਨੇ ਰਾਤ ਦੀ ਚੌਕੀਦਾਰੀ ਦਾ ਕੰਮ ਕੀਤਾ ਹੋਏਗਾ, ਏਸ ਲਈ ਮੈਨੂੰ ਚੌਕੀਦਾਰ ਦੇ ਕੰਮ ਕਾਰ ਬਾਰੇ ਦੱਸਣਾ ਚਾਹੀਦਾ ਹੈ ਤੁਹਾਨੂੰ। ਰਾਤ ਨੂੰ ਰਖਵਾਲੀ ਕਰਦਿਆਂ ਤੁਸੀਂ ਦੋ ਚੱਕਰ ਲਾਉਣੇ ਹੁੰਦੇ ਹਨ...ਇੱਕ ਨੌਂ ਵਜੇ ਅਤੇ ਦੂਜਾ ਤਿੰਨ ਵਜੇ। ਬੱਸ ਇਹੀ ਤੁਸੀਂ ਕਰਨਾ ਹੁੰਦਾ ਹੈ। ਜਿਸ ਹਾਈ ਸਕੂਲ ਵਿਚ ਮੈਨੂੰ ਨੌਕਰੀ ਮਿਲੀ ਸੀ, ਉਸਦੀ ਇੱਕ ਚੰਗੀ ਪੱਕੀ ਤਿੰਨ-ਮੰਜ਼ਲੀ ਇਮਾਰਤ ਸੀ। ਇਸ ਵਿਚ ਕੋਈ ਵੀਹ ਕਮਰੇ ਸਨ। ਇਹ ਬਹੁਤਾ ਵੱਡਾ ਸਕੂਲ ਨਹੀਂ ਸੀ। ਜਮਾਤਾਂ ਦੇ ਕਮਰਿਆਂ ਤੋਂ ਇਲਾਵਾ ਸੰਗੀਤ-ਸਿਖਲਾਈ ਲਈ ਦਾ ਕਮਰਾ ਸੀ, ਕਲਾ-ਸਿਖਲਾਈ ਦਾ ਸਟੂਡੀਓ ਸੀ, ਅਤੇ ਸਾਇੰਸ-ਲੈਬ ਸੀ। ਇਸ ਤੋਂ ਇਲਾਵਾ ਅਧਿਆਪਕਾਂ ਦੇ ਬੈਠਣ ਲਈ ਵੱਡਾ ਕਮਰਾ, ਅਤੇ ਪ੍ਰਿੰਸੀਪਲ ਦਾ ਦਫ਼ਤਰ। ਕੌਫ਼ੀ ਪੀਣ ਲਈ ਕੈਫ਼ੇ, ਸਵਿਮਿੰਗ-ਪੂਲ, ਜਿਮ ਅਤੇ ਨਾਟ-ਘਰ ਵੀ ਇਸ ਸਕੂਲ ਦਾ ਹਿੱਸਾ ਸਨ। ਰਾਤ ਨੂੰ ਦੋ ਵਾਰ ਇਨ੍ਹਾਂ ਸਾਰਿਆਂ ਦਾ ਚੱਕਰ ਮੈਂ ਲਾਉਣਾ ਹੁੰਦਾ ਸੀ।

ਰਾਤ ਦੀ ਚੌਕੀਦਾਰੀ ਲਈ ਸਕੂਲ ਦਾ ਚੱਕਰ ਲਾਉਂਦਿਆਂ, ਮੈਂ ਨਾਲ ਨਾਲ ਇੱਕ ਵੀਹ-ਨੁਕਾਤੀ ਚੈੱਕ-ਲਿਸਟ ਉੱਤੇ ਵੀ ਨਿਸ਼ਾਨ ਲਾਈ ਜਾਂਦਾ। ਅਧਿਆਪਕਾਂ ਦੇ ਬੈਠਣ ਦਾ ਕਮਰਾ... ਸਹੀ.... ਜਿਮ..... ਸਹੀ... ਉਂਝ ਤਾਂ ਮੈਂ, ਮੈਨੂੰ ਲੱਗਦਾ ਹੈ, ਡਿਸਪੈਂਸਰੀ-ਸਹਾਇਕ ਦੇ ਕਮਰੇ ਦੇ ਬਿਸਤਰੇ 'ਤੇ ਬੈਠਾ ਬੈਠਾ ਵੀ ਸਹੀ ਦੇ ਨਿਸ਼ਾਨ ਲਾ ਹੀ ਸਕਦਾ ਸੀ। ਫੇਰ ਮੈਂ ਰਾਤੀਂ ਸਕੂਲ ਦਾ ਚੱਕਰ ਲਾਉਣ ਦੀ ਔਖ ਤੋਂ ਬਚ ਜਾਂਦਾ। ਪਰ ਮੈਂ ਏਨਾ ਗ਼ੈਰ-ਜ਼ਿੰਮੇਦਾਰ ਨਹੀਂ ਸੀ। ਉਂਝ ਵੀ, ਸਕੂਲ ਦਾ ਚੱਕਰ ਲਾਉਣ ਨੂੰ ਬਹੁਤਾ ਸਮਾਂ ਨਹੀਂ ਲੱਗਦਾ ਸੀ। ਅਤੇ, ਜੇ ਕੋਈ ਰਾਤ ਨੂੰ ਚੋਰੀ ਦੇ ਇਰਾਦੇ ਨਾਲ ਕਾਲਜ ਵਿਚ ਵੜ ਆਉਂਦਾ ਤਾਂ ਜਵਾਬਦੇਹੀ ਤਾਂ ਮੇਰੀ ਹੀ ਬਣਦੀ।

ਜੋ ਵੀ ਹੈ, ਹਰ ਰਾਤ ਮੈਂ ਦੋ ਵਾਰ--ਨੌਂ ਵਜੇ ਅਤੇ ਤਿੰਨ ਵਜੇ, ਚੌਕੀਦਾਰੀ ਕਰਦਿਆਂ, ਪੂਰੇ ਕਾਲਜ ਦਾ ਚੱਕਰ ਲਾਉਂਦਾ ਸੀ। ਮੇਰੇ ਖੱਬੇ ਹੱਥ ਵਿਚ ਟੌਰਚ ਹੁੰਦੀ, ਤੇ ਸੱਜੇ ਵਿਚ ਲੱਕੜ ਦੀ ਇੱਕ ਰਵਾਇਤੀ ਤਲਵਾਰ।

ਮੈਂ ਆਪਣੇ ਸਕੂਲ ਦੇ ਦਿਨਾਂ ਵਿਚ ਰਵਾਇਤੀ ਤਲਵਾਰਬਾਜ਼ੀ ਸਿੱਖੀ ਹੋਈ ਸੀ, ਏਸ ਲਈ ਮੈਨੂੰ ਕਿਸੇ ਵੀ ਹਮਲਾਵਰ ਨੂੰ ਭਜਾਅ ਦੇਣ ਦੀ ਆਪਣੀ ਕਾਬਲੀਅਤ ਉੱਤੇ ਪੂਰਾ ਭਰੋਸਾ ਸੀ। ਜੇ ਕੋਈ ਹਮਲਾਵਰ ਪੇਸ਼ੇਵਰ ਹੁੰਦਾ ਅਤੇ ਉਸ ਕੋਲ ਅਸਲੀ ਤਲਵਾਰ ਹੁੰਦੀ, ਤਾਂ ਵੀ ਮੈਂ ਉਸ ਤੋਂ ਨਾ ਘਬਰਾਉਂਦਾ। ਚੇਤੇ ਰੱਖੋ, ਓਸ ਵੇਲੇ ਮੈਂ ਜਵਾਨ ਸੀ। ਜੇ ਅੱਜ ਦੀ ਤਰੀਕ ਵਿਚ ਅਜਿਹੀ ਕੋਈ ਗੱਲ ਹੋ ਜਾਏ, ਤਾਂ ਮੈਂ ਜ਼ਰੂਰ ਓਥੋਂ ਭੱਜ ਜਾਵਾਂਗਾ।

ਖ਼ੈਰ! ਇਹ ਘਟਨਾ ਅਕਤੂਬਰ ਮਹੀਨੇ ਦੀ ਇੱਕ ਤੂਫ਼ਾਨੀ ਰਾਤ ਨੂੰ ਘਟੀ। ਅਸਲ ਵਿਚ, ਸਾਲ ਦੇ ਇਸ ਮਹੀਨੇ ਦੇ ਹਿਸਾਬ ਨਾਲ ਮੌਸਮ ਬਹੁਤ ਹੀ ਹੁੰਮਸ ਵਾਲਾ ਸੀ। ਸ਼ਾਮ ਤੋਂ ਹੀ ਮੱਛਰਾਂ ਦੇ ਹਜੂਮ ਮੰਡਰਾਉਣ ਲੱਗੇ। ਮੈਨੂੰ ਚੇਤੇ ਹੈ, ਮੈਂ ਕਈ ਮੱਛਰ-ਭਜਾਊ ਟਿੱਕੀਆਂ ਬਾਲੀਆਂ ਸਨ ਕਿ ਇਨ੍ਹਾਂ ਬਦਮਾਸ਼ਾਂ ਨੂੰ ਦੂਰ ਰੱਖਿਆ ਜਾ ਸਕੇ। ਬਾਹਰ ਹਨੇਰੀ ਦਾ ਕੰਨ-ਪਾੜਵਾਂ ਸ਼ੋਰ ਸੀ। ਸਵਿਮਿੰਗ-ਪੂਲ ਦਾ ਦਰਵਾਜ਼ਾ ਟੁੱਟਾ ਸੀ ਅਤੇ ਤੇਜ਼ ਹਵਾ ਵਿਚ ਇਹ ਖੜਖੜ ਕਰਦਾ ਵੱਜੀ ਜਾ ਰਿਹਾ ਸੀ। ਮੈਂ ਸੋਚਿਆ ਤਾਂ ਸੀ ਕਿ ਕਿੱਲ ਠੋਕ ਕੇ ਦਰਵਾਜ਼ੇ ਦੀ ਮੁਰੰਮਤ ਕਰ ਦਿਆਂ, ਪਰ ਬਾਹਰ ਘੁੱਪ ਹਨੇਰਾ ਸੀ। ਏਸ ਲਈ ਇਹ ਦਰਵਾਜ਼ਾ ਸਾਰੀ

ਰਾਤ ਓਸੇ ਤਰ੍ਹਾਂ ਵੱਜਦਾ ਰਿਹਾ।
ਓਸ ਰਾਤ ਨੌਂ ਵਜੇ ਵਾਲੇ ਰਖਵਾਲੀ ਲਈ ਲਾਏ ਸਕੂਲ ਦੇ ਚੱਕਰ ਵਿਚ ਸਭ ਠੀਕ-ਠਾਕ ਰਿਹਾ। ਮੈਂ ਜਾਂਚ-ਲਿਸਟ ਦੇ ਸਾਰੇ ਵੀਹ ਨੁਕਤਿਆਂ ਉੱਤੇ ਸਹੀ ਦਾ ਐਨ ਵਧੀਆ ਨਿਸ਼ਾਨ ਲਾ ਦਿੱਤਾ। ਸਾਰੇ ਕਮਰਿਆਂ ਦੇ ਦਰਵਾਜ਼ਿਆਂ ਉੱਤੇ ਜੰਦਰਾ ਲੱਗਾ ਸੀ ਅਤੇ ਹਰ ਚੀਜ਼ ਆਪਣੀ ਥਾਂ-ਸਿਰ ਸੀ। ਕਿਤੇ ਕੁਝ ਵੀ ਅਜੀਬ ਨਾ ਲੱਗਾ। ਮੈਂ ਵਾਪਸ ਡਿਸਪੈਂਸਰੀ-ਸਹਾਇਕ ਦੇ ਕਮਰੇ ਵਿਚ ਆ ਗਿਆ, ਜਿੱਥੇ ਮੈਂ ਘੜੀ ’ਤੇ ਤਿੰਨ ਵਜੇ ਉੱਠਣ ਦਾ ਅਲਾਰਮ ਲਾਇਆ। ਬਿਸਤਰੇ ’ਤੇ ਪੈਂਦਿਆਂ ਹੀ ਮੈਨੂੰ ਨੀਂਦ ਆ ਗਈ।
ਤਿੰਨ ਵਜੇ ਅਲਾਰਮ ਵੱਜਣ ’ਤੇ ਮੈਂ ਜਾਗ ਤਾਂ ਪਿਆ ਪਰ ਮੈਨੂੰ ਕੁਝ ਅਜੀਬ ਅਜੀਬ ਲੱਗ ਰਿਹਾ ਸੀ। ਮੈਂ ਤੁਹਾਨੂੰ ਚੰਗੀ ਤਰ੍ਹਾਂ ਇਹ ਸਮਝਾਅ ਨਹੀਂ ਸਕਦਾ, ਪਰ ਮੈਨੂੰ ਕਿਤੇ ਨਾ ਕਿਤੇ ਕੁਝ ਵੱਖਰਾ-ਜਿਹਾ ਲੱਗਾ। ਮੇਰਾ ਉੱਠਣ ਦਾ ਮਨ ਵੀ ਨਹੀਂ ਹੋ ਰਿਹਾ ਸੀ। ਅਜਿਹਾ ਲੱਗ ਰਿਹਾ ਸੀ ਜਿਵੇਂ ਕੋਈ ਚੀਜ਼ ਬਿਸਤਰੇ ਤੋਂ ਉੱਠਣ ਦੀ ਮੇਰੀ ਇੱਛਾ ਨੂੰ ਨੱਪ ਰਹੀ ਸੀ। ਆਮ ਤੌਰ ’ਤੇ ਮੈਂ ਉੱਛਲ ਕੇ ਬਿਸਤਰੇ ਤੋਂ ਉੱਠ ਖਲੋਂਦਾ ਹੁੰਦਾ ਹਾਂ, ਏਸ ਲਈ ਮੈਨੂੰ ਕੁਝ ਸਮਝ ਨਹੀਂ ਆ ਰਹੀ ਸੀ। ਮੈਨੂੰ ਜਿਵੇਂ ਆਪਣੇ ਆਪ ਨੂੰ ਧੱਕ ਕੇ ਬਿਸਤਰੇ ਤੋਂ ਉਠਾਉਣਾ ਪਿਆ, ਕਿ ਮੈਂ ਸਕੂਲ ਦੀ ਚੌਕੀਦਾਰੀ ਵਾਲਾ ਤਿੰਨ ਵਜੇ ਦਾ ਚੱਕਰ ਲਾਉਣ ਜਾ ਸਕਾਂ। ਬਾਹਰ ਸਵਿਮਿੰਗ-ਪੂਲ ਦਾ ਟੁੱਟਾ ਦਰਵਾਜ਼ਾ ਅਜੇ ਵੀ ਤੇਜ਼ ਹਵਾ ਵਿਚ ਵੱਜ ਰਿਹਾ ਸੀ, ਪਰ ਉਸਦੇ ਵੱਜਣ ਦੀ ਅਵਾਜ਼ ਹੁਣ ਪਹਿਲਾਂ ਨਾਲੋਂ ਵੱਖਰੀ ਲੱਗ ਰਹੀ ਸੀ। ਕਿਤੇ ਨਾ ਕਿਤੇ ਕੁਝ ਤਾਂ ਜ਼ਰੂਰ ਅਜੀਬ ਜਿਹਾ ਹੈ---ਬਾਹਰ ਜਾਣ ਦੀ ਇੱਛਾ ਨਾ ਹੋ ਰਹੀ ਹੋਣ ਬਾਰੇ ਸੋਚਿਆ। ਪਰ ਫੇਰ ਮੈਂ ਆਪਣਾ ਮਨ ਬਣਾਅ ਲਿਆ ਕਿ ਚਾਹੇ ਕੁਛ ਵੀ ਹੋ ਜਾਏ, ਮੈਂ ਆਪਣਾ ਕੰਮ ਕਰਨ ਜਾਣਾ ਹੀ ਜਾਣਾ ਹੈ। ਜੇ ਤੁਸੀਂ ਇੱਕ ਵਾਰ ਆਪਣੇ ਫ਼ਰਜ਼ ਤੋਂ ਪਿੱਠ ਕਰ ਲਈ, ਤਾਂ ਤੁਸੀਂ ਵਾਰ ਵਾਰ ਆਪਣੇ ਫ਼ਰਜ਼ ਵੱਲੋਂ ਮੂੰਹ ਮੋੜੋਗੇ, ਅਤੇ ਮੈਂ ਏਸ ਗਧੀ-ਗੇੜ ਵਿਚ ਨਹੀਂ ਪੈਣਾ ਚਾਹੁੰਦਾ ਸੀ। ਏਸ ਲਈ ਮੈਂ ਆਪਣੀ ਟੌਰਚ ਅਤੇ ਆਪਣੀ ਲੱਕੜ ਦੀ ਤਲਵਾਰ ਚੁੱਕੀ ਅਤੇ ਕਾਲਜ ਦਾ ਚੱਕਰ ਲਾਉਣ ਨਿੱਕਲ ਪਿਆ।
ਇਹ ਵਾਕਈ ਬਹੁਤ ਅਜੀਬ-ਜਿਹੀ ਰਾਤ ਸੀ। ਜਿਵੇਂ ਜਿਵੇਂ ਰਾਤ ਡੂੰਘੀ ਹੋ ਰਹੀ ਸੀ, ਹਵਾ ਦੀ ਰਫ਼ਤਾਰ ਹੱਦੋਂ ਵੱਧ ਤੂਫ਼ਾਨੀ ਹੁੰਦੀ ਜਾ ਰਹੀ ਸੀ। ਮੇਰੇ ਸਰੀਰ ਵਿਚ ਥਾਂ ਥਾਂ ਖੁਰਕ ਹੋਈ ਜਾਏ, ਅਤੇ ਕਿਸੇ ਵੀ ਚੀਜ਼ ਉੱਤੇ ਆਪਣਾ ਧਿਆਨ ਟਿਕਾਅ ਸਕਣਾ ਮੇਰੇ ਲਈ ਔਖਾ ਹੋਣ ਲੱਗਾ। ਮੈਂ ਪਹਿਲਾਂ ਜਿਮ, ਨਾਟ-ਘਰ ਅਤੇ ਸਵਿਮਿੰਗ-ਪੂਲ ਦਾ ਚੱਕਰ ਲਾਉਣ ਦਾ ਫ਼ੈਸਲਾ ਕੀਤਾ। ਓਥੇ ਸਭ ਕੁਝ ਠੀਕ ਠਾਕ ਸੀ। ਸਵਿਮਿੰਗ-ਪੂਲ ਦਾ ਅੱਧ-ਟੁੱਟਾ ਦਰਵਾਜ਼ਾ ਤੂਫ਼ਾਨੀ ਹਵਾ ਵਿਚ ਇਸ ਤਰ੍ਹਾਂ ਬੇਤਾਲਾ-ਜਿਹਾ ਵੱਜ ਰਿਹਾ ਸੀ ਜਿਵੇਂ ਉਸਨੂੰ ਬਰਲ ਹੋ ਗਿਆ ਹੋਏ। ਉਸਦੇ ਵੱਜਣ ਦੀ ਅਵਾਜ਼ ਡਰਾਉਣੀ ਅਤੇ ਹੋਰ ਹੀ ਤਰ੍ਹਾਂ ਦੀ ਲੱਗ ਰਹੀ ਸੀ।
ਸਕੂਲ ਦੀ ਇਮਾਰਤ ਵਿਚ ਹਾਲਤ ਆਮ ਵਾਂਗ ਸੀ। ਮੈਂ ਹਰ ਬੰਨੇ ਵੇਖਦਾ ਵੇਖਦਾ ਆਪਣੀ ਵੀਹ-ਨੁੱਕਾਤੀ ਲਿਸਟ ਉੱਤੇ ਸਹੀ ਦਾ ਨਿਸ਼ਾਨ ਲਾਈ ਜਾ ਰਿਹਾ ਸੀ। ਹਾਲਾਂਕਿ ਮੈਨੂੰ ਕਿਤੇ ਕੁਝ ਅਜੀਬ ਲੱਗ ਰਿਹਾ ਸੀ, ਪਰ ਅਸਲ ਵਿਚ ਅਜੇ ਤੱਕ ਅਜਿਹਾ ਕੁਝ ਵੀ ਨਹੀਂ ਹੋਇਆ ਸੀ ਜਿਸਨੂੰ ਅਜੀਬ ਕਿਹਾ ਜਾਂਦਾ। ਚੈਨ ਦਾ ਸਾਹ ਲੈ ਕੇ ਮੈਂ ਡਿਸਪੈਂਸਰੀ-ਸਹਾਇਕ ਦੇ ਕਮਰੇ ਵੱਲ ਮੁੜਨ ਲੱਗਾ। ਮੇਰੀ ਜਾਂਚ-ਲਿਸਟ ਵਿਚ ਹੁਣ, ਸਿਰਫ਼, ਅਖੀਰੀ ਥਾਂ, ‘ਸਾਇੰਸ-ਲੈਬ’ ਰਹਿ ਗਈ ਸੀ। ਇਹ ਲੈਬ, ਇਮਾਰਤ ਦੇ ਪੂਰਬੀ ਪਾਸੇ ਕੈਫ਼ੇ ਦੇ ਨਾਲ ਕਰਕੇ ਹੀ ਸੀ। ਡਿਸਪੈਂਸਰੀ-ਸਹਾਇਕ ਦਾ ਕਮਰਾ ਇੱਥੋਂ ਬਿਲਕੁਲ ਦੂਜੇ ਪਾਸੇ ਵੱਲ ਪੈਂਦਾ ਸੀ। ਇਸਦਾ ਮਤਲਬ ਸੀ ਕਿ ਮੁੜਨ ਵੇਲੇ ਮੈਂ ਪਹਿਲੀ ਮੰਜ਼ਿਲ ਦੇ ਲੰਮੇ ਕੱਰੀਡੋਰ ਨੂੰ ਪਾਰ ਕਰਨਾ ਸੀ। ਓਥੇ ਘੁੱਪ ਹਨੇਰਾ ਸੀ। ਜਦੋਂ ਅਸਮਾਨ ਵਿਚ ਚੰਨ ਨਿੱਕਲਿਆ ਹੋਏ, ਤਾਂ ਉਸ ਕੱਰੀਡੋਰ ਵਿਚ ਹਲਕਾ ਚਾਨਣ ਹੁੰਦਾ ਹੈ। ਪਰ ਜਦੋਂ ਇਸ ਤਰ੍ਹਾਂ ਨਾ ਹੁੰਦਾ, ਤਾਂ ਓਥੇ ਕੁਝ ਵੀ ਨਾ ਦਿਸਦਾ। ਓਸ ਰਾਤ ਵੀ ਘੁੱਪ ਹਨੇਰੇ ਵਿਚ ਆਪਣੇ ਅੱਗੇ ਦਾ ਰਾਹ ਵੇਖਣ ਲਈ ਮੈਨੂੰ ਟੌਰਚ ਦੀ ਰੌਸ਼ਨੀ ਦਾ ਆਸਰਾ ਲੈਣਾ ਪੈ ਰਿਹਾ ਸੀ। ਗੱਲ ਇਹ ਸੀ ਕਿ ਮੌਸਮ ਵਿਭਾਗ ਦੇ ਮੁਤਾਬਕ, ਓਸ ਇਲਾਕੇ ਵਿਚ ਇੱਕ ਚੱਕਰਵਾਤ ਤੂਫ਼ਾਨ ਦੇ ਆਉਣ ਦਾ ਡਰ ਸੀ। ਏਸ ਲਈ ਚੰਨ ਦਿਸ ਹੀ ਨਹੀਂ ਰਿਹਾ ਸੀ। ਬਾਹਰ ਅਸਮਾਨ ਵਿਚ ਸਿਰਫ਼ ਬੱਦਲਾਂ ਦੀ ਭਿਆਣਕ ਗੜਗੜ ਸੀ ਅਤੇ ਥੱਲੇ ਧਰਤੀ ’ਤੇ ਤੂਫ਼ਾਨੀ ਹਵਾ ਦਾ ਡਰਾਉਣਾ ਸ਼ੋਰ।
ਮੈਂ ਹੋਰ ਦਿਨਾਂ ਨਾਲੋਂ ਤੇਜ਼ ਨਾਲ ਓਸ ਕਾਰੀਡੋਰ ਨੂੰ ਪਾਰ ਕਰਨ ਲੱਗਾ। ਮੇਰੇ ਜੁੱਤਿਆਂ ਦੀ ਰਬੜ ਦੀ ਫ਼ਰਸ਼ ਉੱਤੇ ਲੱਗਦੀ ਰਗੜ ਨਾਲ ਓਸ ਚੁੱਪ-ਚਾਂ ਵਿਚ ਇੱਕ ਹੋਰ ਹੀ ਤਰ੍ਹਾਂ ਦੀ ਅਵਾਜ਼ ਪੈਦਾ ਹੋ ਰਹੀ ਸੀ। ਉਹ ਫ਼ਰਸ਼ ਕਾਈ ਦੇ ਰੰਗ ਦਾ ਸੀ। ਮੈਨੂੰ ਅੱਜ ਵੀ ਚੇਤੇ ਹੈ।
ਸਕੂਲ ਦਾ ਮੇਨ-ਗੇਟ ਅੱਧਾ ਕੱਰੀਡੋਰ ਪਾਰ ਕਰਨ ਤੋਂ ਬਾਅਦ ਆਉਂਦਾ ਸੀ, ਅਤੇ ਜਦੋਂ ਮੈਂ ਓਸ ਥਾਂ ਤੋਂ ਲੰਘਿਆ ਤਾਂ ਮੈਨੂੰ ਲੱਗਾ....ਉਹ ਕੀ ਸੀ--? ਮੈਨੂੰ ਲੱਗਾ ਜਿਵੇਂ ਮੈਨੂੰ ਹਨੇਰੇ ਵਿਚ ਕੋਈ ਚੀਜ਼ ਦਿਸੀ ਸੀ। ਮੈਂ ਬੁਰੀ ਤਰ੍ਹਾਂ ਘਾਬਰ ਗਿਆ। ਮੈਨੂੰ ਤ੍ਰੇਲੀਆਂ ਆ ਗਈਆਂ। ਤਲਵਾਰ ਦੀ ਮੁੱਠ ਉੱਤੇ ਆਪਣੀ ਪਕੜ ਮਜ਼ਬੂਤ ਕਰਦਾ ਕਰਦਾ ਮੈਂ ਓਧਰ ਨੂੰ ਮੁੜਿਆ ਜਿੱਧਰੋਂ ਮੈਨੂੰ ਕੁਝ ਦਿਸਿਆ ਸੀ। ਮੈਂ ਆਪਣੀ ਟੌਰਚ ਦੀ ਰੌਸ਼ਨੀ ਸ਼ੂ-ਰੈਕ ਦੇ ਨਾਲ ਲੱਗਵੀਂ ਕੰਧ ਉੱਤੇ ਪਾਈ। ਓਅ! ਤਾਂ ਇਹ ਗੱਲ ਸੀ। ਅਸਲ ਵਿਚ ਓਥੇ ਇੱਕ ਆਦਮਕੱਦ ਸ਼ੀਸ਼ਾ ਖੜ੍ਹਾ ਸੀ ਜਿਸ ਵਿਚ ਮੇਰਾ ਹੀ ਅਕਸ ਦਿਸ ਰਿਹਾ ਸੀ। ਪਰ ਪਿਛਲੀ ਰਾਤ ਤਾਂ ਇੱਥੇ ਕੋਈ ਸ਼ੀਸ਼ਾ ਨਹੀਂ ਸੀ। ਯਾਨੀ ਕੱਲ੍ਹ ਦਿਨੇ ਹੀ ਕਿਸੇ ਨੇ ਇਹ ਸ਼ੀਸ਼ਾ ਇੱਥੇ ਰੱਖ ਦਿੱਤਾ ਹੋਏਗਾ। ਹੇ ਰੱਬਾ, ਮੈਂ ਕਿੰਨਾ ਘਾਬਰ ਗਿਆ ਸੀ। ਜਿਵੇਂ ਮੈਂ

# ਸ਼ੀਸ਼ਾ

## ਹਾਰੁਕੀ ਮੁਰਾਕਾਮੀ

ਦੱਸਿਆ ਹੈ, ਉਹ ਇੱਕ ਆਦਮਕੱਦ ਸ਼ੀਸ਼ਾ ਸੀ। ਉਹ ਤਾਂ ਸ਼ੀਸ਼ੇ ਵਿਚ ਬੱਸ ਮੇਰਾ ਹੀ ਅਕਸ ਸੀ, ਇਹ ਵੇਖ ਕੇ ਮੈਨੂੰ ਕੁਝ ਰਾਹਤ ਮਹਿਸੂਸ ਹੋਈ। ਪਰ ਨਾਲ ਹੀ ਮੈਨੂੰ ਆਪਣੇ ਬੁਰੀ ਤਰ੍ਹਾਂ ਘਾਬਰ ਜਾਣ ਦੀ ਗੱਲ ਬਹੁਤੀ ਹੀ ਬੇਵਕੂਫ਼ਾਨਾ ਲੱਗੀ। ਲੈ ਸਿਰਫ਼ ਇਹ ਗੱਲ ਸੀ---ਮੈਂ ਆਪਣੇ ਆਪ ਨੂੰ ਕਿਹਾ। ਕਿਆ ਬੇਵਕੂਫ਼ੀ ਹੈ! ਮੈਂ ਆਪਣੀ ਟੌਰਚ ਥੱਲੇ ਰੱਖ ਜੇਬ 'ਚੋਂ ਇੱਕ ਸਿਗਰਟ ਕੱਢੀ ਅਤੇ ਬਾਲ਼ ਲਈ। ਇੱਕ ਡੂੰਘਾ ਕਸ਼ ਭਰ ਕੇ ਮੈਂ ਉਸ ਸ਼ੀਸ਼ੇ ਵਿਚ ਆਪਣੇ ਅਕਸ ਵੱਲ ਨਜ਼ਰ ਘੁਮਾਈ। ਬਾਹਰ ਸੜਕ ਤੋਂ ਇੱਕ ਮੱਧਮ ਰੌਸ਼ਨੀ ਖਿੜਕੀ ਵਿੱਚੋਂ ਓਸ ਸ਼ੀਸ਼ੇ ਤੱਕ ਪਹੁੰਚ ਰਹੀ ਸੀ। ਮੇਰੇ ਪਿੱਛਲੇ ਬੰਨੇ ਸਵਿਮਿੰਗ-ਪੂਲ ਦਾ ਅੱਧ-ਟੁੱਟਾ ਦਰਵਾਜ਼ਾ ਤੂਫ਼ਾਨੀ ਹਵਾ ਵਿਚ ਅਜੇ ਵੀ ਝੱਲਾ ਹੋਇਆ ਵੱਜੀ ਜਾ ਰਿਹਾ ਸੀ।

ਸਿਗਰਟ ਦੇ ਕੁਝ ਡੂੰਘੇ ਕਸ਼ ਭਰ ਲੈਣ ਤੋਂ ਬਾਅਦ ਮੈਨੂੰ ਅਚਾਨਕ ਇੱਕ ਅਜੀਬ ਗੱਲ ਨਜ਼ਰ ਆਈ---ਸ਼ੀਸ਼ੇ ਵਿਚ ਦਿਸ ਰਿਹਾ ਮੇਰਾ ਅਕਸ ਅਸਲ ਵਿਚ ਮੈਂ ਨਹੀਂ ਸੀ। ਬਾਹਰੋਂ ਉਹ ਬਿਲਕੁਲ ਮੇਰੇ ਵਾਂਙੂੰ ਲੱਗ ਰਿਹਾ ਸੀ, ਪਰ ਪੱਕੀ ਗੱਲ ਉਹ ਮੈਂ ਨਹੀਂ ਸੀ। ਨਹੀਂ, ਇਹ ਗੱਲ ਨਹੀਂ ਸੀ। ਉਹ 'ਮੈਂ' ਤਾਂ ਸੀ ਪਰ ਕੋਈ ਦੂਜਾ ਹੀ ਮੈਂ ਸੀ। ਕੋਈ ਦੂਜਾ ਮੈਂ, ਜਿਸਨੂੰ ਨਹੀਂ ਹੋਣਾ ਚਾਹੀਦਾ ਸੀ। ਮੈਨੂੰ ਨਹੀਂ ਪਤਾ, ਮੈਂ ਇਹ ਤੁਹਾਨੂੰ ਕਿਵੇਂ ਸਮਝਾਵਾਂ। ਮੈਨੂੰ ਓਸ ਵੇਲੇ ਕਿਹੋ ਜਿਹਾ ਮਹਿਸੂਸ ਹੋ ਰਿਹਾ ਸੀ, ਇਹ ਬਿਆਨ ਕਰ ਸਕਣਾ ਔਖਾ ਹੈ। ਜੋ ਮੈਨੂੰ ਸਮਝ ਆਇਆ ਉਹ ਇਹ ਸੀ ਕਿ ਸ਼ੀਸ਼ੇ ਵਿਚ ਮੌਜੂਦ ਉਹ ਅਕਸ ਮੇਰੇ ਨਾਲ ਹੱਦੋਂ ਵੱਧ ਨਫ਼ਰਤ ਕਰਦਾ ਸੀ। ਉਸਦੇ ਅੰਦਰ ਨਫ਼ਰਤ ਇਸ ਤਰ੍ਹਾਂ ਭਰੀ ਹੋਈ ਸੀ ਜਿਵੇਂ ਹਨੇਰੇ ਸਮੁੰਦਰ 'ਚ ਬਰਫ਼ ਦਾ ਤੋਦਾ ਤਰ ਰਿਹਾ ਹੋਏ। ਇੱਕ ਅਜਿਹੀ ਨਫ਼ਰਤ ਜਿਸਨੂੰ ਕੋਈ ਕਦੇ ਮਿਟਾਅ ਨਾ ਸਕੇ।

ਮੈਂ ਕੁਝ ਚਿਰ ਓਥੇ ਡੌਰ ਭੌਰ ਜਿਹਾ ਖਲੋਤਾ ਰਹਿ ਗਿਆ। ਮੇਰੀ ਸਿਗਰਟ ਮੇਰੀਆਂ ਉਂਗਲਾਂ 'ਚੋਂ ਤਿਲ੍ਹਕ ਕੇ ਫ਼ਰਸ਼ 'ਤੇ ਜਾ ਪਈ। ਸ਼ੀਸ਼ੇ 'ਚ ਮੌਜੂਦ ਸਿਗਰਟ ਵੀ ਫ਼ਰਸ਼ 'ਤੇ ਡਿੱਗ ਪਈ। ਅਸੀਂ ਇੱਕ ਦੂਜੇ ਨੂੰ ਘੂਰਦੇ ਓਥੇ ਖੜ੍ਹੇ ਸੀ। ਮੈਨੂੰ ਲੱਗਾ ਜਿਵੇਂ ਕਿਸੇ ਨੇ ਮੇਰੇ ਹੱਥ-ਪੈਰ ਬੰਨ੍ਹ ਦਿੱਤੇ ਹੋਣ। ਮੈਂ ਹਿੱਲ ਵੀ ਨਹੀਂ ਸਕਦਾ ਪਿਆ ਸੀ। ਅਖੀਰ ਉਸਦਾ ਹੱਥ ਹਿੱਲਿਆ। ਉਸਦੇ ਸੱਜੇ ਹੱਥ ਦੀਆਂ ਉਂਗਲਾਂ ਉਸਦੀ ਠੋਡੀ ਨੂੰ ਛੋਹਿਆ, ਅਤੇ ਫੇਰ ਇੱਕ ਕੀੜੇ ਵਾਂਗ ਹੌਲੀ ਹੌਲੀ ਰੀਂਗਦੀਆਂ ਉਹ ਉਂਗਲਾਂ ਉਸਦੇ ਚਿਹਰੇ ਵੱਲ ਨੂੰ ਵਧੀਆਂ। ਅਚਾਨਕ ਮੈਨੂੰ ਮਹਿਸੂਸ ਹੋਇਆ ਕਿ ਮੇਰੀਆਂ ਉਂਗਲਾਂ ਵੀ ਐਨ ਓਹੋ ਜਿਹੀਆਂ ਹੀ ਹਰਕਤਾਂ ਕਰ ਰਹੀਆਂ ਹਨ। ਇਓਂ ਸੀ ਜਿਵੇਂ ਮੈਂ ਸ਼ੀਸ਼ੇ ਵਾਲੇ ਓਸ ਜਣੇ ਦਾ ਅਕਸ ਸੀ ਅਤੇ ਉਹ ਮੇਰੀਆਂ ਹਰਕਤਾਂ ਉੱਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ। ਅੰਦਰੋਂ ਮੈਂ ਆਪਣੀ ਅਖੀਰੀ ਤਾਕਤ ਇਕੱਠੀ ਕਰ ਕੇ ਬੜੀ ਜ਼ੋਰ ਨਾਲ ਚੀਕਿਆ, ਅਤੇ ਮੈਨੂੰ ਜਮੂਦ ਵਾਂਙੂੰ ਜਕੜ ਕੇ ਰੱਖ ਰਹੇ ਬੰਨ੍ਹਣ ਜਿਵੇਂ ਟੁੱਟ ਗਏ। ਮੈਂ ਆਪਣੇ ਹੱਥ ਵਿਚ ਫੜੀ ਲੱਕੜ ਦੀ ਤਲਵਾਰ ਉਤਾਂਹ ਚੁੱਕੀ ਅਤੇ ਉਸ ਆਦਮਕੱਦ ਸ਼ੀਸ਼ੇ ਉੱਤੇ ਜ਼ੋਰ ਨਾਲ ਚਲਾਈ। ਕੱਚ ਭੱਜ ਕੇ ਚੂਰ-ਚੂਰ ਹੋਣ ਦੀ ਮੈਨੂੰ ਅਵਾਜ਼ ਆਈ, ਪਰ ਆਪਣੇ ਕਮਰੇ ਵੱਲ ਬੇਤਹਾਸ਼ਾ ਭੱਜਦਿਆਂ ਮੈਂ ਪਿੱਛੇ ਮੁੜ ਕੇ ਨਾ ਵੇਖਿਆ।

ਕਮਰੇ ਵਿਚ ਪਹੁੰਚਦਿਆਂ ਹੀ ਮੈਂ ਦਰਵਾਜ਼ਾ ਅੰਦਰੋਂ ਬੰਦ ਕਰ ਲਿਆ ਅਤੇ ਬਿਸਤਰੇ ਉੱਤੇ ਪਈ ਰਜ਼ਾਈ ਵਿਚ ਵੜਨ ਦੀ ਕੀਤੀ।

ਹਾਲਾਂਕਿ ਮੈਨੂੰ ਆਪਣੀ ਬਲ਼ਦੀ ਸਿਗਰਟ ਓਥੇ ਫ਼ਰਸ਼ ਉੱਤੇ ਹੀ ਡਿੱਗੀ ਹੋਣ ਵੱਲੋਂ ਫ਼ਿਕਰ ਹੋਇਆ, ਪਰ ਹੁਣ ਮੈਂ ਓਥੇ ਵਾਪਸ ਤਾਂ ਕਿਸੇ ਹਾਲਤ ਵਿਚ ਨਹੀਂ ਸੀ ਜਾ ਸਕਣਾ।

ਬਾਹਰ ਤੂਫ਼ਾਨੀ ਹਵਾ ਪਰਚੰਡ ਵੇਗ ਨਾਲ ਰੌਲਾ ਪਾਉਂਦੀ ਰਹੀ। ਸਵਿਮਿੰਗ-ਪੂਲ ਦਾ ਅੱਧ-ਟੁੱਟਾ ਦਰਵਾਜ਼ਾ ਵੀ ਸਵੇਰ ਤੱਕ ਝੱਲ ਵਿਚ ਓਸੇ ਤਰ੍ਹਾਂ ਬੇਤਾਲਾ-ਜਿਹਾ ਵੱਜਦਾ ਰਿਹਾ....

ਮੈਨੂੰ ਪੂਰਾ ਵਿਸ਼ਵਾਸ ਹੈ, ਤੁਹਾਨੂੰ ਮੇਰੀ ਕਹਾਣੀ ਦਾ ਅੰਤ ਪਤਾ ਲੱਗ ਗਿਆ ਹੋਏਗਾ। ਅਸਲ ਵਿਚ ਓਥੇ ਕਦੇ ਕੋਈ ਸ਼ੀਸ਼ਾ ਹੈ ਹੀ ਨਹੀਂ ਸੀ।

ਸੂਰਜ ਚੜ੍ਹਨ ਤੋਂ ਪਹਿਲਾਂ ਹੀ ਚੱਕਰਵਾਤ ਦਾ ਕਹਿਰ ਖ਼ਤਮ ਹੋ ਚੁੱਕਾ ਸੀ। ਤੂਫ਼ਾਨੀ ਹਵਾ ਚੱਲਣੀ ਬੰਦ ਹੋ ਗਈ ਸੀ, ਅਤੇ ਬਾਹਰ ਇੱਕ ਸਾਫ਼ ਦਿਨ ਨਿੱਕਲ ਆਇਆ ਸੀ। ਮੈਂ ਸਕੂਲ ਦੇ ਮੇਨ-ਗੇਟ ਵੱਲ ਗਿਆ। ਮੇਰੀਆਂ ਉਂਗਲਾਂ ਵਿੱਚੋਂ ਤਿਲ੍ਹਕ ਕੇ ਡਿੱਗੀ ਸਿਗਰਟ ਦਾ ਟੁਕੜਾ ਅਜੇ ਵੀ ਓਥੇ ਹੀ ਸੀ। ਟੁੱਟ ਚੁੱਕੀ ਮੇਰੀ ਤਲਵਾਰ ਵੀ ਓਥੇ ਪਈ ਸੀ। ਪਰ ਓਥੇ ਕੋਈ ਸ਼ੀਸ਼ਾ ਨਹੀਂ ਸੀ। ਟੁੱਟੇ ਕੱਚ ਦੇ ਟੁਕੜੇ ਵੀ ਨਹੀਂ ਸਨ। ਬਾਅਦ ਵਿਚ ਪੁੱਛਿਆ-ਪੁਛਾਇਆ ਤਾਂ ਮੈਨੂੰ ਪਤਾ ਲੱਗਾ ਕਿ ਓਥੇ ਕਦੇ ਕਿਸੇ ਕੋਈ ਸ਼ੀਸ਼ਾ ਨਹੀਂ ਸੀ ਰੱਖਿਆ।

ਮੈਂ ਜੋ ਓਥੇ ਵੇਖਿਆ, ਉਹ ਭੂਤ ਨਹੀਂ ਸੀ। ਉਹ ਤਾਂ ਮੈਂ ਹੀ ਸੀ। ਮੈਂ ਇਸ ਗੱਲ ਨੂੰ ਕਦੇ ਨਹੀਂ ਭੁਲਾਅ ਪਾਉਂਦਾ ਕਿ ਮੈਂ ਓਸ ਰਾਤ ਕਿੰਨਾ ਡਰ ਗਿਆ ਸੀ। ਜਦੋਂ ਵੀ ਮੈਨੂੰ ਉਹ ਰਾਤ ਚੇਤੇ ਆਉਂਦੀ ਹੈ, ਮੇਰੇ ਜ਼ਿਹਨ ਵਿਚ ਇਹੀ ਵਿਚਾਰ ਬਿਜਲੀ ਵਾਂਗ ਫਿਰਦਾ ਹੈ: ਕਿ ਦੁਨੀਆ ਵਿਚ ਸਭ ਤੋਂ ਡਰਾਉਣੀ ਚੀਜ਼ ਸਾਡਾ ਆਪਣਾ ਹੀ ਰੂਪ ਹੈ। ਤੁਹਾਡਾ ਇਸ ਬਾਰੇ ਕੀ ਖ਼ਿਆਲ ਹੈ?

ਤੁਸੀਂ ਵੇਖਿਆ ਹੀ ਹੋਏਗਾ ਕਿ ਇੱਥੇ ਮੇਰੇ ਇਸ ਘਰ ਵਿਚ ਇੱਕ ਵੀ ਸ਼ੀਸ਼ਾ ਨਹੀਂ। ਸੱਚ ਜਾਣੋ-- ਬਿਨਾ ਸ਼ੀਸ਼ੇ ਦੇ ਦਾੜ੍ਹੀ ਬਨਾਉਣੀ ਸਿੱਖਣਾ ਕੋਈ ਸੌਖਾ ਨਹੀਂ ਸੀ।

*ਸੁਸ਼ਾਂਤ*

*ਸੁਪ੍ਰਿਯ ਦੇ ਹਿੰਦੀ ਅਨੁਵਾਦ ਦੀ ਮਦਦ ਨਾਲ ਕੀਤਾ ਪੰਜਾਬੀ ਅਨੁਵਾਦ- ਪੂਨਮ ਸਿੰਘ*

("The Mirror"- Haruki Murakami; audio book in Hindi is available on the net)

# ਛੂਈ-ਮੂਈ

ਸੁਸ਼ਾਂਤ ਸੁਪ੍ਰਿਅ



(ਤੁਸੀਂ ਵੱਡੇ ਆਦਮੀ ਹੋ ਗਏ ਹੋ। ਕਾਰ ਵਿਚ ਜਾਂਦੇ ਹੋ। ਛੁਰੀ-ਚਮਚੇ ਨਾਲ ਖਾਂਦੇ ਹੋ। ਹਵਾਈ ਜਹਾਜ਼ਾਂ ਵਿਚ ਦੇਸ਼-ਵਿਦੇਸ਼ ਦੀਆਂ ਸੈਰਾਂ ਕਰਦੇ ਹੋ। ਕਾਨਫ੍ਰੰਸਾਂ ਲਈ ਪੰਜ-ਤਾਰਾ ਹੋਟਲਾਂ ਵਿਚ ਠਹਿਰਦੇ ਹੋ। ਪੜ੍ਹੀ-ਲਿਖੀ, ਖ਼ੂਬਸੂਰਤ ਸਾਊ ਨਾਰੀ ਨਾਲ ਤੁਹਾਡਾ ਵਿਆਹ ਹੋ ਚੁੱਕਾ ਹੈ। ਪਰ ਆਪਣੀਆਂ ਯਾਦਾਂ ਦਾ ਤੁਸੀਂ ਕੀ ਕਰੋਗੇ? ਕੁਝ ਯਾਦਾਂ ਹੁੰਦੀਆਂ ਹਨ ਜਿਨ੍ਹਾਂ ਦੀਆਂ ਜੜ੍ਹਾਂ ਹੋਰ ਸਭ ਯਾਦਾਂ ਤੋਂ ਵੱਧ ਡੂੰਘੀਆਂ ਜਾਂਦੀਆਂ ਹਨ। ਸਮੇਂ ਅਤੇ ਥਾਂ ਦੀ ਦੂਰੀ ਵੀ ਉਨ੍ਹਾਂ ਨੂੰ ਤੁਹਾਡੇ ਤੋਂ ਕਦੇ ਅੱਡ ਨਹੀਂ ਕਰ ਸਕਦੀ। ਅਕਸਰ ਤੁਹਾਡਾ ਮਨ ਤੁਹਾਨੂੰ ਓਸੇ ਬੀਤੇ ਵਿਚ ਲਿਜਾਣਾ ਚਾਹੁੰਦਾ ਹੈ ਜਿੱਥੇ ਤੁਹਾਡਾ ਇੱਕ ਟੁਕੜਾ ਪਿੱਛੇ ਛੁੱਟ ਗਿਆ ਹੈ।

ਜਿਵੇਂ ਕਾਲੀ ਰਾਤ ਵਿਚ ਅਸਮਾਨ ਵਿਚ ਬਿਜਲੀ ਲਿਸ਼ਕਣ 'ਤੇ ਛਿਣ ਕੁ ਲਈ ਚਾਨਣ ਹੋ ਜਾਂਦਾ ਹੈ ਅਤੇ ਤੁਹਾਨੂੰ ਪਲ ਭਰ ਲਈ ਹੀ ਸਹੀ, ਸਭ ਕੁਝ ਸਾਫ਼ ਸਾਫ਼ ਦਿਸਣ ਲੱਗਦਾ ਹੈ...)

ਤਾਂ ਓਸ ਪਿੰਡ ਇੱਕ ਘਰ ਹੈ ਜਿਸ ਵਿਚ ਮੈਂ ਰਹਿੰਦਾ ਹਾਂ। ਉਸ ਘਰ ਦੇ ਮਰਦ ਜਨੇਊ ਪਹਿਨਦੇ ਹਨ। ਉਸ ਪਿੰਡ ਦੇ ਬਿਨ ਇਮਾਰਤ, ਬਿਨ ਛੱਤ ਵਾਲੇ ਸਕੂਲ ਵਿਚ ਇੱਕ ਮਾਸਟਰਜੀ ਪੜ੍ਹਾਉਂਦੇ ਹਨ ਜਿਨ੍ਹਾਂ ਨੂੰ ਅਸੀਂ 'ਸੁਕੁਲ ਮਾਸਟਰਜੀ' ਸੱਦਦੇ ਹਾਂ। ਮੈਂ ਉਸ ਸਕੂਲ ਵਿਚ ਪੜ੍ਹਦਾ ਹਾਂ। ਉਨ੍ਹਾਂ ਦੇ ਸੋਟੇ ਤੋਂ ਡਰਦਾ ਹਾਂ। ਪਿੰਡ ਦੇ ਇੱਕ ਖੂਹ ਦੇ ਚੌਂਤਰੇ 'ਤੇ ਖੇਡਦਾ ਹਾਂ। ਪਿੰਡ ਦੇ ਮੰਦਰ ਵਿਚ ਪਿਤਾਜੀ ਨਾਲ ਪੂਜਾ ਕਰਨ ਜਾਂਦਾ ਹਾਂ। ਪਰ ਪਿੰਡ ਵਿਚ ਅਜਿਹੇ ਬੱਚੇ ਵੀ ਹਨ ਜਿਹੜੇ ਇਸ ਸਕੂਲ ਵਿਚ ਨਹੀਂ ਪੜ੍ਹ ਸਕਦੇ। ਜਿਹੜੇ ਖੂਹ ਦੇ ਚੌਂਤਰੇ 'ਤੇ ਪੈਰ ਨਹੀਂ ਧਰ ਸਕਦੇ। ਜਿਹੜੇ ਪਿੰਡ ਦੇ ਮੰਦਰ ਦੀਆਂ ਪੌੜੀਆਂ ਨਹੀਂ ਚੜ੍ਹ ਸਕਦੇ। ਜਿਹੜੇ ਉਸ ਮੰਦਰ ਵਿਚ ਪੂਜਾ ਨਹੀਂ ਕਰ ਸਕਦੇ।

ਇੱਕ ਦਿਨ ਸਕੂਲੋਂ ਬਾਅਦ ਮੈਂ ਖੇਡਦਾ ਖੇਡਦਾ ਚੂਹੇਖਾਣਿਆਂ (ਮੁਸਾਹਰਾਂ- ਸੰ.) ਦੇ ਪਾਸੇ ਵੱਲ ਨੂੰ ਨਿੱਕਲ ਗਿਆ, ਹਾਲਾਂਕਿ ਓਧਰ ਜਾਣਾ ਮਨ੍ਹਾਂ ਸੀ। ਓਥੇ ਇੱਕ ਨੌਂ-ਦਸ ਸਾਲਾਂ ਦੀ ਕੁੜੀ ਤਲਾਅ ਕੰਢੇ ਮੱਛੀ ਫੜ ਰਹੀ ਸੀ। ਉਹ ਕੁੜੀ ਮੈਨੂੰ ਚੰਗੀ ਲੱਗੀ।

"ਨੀ ਕੁੜੀਏ, ਤੇਰਾ ਨਾਂ ਕੀ ਐ? ਮੇਰੇ ਨਾਲ ਦੋਸਤੀ ਕਰੇਂਗੀ? ਮੈਨੂੰ ਮੱਛੀ ਫੜਨੀ ਸਿਖਾਏਂਗੀ?" ਮੈਂ ਧਕ ਧਕ ਕਰਦੇ ਦਿਲ ਨਾਲ ਪੁੱਛਿਆ।

"ਧਨੀਆ।" ਉਸ ਨੇ ਕਿਹਾ। "ਮੈਨੂੰ ਆਪਣੇ ਨਾਲ ਅਸਕੂਲੇ ਲਿਜਾਏਂਗਾ?"

ਚੰਗਾ ਹੈ, ਸਕੂਲ ਵਿਚ ਇਸ ਦਾ ਸਾਥ ਰਹੇਗਾ, ਇਹ ਸੋਚ ਮੈਂ ਛੇਤੀ ਦੇਣੀ ਹਾਂ ਕਰ ਦਿੱਤੀ। ਹਾਲਾਂਕਿ ਮੈਨੂੰ ਮਾਂ-ਪਿਤਾਜੀ ਦੀ ਗੱਲ ਯਾਦ ਆਈ ਕਿ ਚੂਹੇਖਾਣਿਆ ਵਾਲੇ ਪਾਸੇ ਗੰਦੇ ਲੋਕ ਰਹਿੰਦੇ ਹਨ, ਓਧਰ ਨਹੀਂ ਜਾਣਾ ਚਾਹੀਦਾ। ਅਤੇ ਇਹ ਸੋਚ ਕੇ ਕਿ ਮੈਂ ਚੂਹੇਖਾਣਿਆ ਦੀ ਇੱਕ ਕੁੜੀ ਨੂੰ ਆਪਣੀ ਦੋਸਤ ਬਣਾਅ ਲਿਆ ਹੈ, ਮੈਨੂੰ ਡਰ ਵੀ ਲੱਗਾ। ਕਿਤੇ ਵੱਡੇ ਵੀਰ ਜਾਂ ਵੱਡੀ ਭੈਣ ਨੇ ਵੇਖ ਲਿਆ ਤਾਂ? ਮਾਂ-ਪਿਤਾਜੀ ਨੂੰ ਪਤਾ ਲੱਗ ਗਿਆ ਤਾਂ ਫੇਰ? ਪਰ ਧਨੀਆ ਨਾਲ ਦੋਸਤੀ ਦੀ ਖਿੱਚ ਓਸ ਡਰ ਤੋਂ ਵੱਡੀ ਸੀ।

ਫੇਰ ਕੀ ਸੀ? ਮੈਂ ਰੋਜ਼ ਸਕੂਲ ਤੋਂ ਮੁੜਦਿਆਂ ਕੁਝ ਚਿਰ ਚੂਹੇਖਾਣਿਆਂ ਵਾਲੇ ਪਾਸੇ ਤੋਂ ਵੀ ਅੱਗੇ ਪਿੰਡੋਂ ਬਾਹਰ ਉੱਗੇ ਜੰਗਲ ਵਿਚ ਧਨੀਆ ਨੂੰ ਮਿਲਣ ਜਾਣ ਲੱਗ ਪਿਆ। ਕੁਝ ਹੀ ਦਿਨਾਂ ਵਿਚ ਚੂਹੇਖਾਣਿਆਂ ਵਾਲੇ ਪਾਸੇ ਦੇ ਕਈ ਹੋਰ ਮੁੰਡੇ ਵੀ ਮੇਰੇ ਚੰਗੇ ਆੜੀ ਬਣ ਗਏ। ਕਲੂਆ, ਬਿਸੇਸਰਾ, ਗਨੇਸੀ, ਰਮੂਆ...

ਸਾਰੇ ਧਨੀਆ ਨਾਲ ਓਸੇ ਜੰਗਲ ਵਿਚ ਫਿਰਦੇ ਰਹਿੰਦੇ ਸਨ। ਉਨ੍ਹਾਂ ਦੀਆਂ ਨਲੀਆਂ ਚੋਅ ਰਹੀਆਂ ਹੁੰਦੀਆਂ। ਉਨ੍ਹਾਂ ਦੇ ਕੱਪੜੇ ਪਾਟੇ ਹੋਏ ਅਤੇ ਗੰਦੇ ਹੁੰਦੇ। ਫੇਰ ਵੀ ਉਹ ਮੈਨੂੰ ਚੰਗੇ ਲੱਗਦੇ। ਉਹ ਸ਼ਹਿਦ ਦੇ ਛੱਤੇ ਵਿਚ ਅੱਗ ਲਾ ਕੇ ਸ਼ਹਿਦ ਕੱਢ ਲੈਂਦੇ ਸੀ, ਗੁਲੇਲ ਨਾਲ ਨਿਸ਼ਾਨਾ ਲਾ ਕੇ ਉੱਡਦੀ ਚਿੜੀ ਸੁੱਟ ਲੈਂਦੇ ਸੀ।

"ਮੈਨੂੰ ਵੀ ਗੁਲੇਲ ਚਲਾਉਣੀ ਸਿਖਾਓ ਨਾ," ਇੱਕ ਦਿਨ ਮੈਂ ਜ਼ਿੱਦ ਕੀਤੀ।

"ਤੇਰੇ ਬਾਪੂ ਨੂੰ ਪਤਾ ਲੱਗ ਗਿਆ ਤੂੰ ਸਾਡੇ ਸਾਰਿਆਂ ਨਾਲ ਘੁੰਮਦੈਂ ਤਾਂ ਤੈਨੂੰ ਬੜੀ ਕੁੱਟ ਪਏਗੀ।" ਧਨੀਆ ਕਹਿੰਦੀ।

"ਕਿਓਂ?" ਮੈਨੂੰ ਪਤਾ ਸੀ ਪਰ ਮੈਂ ਬੜੇ ਭੋਲੇਪਣ ਨਾਲ ਪੁੱਛਿਆ।

"ਸਾਡੇ ਜਿਹਿਆਂ ਨਾਲ ਘੁੰਮਣ-ਫਿਰਨ ਨਾਲ, ਸਾਡਾ ਛੋਹਿਆ ਖਾਣ-ਪੀਣ ਨਾਲ ਤੁਹਾਡਾ ਧਰਮ ਖਰਾਬ ਹੋ ਜਾਏਗਾ।" ਬਸੇਸਰ ਕਹਿੰਦਾ।

"ਆਪਾਂ ਨਹੀਂ ਮੰਨਦੇ।" ਮੈਂ ਕਿਹਾ।

ਇੱਕ ਬਾਰਾਂ ਸਾਲਾਂ ਦੇ ਬੱਚੇ ਲਈ ਤਲਾਅ ਦੇ ਪਾਣੀ ਵਿਚ ਸਪਾਟ ਰੋੜੇ ਨਾਲ 'ਛਿਛਲੀ' ਖੇਡਣੀ ਸਿੱਖਣ, ਅੰਬ ਦੇ ਰੁੱਖਾਂ 'ਤੇ ਚੜ੍ਹਨਾ ਸਿੱਖਣ ਅਤੇ ਮੱਛੀ ਫੜਨਾ ਸਿੱਖਣ ਜਿਹੇ ਕੰਮ 'ਧਰਮ' ਬਾਰੇ ਸੋਚਣ ਤੋਂ ਵੱਧ ਜ਼ਰੂਰੀ ਸਨ। ਉਂਝ ਵੀ ਮੈਨੂੰ ਉਨ੍ਹਾਂ ਦਾ ਸਾਥ

# ਛੂਈ-ਮੂਈ

ਚੰਗਾ ਲੱਗਦਾ ਸੀ। ਏਸ ਲਈ ਘਰ ਪਤਾ ਲੱਗ ਜਾਣ 'ਤੇ ਕੁਟਾਈ ਦਾ ਡਰ ਹੁੰਦਿਆਂ ਵੀ ਮੈਂ ਉਨ੍ਹਾਂ ਸਾਰਿਆਂ ਦਾ ਸਾਥ ਨਾ ਛੱਡਿਆ।

ਇੱਕ ਦਿਨ ਮੈਂ ਉਨ੍ਹਾਂ ਤੋਂ ਪੁੱਛਿਆ-- "ਚੰਗਾ, ਦੱਸੋ, ਮੈਨੂੰ ਤੁਸੀਂ ਸਾਰੇ ਕਿਓਂ ਚੰਗੇ ਲੱਗਦੇ ਓ?"

ਇਸ ਤੋਂ ਪਹਿਲਾਂ ਕਿ ਮੇਰੇ ਬਾਕੀ ਸਾਥੀ ਕੁਝ ਕਹਿ ਸਕਦੇ, ਧਨੀਆ ਤੜੱਕ ਦੇਣੀ ਬੋਲੀ-- "ਪਿਛਲੇ ਜਨਮ ਵਿਚ ਤੂੰ ਵੀ ਚੂਹੇਖਾਣਾ ਹੋਏਂਗਾ, ਹੋਰ ਕੀ!" ਪਤਾ ਨਹੀਂ ਕਿਉਂ ਇਹ ਸੁਣ ਕੇ ਮੈਨੂੰ ਬਹੁਤ ਚੰਗਾ ਲੱਗਾ।

"ਇਹ ਕਿਹੜਾ ਬੂਟਾ ਹੈ?" ਇੱਕ ਦਿਨ ਤਲਾਅ ਕੰਢੇ ਘੁੰਮਦਿਆਂ ਮੈਂ ਪੁੱਛਿਆ। ਪੱਤੀਆਂ ਨੂੰ ਹੱਥ ਲਾਉਂਦਿਆਂ ਹੀ ਉਹ ਸੁੰਗੜ ਜਾਂਦੀਆਂ ਸਨ, ਇਕੱਠੀਆਂ ਹੋ ਜਾਂਦੀਆਂ ਸਨ। ਜਿਵੇਂ ਸੰਗ ਕੇ ਆਪਣੇ ਆਪ ਵਿਚ ਬੰਦ ਹੋ ਰਹੀਆਂ ਹੋਣ।

"ਇਹ ਛੂਈ-ਮੂਈ ਐ।" ਧਨੀਆ ਕਹਿੰਦੀ।

ਅਗਲੇ ਦਿਨ ਸ਼ਰਾਰਤ ਨਾਲ ਹੀ ਮੈਂ ਧਨੀਆ ਦੇ ਢਿੱਡ ਵਿਚ ਉਂਗਲ ਨਾਲ ਕੁਤਕੁਤਾੜੀ ਕੱਢ ਦਿੱਤੀ। ਉਹ ਹੱਸਦੀ ਹੱਸਦੀ ਜ਼ਮੀਨ 'ਤੇ ਡਿੱਗ ਕੇ ਲੋਟ ਪੋਟ ਹੋ ਗਈ। ਮੈਂ ਵੀ ਉਸ ਨਾਲ ਜ਼ਮੀਨ 'ਤੇ ਡਿੱਗ ਉਸਦੀ ਦੇਹ ਵਿਚ ਉਂਗਲਾਂ ਨਾਲ ਕੁਤਕੁਤਾਰੀਆਂ ਕਰਦਾ ਰਿਹਾ। ਇਸ ਸਭ ਦੇ ਦੌਰਾਨ ਮੇਰਾ ਮੂੰਹ ਉਸਦੇ ਮੂੰਹ ਦੇ ਨੇੜੇ ਆ ਗਿਆ ਅਤੇ ਮੈਂ ਉਸ ਨੂੰ ਗੱਲ੍ਹ 'ਤੇ ਚੁੰਮ ਲਿਆ। ਉਸਦਾ ਚਿਹਰਾ ਸ਼ਰਮ ਨਾਲ ਲਾਲ ਹੋ ਗਿਆ।

ਲੱਜ ਨਾਲ ਉਸਦੀ ਦੇਹ ਇੰਝ ਸਿਮਟ ਗਈ ਜਿਵੇਂ ਉਹ ਛੂਈ-ਮੂਈ ਦੀ ਪੱਤੀ ਹੋਏ।

"ਲੈ, ਤੂੰ ਤਾਂ ਬਿਲਕੁਲ ਛੂਈ-ਮੂਈ ਵਾਂਗੂੰ ਕਰਦੀ ਹੈਂ।" ਮੈਂ ਕਿਹਾ।

"ਹੌਅ ਹਾਇ!" ਆਖ ਉਹ ਓਥੋਂ ਭੱਜ ਗਈ।

"ਅੱਜ ਤੋਂ ਆਪਾਂ ਤੇਰਾ ਨਾਂ ਛੂਈ-ਮੂਈ ਰੱਖ ਦਿੱਤਾ ਹੈ।" ਮੈਂ ਆਵਾਜ਼ ਮਾਰੀ।

ਏਸੇ ਤਰ੍ਹਾਂ ਦਿਨ ਲੰਘਦੇ ਗਏ। ਇੱਕ ਦਿਨ ਸਕੂਲੋਂ ਬਾਅਦ ਜਦੋਂ ਮੈਂ, ਛੂਈ-ਮੂਈ ਅਤੇ ਹੋਰ ਦੋਸਤਾਂ ਨੂੰ ਮਿਲਣ ਗਿਆ ਤਾਂ ਉਨ੍ਹਾਂ ਮੈਨੂੰ ਮੇਰਾ ਵਾਅਦਾ ਚੇਤੇ ਕਰਾਇਆ ਕਿ ਮੈਂ ਉਨ੍ਹਾਂ ਸਾਰਿਆਂ ਨੂੰ ਵੀ ਆਪਣੇ ਨਾਲ ਸਕੂਲ ਲਿਜਾਵਾਂਗਾ। ਅਗਲੇ ਦਿਨ ਲਈ ਗੱਲ ਪੱਕੀ ਹੋ ਗਈ।

ਅਗਲੀ ਸਵੇਰ ਛੂਈ-ਮੂਈ ਅਤੇ ਮੇਰੇ ਦੂਜੇ ਸਾਥੀ ਸਕੂਲ ਕੋਲ ਮੈਨੂੰ ਉਡੀਕ ਰਹੇ ਸਨ। ਉਨ੍ਹਾਂ ਨੂੰ ਲੈ ਮੈਂ ਸੁਕੁਲ ਮਾਸਟਰਜੀ ਕੋਲ ਪੁੱਜਾ। ਉਨ੍ਹਾਂ ਨੂੰ ਵੇਖ ਸੁਕੁਲ ਮਾਸਟਰਜੀ ਦੇ ਮੱਥੇ 'ਤੇ ਵੱਟ ਪੈ ਗਏ।

"ਕੀ ਐ ਓਇ? ਅੱਜ ਦੇਰ ਨਾਲ ਕਿਉਂ ਆਇਆ ਹੈਂ?

"ਮੱਸਾਬ, ਇਹ ਮੇਰੇ ਦੋਸਤ ਹਨ। ਇਹ ਵੀ ਸਾਡੇ ਵਾਂਗ ਸਕੂਲ ਵਿਚ ਪੜ੍ਹਨਾ ਚਾਹੁੰਦੇ ਹਨ।" ਉਨ੍ਹਾਂ ਦੇ ਸਵਾਲ ਦਾ ਜਵਾਬ ਦਿੱਤੇ ਬਗੈਰ ਮੈਂ ਕਿਹਾ।

ਮਾਸਟਰ ਸਾਹਬ ਸ਼ਾਇਦ ਉਨ੍ਹਾਂ ਸਾਰਿਆਂ ਬਾਰੇ ਪਹਿਲਾਂ ਤੋਂ ਹੀ ਜਾਣਦੇ ਸੀ। ਉਨ੍ਹਾਂ ਸਾਰਿਆਂ ਨੂੰ ਜ਼ੋਰ ਦੀ ਝਿੜਕ ਕੇ ਉਹ ਬੋਲੇ--

"ਭੱਜੋ ਇੱਥੋਂ, ਸਹੁਰਿਓ! ਹੁਣ ਚੂਹੇਖਾਣੇ ਵੀ ਸਕੂਲ ਵਿਚ ਪੜ੍ਹਨਗੇ!"

ਇਹ ਸੁਣ ਛੂਈ-ਮੂਈ ਦੀਆਂ ਅੱਖਾਂ ਵਿਚ ਹੰਝੂ ਆ ਗਏ। ਮੈਨੂੰ ਬਹੁਤ ਬੁਰਾ ਲੱਗ ਰਿਹਾ ਸੀ। ਪਰ ਮੈਂ ਮਾਸਟਰ ਸਾਹਬ ਦੇ ਸੋਟੇ ਤੋਂ ਬਹੁਤ ਡਰਦਾ ਸੀ। ਕਲੂਆ, ਬਿਸੇਸਰ ਵਗੈਰਾ ਮਾਸਟਰ ਸਾਹਬ ਨੂੰ ਗਾਲ੍ਹਾਂ ਕੱਢਦੇ ਓਥੋਂ ਭੱਜ ਗਏ। ਛੂਈ-ਮੂਈ ਵੀ ਰੋਂਦੀ-ਰੋਂਦੀ ਓਥੋਂ ਚਲੀ ਗਈ।

"ਕੁੱਲ ਦਾ ਨਾਂ ਵਾਹਵਾ ਰੌਸ਼ਨ ਕਰ ਰਿਹਾ ਹੈਂ, ਬੱਬੂ!" ਉਨ੍ਹਾਂ ਦੇ ਜਾਣ ਤੋਂ ਬਾਅਦ ਮੈਨੂੰ ਸੋਟੇ ਨਾਲ ਕੁੱਟਦੇ ਮਾਸਟਰ ਸਾਹਬ ਬੋਲੇ।

ਓਸੇ ਦਿਨ ਉਨ੍ਹਾਂ ਮੇਰੇ ਪਿਤਾਜੀ ਨੂੰ ਸਾਰੀ ਗੱਲ ਦੱਸ ਦਿੱਤੀ। ਓਸ ਰਾਤ ਘਰ ਮੈਨੂੰ ਵਾਹਵਾ ਕੁੱਟ ਪਈ ਅਤੇ ਛੂਈ-ਮੂਈ ਅਤੇ ਚੂਹੇਖਾਣਿਆਂ ਵਾਲੇ ਪਾਸੇ ਦੇ ਮੇਰੇ ਹੋਰ ਆੜੀਆਂ ਨਾਲ ਮੇਰਾ ਮਿਲਣਾ-ਜੁਲਣਾ ਬੰਦ ਕਰਾਅ ਦਿੱਤਾ ਗਿਆ।

ਏਸ ਘਟਨਾ ਦੇ ਇੱਕ ਮਹੀਨੇ ਬਾਅਦ ਪਿਤਾਜੀ ਨੇ ਮੇਰਾ ਨਾਂ ਸ਼ਹਿਰ ਦੇ ਸਕੂਲ ਵਿਚ ਲਿਖਵਾਅ ਦਿੱਤਾ ਅਤੇ ਅੱਗੇ ਦੀ ਪੜ੍ਹਾਈ ਲਈ ਮੈਨੂੰ ਚਾਚਾਜੀ ਕੋਲ ਸ਼ਹਿਰ ਭੇਜ ਦਿੱਤਾ ਗਿਆ।

"ਪਿੰਡ ਵਿਚ ਰਹਿ ਇਹ ਮਾੜੀ ਸੰਗਤ ਵਿਚ ਵਿਗੜ ਰਿਹਾ ਸੀ।" ਮੈਨੂੰ ਸ਼ਹਿਰ ਤੱਕ ਛੱਡਣ ਆਏ ਪਿਤਾਜੀ ਨੇ ਚਾਚਾਜੀ ਨੂੰ ਕਿਹਾ।

ਹੁਣ ਮੈਂ ਸਾਲ ਵਿਚ ਇੱਕ-ਅੱਧ ਵਾਰ ਹੀ ਪਿੰਡ ਆ ਸਕਦਾ। ਓਥੇ ਵੀ ਮੇਰੇ ਉੱਤੇ ਕਰੜੀ ਅੱਖ ਰੱਖੀ ਜਾਂਦੀ। ਮੇਰਾ ਦਿਲ ਛੂਈ-ਮੂਈ ਅਤੇ ਹੋਰ ਮਿੱਤਰਾਂ ਨੂੰ ਮਿਲਣ ਲਈ ਛਟਪਟਾਉਂਦਾ ਰਹਿੰਦਾ।

ਫੇਰ ਸਕੂਲ ਦੀ ਪੜ੍ਹਾਈ ਖ਼ਤਮ ਕਰ ਮੈਂ ਕਿਸੇ ਦੂਜੇ ਸ਼ਹਿਰ ਕਾਲਜ ਵਿਚ ਦਾਖ਼ਲਾ ਲੈ ਲਿਆ। ਪਿੰਡ ਆਇਆਂ ਮੈਨੂੰ ਕਈ ਸਾਲ ਹੋ ਗਏ, ਪਰ ਛੂਈ-ਮੂਈ ਦੀ ਤਸਵੀਰ ਮੇਰੇ ਅੰਦਰ ਅਜੇ ਵੀ ਸਾਂਭੀ ਪਈ ਸੀ।

ਹੁਣ ਮੈਂ ਵੱਡਾ ਹੋ ਗਿਆ ਸੀ। ਮੇਰੇ ਦਾੜ੍ਹੀ-ਮੁੱਛਾਂ ਆ ਗਈਆਂ ਸਨ। ਮੈਂ ਸ਼ੇਵ ਕਰਨ ਲੱਗ ਪਿਆ ਸੀ। ਮੇਰੇ ਅੰਦਰ ਛੂਈ-ਮੂਈ ਨੂੰ ਮਿਲਣ ਦੀ ਇੱਛਾ ਤਕੜੀ ਹੁੰਦੀ ਜਾ ਰਹੀ ਸੀ। ਪਰ ਫੇਰ ਮੇਰੀ ਨੌਕਰੀ ਲੱਗ ਗਈ। ਅਤੇ ਮੈਂ ਓਧਰ ਰੁੱਝ ਗਿਆ।

ਕਈ ਸਾਲਾਂ ਬਾਅਦ ਪਿਤਾਜੀ ਦੀ ਮੌਤ ਦੇ ਮੌਕੇ ਜਦੋਂ ਮੈਂ ਪਿੰਡ ਪਰਤਿਆ ਤਾਂ ਮੈਨੂੰ ਦਿਸਿਆ ਕਿ ਮੇਰਾ ਪਿੰਡ ਹੁਣ ਪਹਿਲਾਂ ਵਾਲਾ ਪਿੰਡ ਨਹੀਂ ਰਹਿ ਗਿਆ ਸੀ। ਉਹ ਬਹੁਤ ਬਦਲ ਚੁੱਕਿਆ ਸੀ। ਪਿਤਾਜੀ ਦੇ ਦਾਹ-ਸੰਸਕਾਰ ਦੇ ਬਾਅਦ ਮੈਂ ਛੂਈ-ਮੂਈ ਅਤੇ ਦੂਜੇ ਸਾਥੀਆਂ ਬਾਰੇ ਪਤਾ ਕਰਨ ਚੂਹੇਖਾਣਿਆਂ ਵਾਲੇ ਪਾਸੇ ਗਿਆ।

"ਧਨੀਆ ਨਾਲ ਬਹੁਤ ਬੁਰਾ ਹੋਇਆ, ਪੁੱਤਰਾ! ਪੈਸੇ-ਰੁਤਬੇ ਵਾਲਿਆਂ ਦਿਆਂ ਮੁੰਡਿਆਂ, ਸਾਰਿਆਂ, ਉਸ ਨਾਲ ਮੂੰਹ ਕਾਲਾ ਕ ਉਸ ਦਾ ਗਲਾ ਘੁੱਟ ਦਿੱਤਾ ਤੇ ਲਾਸ਼ ਤਲਾਅ ਵਿਚ ਸੁੱਟ ਦਿੱਤੀ।" ਚੂਹੇਖਾਣਿਆਂ ਦੇ ਪਾਸੇ ਦੇ ਇੱਕ ਬਜ਼ੁਰਗ ਨੇ ਦੁਖੀ ਮਨ

ਨਾਲ ਦੱਸਿਆ।

ਇਹ ਸੁਣ ਮੇਰੀਆਂ ਅੱਖਾਂ ਅੱਗੇ ਹਨੇਰਾ ਛਾ ਗਿਆ। ਮੇਰਾ ਸੰਘ ਸੁੱਕਣ ਲੱਗਾ। ਅਤੇ ਮੈਨੂੰ ਸਾਹ ਲੈਣ ਵਿਚ ਤਕਲੀਫ਼ ਹੋਣ ਲੱਗ ਪਈ। ਮੈਨੂੰ ਲੱਗਾ ਜਿਵੇਂ ਮੇਰੀ ਉਡਾਰੀ ਦਾ ਅਸਮਾਨ ਹਮੇਸ਼ਾ ਲਈ ਗੁਆਚ ਗਿਆ ਹੋਏ

"ਤੇ ਬਿਸੇਸਰ, ਕਲੂਆ ਵਗੈਰਾ ਕਿੱਥੇ ਹਨ?" ਮੈਂ ਕਿਸੇ ਤਰ੍ਹਾਂ ਆਪਣੇ ਆਪ ਨੂੰ ਸੰਭਾਲਦਿਆਂ ਹੋਇਆ ਪੁੱਛਿਆ।

"ਪੁੱਤਰਾ, ਓਹ ਸਾਰੇ ਧਨੀਆ ਦੀ ਮੌਤ ਦਾ ਬਦਲਾ ਲੈਣ ਗਏ। ਪਰ ਉਨ੍ਹਾਂ ਸਾਰੇ ਕਾਤਲਾਂ ਸਾਡੇ ਸਾਰੇ ਬੱਚਿਆਂ ਨੂੰ ਗੋਲੀ ਮਾਰ ਦਿੱਤੀ। ਓਸੇ ਰਾਤ ਉਹ ਸਾਰੇ ਗੁੰਡੇ ਆ ਕੇ ਸਾਡੇ ਚੂਹੇਮਾਰਾਂ ਦੇ ਪਾਸੇ ਅੱਗ ਲਾ ਦਿੱਤੀ।" ਬਜ਼ੁਰਗ ਦੀਆਂ ਅੱਖਾਂ ਵਿਚ ਹਨੇਰਾ ਭਰਿਆ ਹੋਇਆ ਸੀ।

"ਤੇ ਧਨੀਆ ਦੇ ਮਾਂ-ਪਿਓ ਦਾ ਕੀ ਬਣਿਆ?" ਮੈਂ ਡਰਦਿਆਂ ਡਰਦਿਆਂ ਪੁੱਛਿਆ।

"ਓਹ ਵਿਚਾਰੇ ਵੀ ਸਾਡੇ ਪਾਸੇ ਲੱਗੀ ਅੱਗ ਵਿਚ ਸੜ ਕੇ ਮਰ ਗਏ।" ਬਜ਼ੁਰਗ ਨੇ ਭਰੇ ਹੋਏ ਗਲੇ ਨਾਲ ਦੱਸਿਆ।

"ਪੁਲਸ ਨੇ ਕੁਝ ਨਹੀਂ ਕੀਤਾ?"

"ਪੁਲਸ ਤਾਂ ਪੈਸੇ-ਰੁਤਬੇ ਵਾਲਿਆਂ ਦੀ ਸੁਣਦੀ ਐ। ਸਾਨੂੰ ਹੀ ਡਰਾਅ-ਧਮਕਾਅ ਕੇ ਚਲੀ ਗਈ।"

ਤਾਂ ਇਹ ਸੀ ਮੇਰੇ ਦੇਸ਼ ਦੀ ਇੱਕੀਵੀਂ ਸਦੀ ਦਾ ਕੌੜਾ ਸੱਚ! ਹਰ ਪਿੰਡ ਵਿਚ ਖੈਰਲਾਂਜੀ ਅਤੇ ਮਿਰਚਪੁਰ। ਮੈਂ ਓਥੋਂ ਖਾਲੀ ਹੱਥ ਮੁੜ ਆਇਆ। ਮੈਨੂੰ ਲੱਗਾ ਜਿਵੇਂ ਮੇਰੀ ਦੁਨੀਆ ਲੁੱਟੀ ਗਈ ਹੋਏ। ਮੈਂ ਕੋਸ਼ਿਸ਼ ਕੀਤੀ ਕਿ ਕਾਤਲਾਂ ਨੂੰ ਉਨ੍ਹਾਂ ਦੇ ਕੀਤੇ ਦੀ ਸਜ਼ਾ ਦੁਆ ਸਕਾਂ। ਪਰ ਕਾਤਲਾਂ ਦੀ ਪਹੁੰਚ ਉੱਪਰ ਤੱਕ ਸੀ। ਇੱਕ ਵਾਰ ਫੇਰ ਨਿਆਂ ਦੇ ਸੂਰਜ ਨੂੰ ਗ੍ਰਹਿਣ ਲੱਗ ਗਿਆ। ਮੈਂ ਤੜਫ਼ ਕੇ ਰਹਿ ਗਿਆ।

ਪਰ ਏਸ ਘਟਨਾ ਤੋਂ ਬੇਚੈਨ ਹੋ ਮੈਂ ਆਪਣੀ ਨੌਕਰੀ ਤੋਂ ਅਸਤੀਫ਼ਾ ਦੇ ਦਿੱਤਾ। ਮੈਂ ਪਿੰਡ ਦੇ ਬਚੇ ਹੋਏ ਦਲਿਤ ਮੁੰਡੇ-ਕੁੜੀਆਂ ਨੂੰ ਨਾਲ ਲੈ ਆਪਣੇ ਜੱਦੀ ਪੈਸੇ ਨਾਲ ਸ਼ਹਿਰ ਵਿਚ ਆਪਣਾ ਇੱਕ ਐਨ.ਜੀ.ਓ. ਬਣਾਅ ਲਿਆ ਜਿਹੜਾ ਸਤਾਏ ਹੋਏ ਦਲਿਤਾਂ ਅਤੇ ਆਦਿਵਾਸੀਆਂ ਦੇ ਵਿੱਚ ਜਾ ਕੇ ਉਨ੍ਹਾਂ ਦੀ ਮੁੜ-ਬਹਾਲੀ ਲਈ ਕੰਮ ਕਰਦਾ ਹੈ ਅਤੇ ਉਨ੍ਹਾਂ ਦੇ ਹੱਕਾਂ ਲਈ ਅਵਾਜ਼ ਚੁੱਕਦਾ ਹੈ।

ਮੈਂ ਪਿੰਡ ਵਿਚ ਅਤੇ ਤਲਾਅ ਦੇ ਕੰਢੇ ਛੂਈ-ਮੂਈ ਦੇ ਬੂਟੇ ਲੱਭਣ ਦੀ ਬਹੁਤ ਕੋਸ਼ਿਸ਼ ਕੀਤੀ, ਪਰ ਹੁਣ ਪਿੰਡ ਵਿਚ ਛੂਈ-ਮੂਈ ਦਾ ਬੂਟਾ ਕਿਤੇ ਨਹੀਂ ਬਚਿਆ। ਪਿੰਡ ਵਿਚ ਥਾਂ-ਥਾਂ ਪੱਕੇ ਮਕਾਨ ਬਣ ਗਏ ਹਨ। ਬਿਜਲੀ ਦੇ ਖੰਭੇ ਲੱਗ ਗਏ ਹਨ। ਇੱਕ ਪੱਕੀ ਸੜਕ ਹੁਣ ਪਿੰਡ ਨੂੰ ਹਾਈਵੇ ਨਾਲ ਜੋੜਦੀ ਹੈ। ਸੁਕੁਲ ਮਾਸਟਰਜੀ ਦੀ ਮੌਤ ਹੋ ਚੁੱਕੀ ਹੈ। ਪਿੰਡ ਦੇ ਜਿਸ ਬਿਨ-ਇਮਾਰਤ, ਬਿਨ-ਛੱਤ ਸਕੂਲ ਤੋਂ ਮੈਂ ਆਪਣੀ ਮੁੱਢਲੀ ਪੜ੍ਹਾਈ ਕੀਤੀ ਸੀ, ਉਸਦੀ ਥਾਂ ਇੱਕ ਪੱਕੀ ਇਮਾਰਤ ਵਾਲਾ ਸਕੂਲ ਬਣ ਗਿਆ ਹੈ। ਚੂਹੇਖਾਨਿਆਂ ਵਾਲੇ ਪਾਸੇ ਤੋਂ ਅਗਾਂਹ ਵਾਲਾ ਸਾਰਾ ਜੰਗਲ ਕੱਟਿਆ ਜਾ ਚੁੱਕਿਆ ਹੈ। ਜਿੱਥੇ ਪਹਿਲਾਂ ਛੂਈ-ਮੂਈ ਉੱਗਦੀ ਸੀ, ਓਸ ਥਾਂ ਹੁਣ ਦੁਕਾਨਾਂ ਬਣ ਗਈਆਂ ਹਨ-- ਮੋਬਾਇਲ ਸਿਮਕਾਰਡ, ਡਿਸ਼ ਟੀਵੀ ਅਤੇ ਕੇਬਲ ਟੀਵੀ ਵਾਲਿਆਂ ਦੀਆਂ ਦੁਕਾਨਾਂ, ਕੋਕਾ ਕੋਲਾ ਅਤੇ ਪੈਪਸੀ ਵੇਚਣ ਵਾਲੀਆਂ ਦੁਕਾਨਾਂ। ਤਲਾਅ ਦਾ ਬਹੁਤਾ ਹਿੱਸਾ ਸੁੱਕ ਗਿਆ ਹੈ। ਜਿੱਥੇ ਥੋੜ੍ਹਾ ਬਹੁਤਾ ਪਾਣੀ ਬਚਿਆ ਹੈ, ਓਥੇ ਕਾਈ ਦੀ ਇੱਕ ਮੋਟੀ ਤਹਿ ਜੰਮੀ ਹੈ। ਓਥੇ ਹੁਣ ਬਿਮਾਰੀ ਫੈਲਾਉਣ ਵਾਲੇ ਮੱਛਰ ਪਲ ਰਹੇ ਹਨ।

ਬੱਸ ਇੱਕ ਚੀਜ਼ ਨਹੀਂ ਬਦਲੀ --- ਉਹ ਹੈ ਪਿੰਡ ਦਾ ਚੂਹੇਖਾਨਿਆਂ ਵਾਲਾ ਪਾਸਾ। ਉਹ ਅੱਜ ਵੀ ਓਨਾ ਹੀ ਅਣਡਿੱਠ, ਓਨਾ ਹੀ ਵੱਖਰਾ ਪਿਆ ਹੈ।

ਇੱਕ ਦਿਨ ਅੱਠਵੀਂ ਵਿਚ ਪੜ੍ਹਦਾ ਮੇਰਾ ਬਾਰਾਂ ਸਾਲ ਦਾ ਬੇਟਾ ਆਪਣੀ 'ਬਾਇਓਲੌਜੀ' ਦੀ ਕਿਤਾਬ ਚੁੱਕੀ ਮੇਰੇ ਕੋਲ ਆਇਆ।

"ਪਾਪਾ, ਇਹ 'ਮੁਮੋਸਿਕਾ ਪੁਡਿਕਾ' ਕੀ ਹੁੰਦੀ ਹੈ?" ਉਸ ਨੇ ਪੁੱਛਿਆ।

"ਇਹ ਬੂਟਾ ਹੈ ਜਿਸ ਨੂੰ 'ਛੂਈ-ਮੂਈ' ਕਹਿੰਦੇ ਹਨ। ਉਸਦੀਆਂ ਪੱਤੀਆਂ ਨੂੰ ਹੱਥ ਲਾਓ ਤਾਂ ਇਹ ਜਿਵੇਂ ਸ਼ਰਮਾਅ ਕੇ ਸੁੰਗੜ ਜਾਂਦੀਆਂ ਹਨ।" ਮੈਂ ਕਿਹਾ।

"ਕਿੰਨਾ ਫ਼ਨੀ ਨਾਂ ਹੈ, ਪਾਪਾ! ਇਹ ਦੇਖਣ ਨੂੰ ਕਿਹੋ ਜਿਹੀ ਹੁੰਦੀ ਹੈ?"

ਕੰਕਰੀਟ-ਜੰਗਲ ਵਾਲੇ ਇਸ ਸ਼ਹਿਰ ਵਿਚ ਹੁਣ ਮੈਂ ਤੈਨੂੰ ਕੀ ਦੱਸਾਂ ਬੇਟਾ ਕਿ ਛੂਈ-ਮੂਈ ਦੇਖਣ ਨੂੰ ਕਿਹੋ ਜਿਹੀ ਹੁੰਦੀ ਹੈ। ਹੁਣ ਤਾਂ ਪਿੰਡ ਵਿਚ ਵੀ ਛੂਈ-ਮੂਈ ਨਹੀਂ ਬਚੀ--ਮੈਂ ਮਨ ਵਿਚ ਸੋਚਿਆ।

ਮੇਰੇ ਤੋਂ ਆਪਣੇ ਸੁਆਲ ਦਾ ਜੁਆਬ ਨਾ ਮਿਲਿਆ ਤਾਂ ਉਹ ਬੋਲਿਆ--

"ਕੋਈ ਗੱਲ ਨਹੀਂ, ਪਾਪਾ। ਮੈਂ ਇੰਟਰਨੈੱਟ ਤੋਂ ਲੱਭ ਲਵਾਂਗਾ।"

(ਜੇ ਤੁਸੀਂ ਮੈਨੂੰ ਪੱਛੋਗੇ ਤਾਂ ਮੈਂ ਤੁਹਾਨੂੰ ਨਹੀਂ ਦੱਸ ਸਕਾਂਗਾ ਕਿ ਨਲੀ ਚੋਂਦੀ ਵਾਲੇ ਬੱਚੇ ਮੈਨੂੰ ਕਿਉਂ ਚੰਗੇ ਲੱਗਦੇ ਹਨ। ਪਾਟੇ ਹੋਏ ਕੱਪੜੇ ਪਹਿਨੀ ਬੱਚੇ ਮੈਨੂੰ ਅੱਜ ਵੀ ਕਿਉਂ ਆਪਣੇ-ਆਪਣੇ ਲੱਗਦੇ ਹਨ। ਢਾਬਿਆਂ ਵਿਚ ਕੰਮ ਕਰਨ ਵਾਲੇ ਬੱਚਿਆਂ ਅਤੇ ਮੇਰੇ ਵਿਚ ਕੀ ਰਿਸ਼ਤਾ ਹੈ। ਫੁਟਪਾਥ ਉੱਤੇ ਜੁੱਤੇ ਪਾਲਿਸ਼ ਕਰਨ ਵਾਲੇ ਬੱਚਿਆਂ ਵਿਚ ਮੈਂ ਕਿਨ੍ਹਾਂ ਨੂੰ ਲੱਭਦਾ ਹਾਂ। ਲਾਲ ਬੱਤੀ 'ਤੇ ਗੱਡੀਆਂ ਦੇ ਸ਼ੀਸ਼ੇ ਸਾਫ਼ ਕਰਨ ਵਾਲੇ ਬੱਚਿਆਂ ਨੂੰ ਕਿਉਂ ਹਰ ਵਾਰ ਵੀਹ-ਵੀਹ ਰੁਪਏ ਦੇ ਨੋਟ ਫੜਾਅ ਦਿੰਦਾ ਹਾਂ। ਇਨ੍ਹਾਂ ਨੂੰ ਵੇਖ ਮੈਂ ਕਿਉਂ ਉਦਾਸ ਹੋ ਜਾਂਦਾ ਹਾਂ। ਕਿਉਂ ਮੇਰਾ ਮਨ ਕਰਦਾ ਹੈ ਕਿ ਮੈਂ ਕਿਸੇ ਤਰ੍ਹਾਂ ਇਨ੍ਹਾਂ ਦਾ ਗੁਆਚਿਆ ਬਚਪਨ ਵਾਪਸ ਮੋੜ ਸਕਾਂ। ਜੇ ਤੁਸੀਂ ਮੈਨੂੰ ਇਹ ਸਭ ਪੁੱਛੋਗੇ ਤਾਂ ਮੈਂ ਤੁਹਾਨੂੰ ਵਾਕਈ ਇਹ ਨਹੀਂ ਦੱਸ ਸਕਾਂਗਾ ਕਿ ਮੁਖੌਟਾ ਪਹਿਨੀ, ਪੜ੍ਹੇ-ਲਿਖੇ, ਅਖੌਤੀ ਸਭਿਆ, ਸਾਹਬ ਲੋਕਾਂ ਵਿਚ ਮੈਂ ਕਿਉਂ ਇੱਕ ਮਿਸਫ਼ਿਟ ਹਾਂ। ਧਨਾਢ ਲੋਕਾਂ ਵਿਚ ਮੈਂ ਕਿਉਂ ਇੱਕ ਅਜਨਬੀ ਹਾਂ। ਅਖੌਤੀ ਉੱਚੀ ਜਾਤ ਵਾਲਿਆਂ ਵਿਚ ਮੈਂ ਕਿਉਂ ਆਪਣੇ ਆਪ ਨੂੰ ਇੱਕ ਵਿਦੇਸ਼ੀ-ਜਸੂਸ-ਜਿਹਾ ਮਹਿਸੂਸ ਕਰਦਾ ਹਾਂ। ਛੂਈ-ਮੂਈ ਵਾਲੇ ਦੇਸ਼ ਤੋਂ। ਛੂਈ-ਮੂਈ ਵਾਲੇ ਸਮੇਂ-ਕਾਲ ਤੋਂ। ਛੂਈ-ਮੂਈ ਵਾਲੀ ਜਮਾਤ ਤੋਂ...)

ਸੁਸ਼ਾਂਤ ਸੁਪ੍ਰਿਅ

A-5001, Gaur Green City, Vaibhav Khand, Indirapuram, Ghaziabad, UP -201014  8512070086 sushant1968@gmail.com

# ਕਲਯੁਗ

"ਕਲਜੁਗ ਆ ਗਿਆ ਏ... ਕਲਜੁਗ। ਅਜ ਕੱਲ੍ਹ ਦੀਆਂ ਨੂੰਹਾਂ ਧੀਆਂ ਨੂੰ ਕੋਈ ਸ਼ਰਮ ਹਯਾ ਨਹੀਂ ਰਹੀ। ਜਦ ਵੇਖੋ ਖਸਮਾਂ ਦੀਆਂ ਬਾਹਾਂ ਵਿਚ ਵੜੀਆਂ ਹੋਈਆਂ। ਨਾ ਕੋਈ ਕੰਮ ਨਾ ਕੋਈ ਕਾਰ।" ਬੇਬੇ ਈਸਰੀ ਆਪਣੀ ਭੂਆ ਬੇਬੇ ਚੰਦੀ ਨੂੰ ਮਿਲ ਕੇ ਪਿਛਵਾੜਿਓਂ ਕੋਠੇ ਥਾਣੀ ਆ ਰਹੀ ਸੀ ਕਿ ਅਚਾਨਕ ਉਸ ਦੀ ਨਜ਼ਰ ਕੋਠੜੀ ਵਲ ਨੂੰ ਖੁਲ੍ਹਦੇ ਮੁਘ ਉਤੇ ਜਾ ਪਈ। "ਪਤਾ ਨਹੀਂ ਸਾਡੀ ਬਹੂ ਇਸ ਵੇਲੇ ਕੀ ਕੰਜਰਪੁਣਾ ਘੋਲ ਰਹੀ ਹੋਵੇਗੀ," ਤੇ ਉਲਟੇ ਕਦਮ ਜਿਵੇਂ ਪੌੜੀਆਂ ਉਤਰਨ ਤੋਂ ਆਕੀ ਹੋ ਗਏ।

ਉਸ ਝਟ ਅੱਖਾਂ ਉਤੇ ਮੋਟੇ ਸ਼ੀਸ਼ਿਆਂ ਵਾਲੀ ਐਨਕ ਚਾੜ੍ਹੀ ਤੇ ਮੁਘ ਉਤੇ ਝੁਕ ਹਨੇਰੇ ਵਿਚ ਕੁਝ ਲੱਭਣ ਦਾ ਜਤਨ ਕਰਨ ਲੱਗੀ, ਪਰ ਸ਼ੁਕਰ ਹੈ ਕਿ ਉਸ ਨੂੰ ਦੋ ਅਕਾਰ ਆਪੋ ਵਿਚ ਜੁੜੇ ਹੋਏ ਤੇ ਆਪੋ ਵਿਚ ਗੱਲਾਂ ਕਰਦੇ ਨਜ਼ਰ ਨਾ ਆਏ। ਨਹੀਂ ਤਾਂ ਉਹਦਾ ਬੁੜ-ਬੁੜਾਉਣਾ ਹੋਰ ਵੀ ਉੱਚਾ ਹੋ ਜਾਣਾ ਸੀ ਤੇ ਉਸ ਓਦੋਂ ਤਕ ਚੁਪ ਨਹੀਂ ਸੀ ਕਰਨਾ ਜਦੋਂ ਤਕ ਘਰ ਵਿਚ ਹੇਠਲੀ ਉਤੇ ਨਾ ਆ ਜਾਂਦੀ; ਜਦ ਤਕ ਕਿਸੇ ਦੇ ਸਰੀਰ ਉਤੇ ਲਾਸਾਂ ਨਾ ਉਭਰ ਆਉਂਦੀਆਂ।
ਹੁਣ ਉਸ ਸੌਖਾ ਸਾਹ ਭਰਿਆ, ਕੁਝ ਚੈਨ ਅਨੁਭਵ ਕੀਤਾ ਤੇ ਪੋਲੇ ਪੈਰੀਂ ਥੱਲੇ ਉਤਰ ਆਈ। ਥੱਲੇ ਆ ਕੇ ਜਦੋਂ ਉਸ ਆਪਣੀ ਨੂੰਹ ਨੂੰ ਚੌਂਕੇ ਵਿਚ ਰੁੱਝੀ ਤੱਕਿਆ ਤੇ ਨਰਿੰਦਰ ਦੇ ਹੱਥ ਵਿਚ ਇਕ ਕਿਤਾਬ ਤੱਕੀ ਤਾਂ ਉਸ ਦੇ ਚਿਹਰੇ ਦੀਆਂ ਕੱਸੀਆਂ ਤਣਾਵਾਂ ਢਿੱਲੀਆਂ ਹੋ ਗਈਆਂ, ਪਰ ਬੁਲ੍ਹ ਉਸ ਦੇ ਹਾਲੀ ਵੀ ਫਰਕ ਰਹੇ ਸਨ, "ਕਲਜੁਗ ਆ ਗਿਆ ਏ...। ਕਲਜੁਗ...।"
ਬੇਬੇ ਈਸਰੀ ਵਿਹੜੇ ਵਿਚ ਡੱਠੀ ਪੀੜ੍ਹੀ ਉਤੇ ਆਣ ਬੈਠੀ ਤੇ ਉਸ ਦੇ ਪੁੱਤਰ ਨਰਿੰਦਰ ਨੇ ਉਸ ਅੱਗੇ ਚਾਹ ਲਿਆ ਧਰੀ। ਉਸ ਅੱਖਾਂ ਤੋਂ ਐਨਕ ਨੂੰ ਲਾਹਿਆ ਤੇ ਬੁੜਬੁੜਾਉਂਦੀ ਹੋਈ ਚਾਹ ਦੇ ਘੁਟ ਭਰਨ ਲੱਗੀ, "ਸਾਡੇ




ਵੇਲੇ ਤਾਂ ਕੋਈ ਐਹੋ ਜਿਹੇ ਅਮਲ ਨਹੀਂ ਸਨ ਹੁੰਦੇ। ਕਦੇ ਕੋਈ ਬੀਮਾਰ ਹੋਵੇ ਤਾਂ ਮਹੀਨੇ 'ਚ ਇਕ ਅਧ ਵਾਰ ਬਣਦੀ ਸੀ ਪਰ ਹੁਣ ਜਿਸ ਵੇਲੇ ਤਕੋ ਬਸ ਚੁੱਲ੍ਹੇ 'ਤੇ ਤਾਂਬੀਆ ਚੜ੍ਹਿਆ ਹੀ ਰਹਿੰਦਾ ਏ। ਜੇ ਇਸ ਚਾਹ ਕਾਰਨ ਕਿਸੇ ਦਿਨ ਇਹ ਕੁੱਲਾ ਨਾ ਵਿਕ ਗਿਆ ਤਾਂ ਮੈਨੂੰ ਆਖਿਓ।"
ਨਰਿੰਦਰ ਨੇ ਮਾਂ ਨੂੰ ਅਜ ਇੰਝ ਚੰਗੇ ਰੌਂ ਵਿਚ ਚਾਹ ਪੀਂਦਿਆਂ ਤੱਕਿਆ ਤਾਂ ਨਰਿੰਦਰ ਦੇ ਚਿਹਰੇ ਉਤੇ ਮੁਸਕ੍ਰਾਹਟ ਖਿੰਡ ਗਈ ਤੇ ਉਹ ਵਿਚੇ ਵਿਚੇ ਹੀ ਪਤਨੀ ਵਲ ਤਕ ਕੇ ਮੁਸਕਰਾ ਪਿਆ। (ਉਸ ਨੂੰ ਪਤਾ ਸੀ ਕਿ ਜੇ ਮਾਂ ਥੋੜ੍ਹੀ ਬਹੁਤੀ ਵੀ ਨਾਰਾਜ਼ ਹੁੰਦੀ ਤਾਂ ਤੱਤੀ ਚਾਹ ਦਾ ਗਲਾਸ ਮਾਂ ਦਾ ਚੌਂਕੇ ਵਿਚ ਵਜਣਾ ਸੀ ਜਾਂ ਵਿਹੜੇ ਵਿਚ) ਤੇ ਉਸ ਹੱਸਦਿਆਂ ਕਿਹਾ, "ਮਾਂ, ਚਾਹ ਦਾ ਅਮਲ ਕਾਹਦਾ ਏ। ਇਹ ਤਾਂ ਉਂਝ ਹੀ ਥਕੇਵੇਂ ਨੂੰ ਦੂਰ ਕਰਨ ਲਈ ਬਸ ਐਵੇਂ ਹੀ ਪੀ ਲਈਦੀ ਏ। ਅਜ ਕਲ ਹੋਰ ਖ਼ੁਰਾਕਾਂ ਵੀ ਕਿਹੜੀਆਂ ਰਹਿ ਗਈਆਂ ਨੇ।"
ਬੇਬੇ ਈਸਰੀ ਨੂੰ ਵੀ ਅਜ ਪੁੱਤਰ ਦੇ ਚਿਹਰੇ ਉਤੇ ਆਸ ਤੋਂ ਵਧ ਉਤਸੁਕਤਾ ਤੇ ਖ਼ੁਸ਼ੀ ਨਜ਼ਰ ਆਈ ਤੇ ਚਾਹ ਪੀਂਦਿਆਂ ਉਹਨੇ ਉਸ ਨਾਲ ਨਿੱਕੀਆਂ ਨਿੱਕੀਆਂ ਗੱਲਾਂ ਛੁਹ ਦਿੱਤਾ, "ਬੱਚਾ, ਸਾਡੇ ਵੇਲੇ ਤਾਂ ਦੁੱਧ ਦਹੀਂ ਦੀਆਂ ਨਹਿਰਾਂ ਵਗਦੀਆਂ ਸਨ, ਪਰ ਹੁਣ ਤਾਂ ਕਿਤਿਓਂ ਲੱਸੀ ਦਾ ਘੁੱਟ ਵੀ ਮੰਗਿਆਂ ਨਹੀਂ ਮਿਲਦਾ। ਹੁਣ ਤਾਂ ਜ਼ਮਾਨੇ ਹੀ ਹੋਰ ਆ ਗਏ ਨੇ...। ਕਲਜੁਗ ਆ ਗਿਆ ਏ... ਕਲਜੁਗ। ਹੁਣੇ ਮੈਂ ਭੂਆ ਚੰਦੀ ਕੋਲੋਂ ਸੁਣ ਕੇ ਆਈ ਹਾਂ ਕਿ ਸੁੰਦਰ ਸਿਹੁੰ ਦੀ ਪੋਤਰੀ ਭੈੜੀ ਨਿਕਲੀ ਏ ਤੇ ਹੁਣ ਪਿਓ ਤੇ ਬਾਬੇ ਦੀ ਦਾਹੜੀ 'ਚ ਘੱਟਾ ਪਾਉਣ ਲੱਗੀ ਏ। ਸਾਡੇ ਵੇਲੇ ਨੂੰਹ ਧੀ ਨੂੰ ਬੜੀ ਸ਼ਰਮ ਹਯਾ ਹੁੰਦੀ ਸੀ। ਮਜਾਲ ਏ ਕੋਈ ਨੂੰਹ ਧੀ ਅੱਖ ਪੁਟ ਕੇ ਉਤਾਂਹ ਵੇਖ ਸਕੇ, ਪਰ ਹੁਣ ਜੰਮਦੀਆਂ ਪਿਛੋਂ ਨੇ ਤੇ ਖਾਨਦਾਨ ਦਾ ਨੱਕ ਪਹਿਲੋਂ ਵੱਢ ਘੱਤਦੀਆਂ ਨੇ...।"
ਗੱਲਾਂ ਕਰਦੀ ਕਰਦੀ ਦਾ ਧਿਆਨ ਚੌਂਕੇ ਵਲ ਚਲਿਆ ਗਿਆ, "ਸਾਡੇ ਵੇਲੇ ਨੂੰਹਾਂ ਧੀਆਂ ਨੂੰ ਮਾਂ ਸੱਸ ਦਾ ਸੌ ਡਰ ਹੁੰਦਾ ਸੀ। ਜੀ ਜੀ ਕਰਦਿਆਂ ਜ਼ਬਾਨ ਥੱਕ ਜਾਂਦੀ ਸੀ, ਲੱਤਾਂ ਘੁਟਣ ਲਈ ਅੱਗੇ ਪਿਛੇ ਫਿਰਦੀਆਂ ਸਨ, ਪਰ ਹੁਣ ਤਾਂ ਜ਼ਮਾਨਾ ਹੀ ਗਰਕ ਜਾਣ 'ਤੇ ਆ ਗਿਆ ਏ। ਪਿਛਲੇ ਡਰ ਭੌਂ ਤਾਂ ਹੁਣ ਰਹੇ ਹੀ ਨਹੀਂ।" ਤੇ ਫਿਰ ਉਹ ਢੇਰ ਚਿਰ ਤਕ ਆਪਣੇ ਪੁਤਰ ਨੂੰ ਨਵੇਂ ਤੇ ਪੁਰਾਣੇ ਵੇਲੇ ਦੀਆਂ ਗੱਲਾਂ ਦਸਦੀ ਰਹੀ।
ਕਦੇ ਕਦੇ ਹੀ ਬੇਬੇ ਈਸਰੀ ਆਪਣੇ ਪੁਤਰ ਨਾਲ ਅਜਿਹੀਆਂ ਨਿੱਘੀਆਂ ਗੱਲਾਂ ਕਰਦੀ ਸੀ। ਨਹੀਂ ਤਾਂ ਹਰ ਵੇਲੇ ਉਸ ਦੇ ਮੱਥੇ ਉਤੇ ਗੁੱਸੇ ਦੀ ਰੇਖਾ ਉਭਰੀ ਹੀ ਰਹਿੰਦੀ। ਉਹ ਗੱਲਾਂ ਕਰਦੀ ਹੋਵੇ ਜਾਂ ਚੁਪ ਬੈਠੀ ਹੋਵੇ, ਬੁੜਬੁੜਾਂਦੀ ਤਾਂ ਹਰ ਵੇਲੇ ਰਹਿੰਦੀ ਸੀ, "ਕਲਜੁਗ ਆ ਗਿਆ ਏ, ਕਲਜੁਗ।" ਬੇਬੇ ਈਸਰੀ ਸਵੇਰੇ ਸ਼ਾਮ ਪਾਠ ਕਰਦੀ। ਹਰ ਵੇਲੇ ਉਸ ਦੇ ਹੱਥ ਵਿਚ ਉਸ ਦੀ ਬਣੀ ਇਕੋਤਰ ਸੌ ਮਣਕੇ ਦੀ ਮਾਲਾ ਫੜੀ ਰਹਿੰਦੀ। ਮਾਲਾ ਫੇਰਦਿਆਂ ਜਾਂ ਪਾਠ ਕਰਦਿਆਂ ਉਸ ਦੀਆਂ ਅੱਖਾਂ ਮਿਚ ਜਾਂਦੀਆਂ, ਉਸ ਦੇ ਝੁਰੜੀਆਂ ਭਰੇ ਚਿਹਰੇ ਉਤੇ ਖੇੜਾ ਡਲ੍ਹਕ ਆਉਂਦਾ। ਪਰ ਵਿਚੋਂ ਹੀ

# ਸੰਤੋਖ ਸਿੰਘ ਧੀਰ



> **ਨਰਿੰਦਰ ਦੇ ਚਿਹਰੇ ਉਤੇ ਮੁਸਕ੍ਰਾਹਟ ਖਿੰਡ ਗਈ ਤੇ ਉਹ ਵਿਚੇ ਵਿਚੇ ਹੀ ਪਤਨੀ ਵਲ ਤਕ ਕੇ ਮੁਸਕਰਾ ਪਿਆ। ਉਸ ਨੂੰ ਪਤਾ ਸੀ ਕਿ ਜੇ ਮਾਂ ਥੋੜ੍ਹੀ ਬਹੁਤੀ ਵੀ ਨਾਰਾਜ਼ ਹੁੰਦੀ ਤਾਂ ਤੱਤੀ ਚਾਹ ਦਾ ਗਲਾਸ ਮਾਂ ਦਾ ਚੌਂਕੇ ਵਿਚ ਵਜਣਾ ਸੀ ਜਾਂ ਵਿਹੜੇ ਵਿਚ।**

ਕਦੀ ਕਦੀ ਉਸ ਦੀਆਂ ਅੱਖਾਂ ਖੁਲ੍ਹ ਜਾਂਦੀਆਂ ਤਾਂ ਜੋ ਉਹ ਵੇਖ ਸਕੇ ਕਿ ਉਸ ਦਾ ਪੁਤਰ ਤੇ ਨੂੰਹ ਕੀ ਕਰ ਰਹੇ ਹਨ। ਜੇ ਉਹ ਵੱਖ ਵੱਖ ਪਾਸੇ ਹੁੰਦੇ, ਆਪੋ ਆਪਣੇ ਕੰਮ ਵਿਚ ਰੁਝੇ ਹੁੰਦੇ ਤਾਂ ਉਸ ਦੀਆਂ ਅੱਖਾਂ ਫਿਰ ਮਿਚ ਜਾਂਦੀਆਂ। ਪਰ ਜੇ ਉਹ ਲਾਗੋ ਲਾਗੀ ਬੈਠੇ ਮੁਸਕਰਾ ਰਹੇ ਹੁੰਦੇ ਤਾਂ ਉਸ ਨੂੰ ਪਾਠ ਕਰਨਾ ਭੁੱਲ ਜਾਂਦਾ, ਉਸ ਦੇ ਚਿਹਰੇ ਉਤਲਾ ਖੇੜਾ ਅਲੋਪ ਹੋ ਜਾਂਦਾ ਤੇ ਉਹ ਬੋਲਣਾ ਸ਼ੁਰੂ ਕਰ ਦੇਂਦੀ, "ਕਲਜੁਗ ਆ ਗਿਆ ਏ, ਕਲਜੁਗ। ਅਜ ਕਲ ਦੀਆਂ ਨੂੰਹਾਂ ਧੀਆਂ ਨੂੰ ਸ਼ਰਮ ਹਯਾ ਤਾਂ ਰਹੀ ਹੀ ਨਹੀਂ। ਅਸਾਂ ਏਨੀ ਉਮਰ ਹੰਢਾਈ ਏ, ਸੱਸ ਸਹੁਰੇ ਦੇ ਸਾਹਮਣੇ ਘਰ ਵਾਲੇ ਨਾਲ ਕਦੇ ਹੱਸ ਕੇ ਗੱਲ ਨਹੀਂ ਸੀ ਕੀਤੀ। ਚਾਰ ਨਿਆਣੇ ਹੋਣ ਪਿਛੋਂ ਵੀ ਘੁੰਡ ਨਹੀਂ ਸੀ ਚੁਕਿਆ, ਪਰ ਅਜ ਕਲ ਵਿਆਹ ਪਿਛੋਂ ਹੁੰਦਾ ਏ ਤੇ ਮਿੱਠੀਆਂ ਮਿੱਠੀਆਂ ਗੱਲਾਂ ਪਹਿਲਾਂ ਸ਼ੁਰੂ ਹੋ ਜਾਂਦੀਆਂ ਨੇ।" ਤੇ ਜਦ ਤਕ ਉਹ ਉੱਚੀ ਉੱਚੀ ਗਾਲ੍ਹਾਂ ਕਢ ਕੇ ਜਾਂ ਦੁਖਾਵੀਆਂ ਗੱਲਾਂ ਕਰ ਕੇ ਆਪਣੀ ਨੂੰਹ ਨੂੰ ਰੁਆ ਨਾ ਲੈਂਦੀ, ਉਸ ਦੀ ਫਿਰ ਪਾਠ ਵਿਚ ਸੁਰਤੀ ਨਾ ਜੁੜਦੀ। ਉਸ ਨੂੰ ਅਨੰਦ ਨਾ ਮਿਲਦਾ, ਗੁਰੂ ਦਾ ਹੱਸਦਾ ਹੋਇਆ ਰਹਿਮ ਭਰਿਆ ਚਿਹਰਾ ਉਸ ਦੇ ਅਗੇ ਸਾਕਾਰ ਨਾ ਹੁੰਦਾ।

ਪਾਠ ਕਰਨ ਵੇਲੇ ਹੀ ਨਹੀਂ, ਰਾਤ ਨੂੰ ਵੀ ਉਸ ਦਾ ਬੁੜਬੁੜਾਉਣਾ ਜਾਰੀ ਰਹਿੰਦਾ। ਅਵਲ ਤਾਂ ਉਸ ਨੂੰ ਨੀਂਦ ਹੀ ਨਾ ਆਉਂਦੀ, ਜੇ ਨੀਂਦ ਆਉਂਦੀ ਤਾਂ ਚਿੜੀ ਦੀ ਨੀਂਦ ਸੌਂ ਕੇ ਮੰਜੇ ਉਤੇ ਪਾਸੇ ਪਰਤਣ ਲਗ ਪੈਂਦੀ ਤੇ ਫਿਰ ਮੰਜੀ ਤੋਂ ਉੱਠ ਕੇ ਕੋਠੇ ਉਤੇ ਘੁੰਮਣ ਲਗ ਪੈਂਦੀ।

"ਕਲਜੁਗ ਆ ਗਿਆ ਏ, ਕਲਜੁਗ। ਐਨੀ ਉਮਰ ਗੁਜ਼ਾਰੀ ਏ ਪਰ ਐਹੋ ਜਿਹੀ ਗਰਮੀ ਅਗੇ ਕਦੇ ਨਹੀਂ ਸੀ ਪਈ। ਇਕ ਤਾਂ ਔਂਤਰਾ ਮੱਛਰ ਵੀ ਅਰਾਮ ਨਾਲ ਸੌਣ ਨਹੀਂ ਦੇਂਦਾ...।"

ਉਸ ਨੂੰ ਰਾਤ ਨੂੰ ਇੰਝ ਉਠ ਕੇ ਬੁੜਬੁੜਾਂਦਿਆਂ ਤੱਕ ਕਦੀ ਕਦੀ ਨਰਿੰਦਰ ਦੇ ਅੰਗ ਅੰਗ ਵਿਚ ਕਰੋਧ ਉਬਲ ਪੈਂਦਾ, ਉਸ ਦੀ ਵਹੁਟੀ ਦੀਆਂ ਅੱਖਾਂ ਵਿਚ ਚੰਗਿਆੜੇ ਮਚ ਪੈਂਦੇ ਤੇ ਉਹ ਸਲਾਹਾਂ ਸ਼ੁਰੂ ਕਰ ਦੇਂਦੇ ਕਿ ਉਹ ਕਿਉਂ ਨਹੀਂ ਹੋਰ ਕੋਈ ਮਕਾਨ ਕਿਰਾਏ ਉਤੇ ਲੈ ਲੈਂਦੇ। ਨਰਿੰਦਰ ਮਕਾਨ ਲੱਭਣ ਦਾ ਜਤਨ ਵੀ ਕਰਦਾ ਪਰ ਏਡੀ ਮਹਿੰਗਾਈ ਵਿਚ ਥੋੜ੍ਹੀ ਜਿਹੀ ਤਨਖ਼ਾਹ ਵਿਚੋਂ ਕਿਰਾਏ ਦੇ ਵਾਧੂ ਪੰਜਾਹ ਰੁਪਏ — ਨਰਿੰਦਰ ਕੁਝ ਦਿਨ ਫਿਰ-ਤੁਰ ਕੇ ਫਿਰ ਖ਼ਿਆਲ ਛੱਡ ਦੇਂਦਾ।

ਕਿਰਾਏ ਉਤੇ ਮਕਾਨ ਲੈਣ ਬਾਰੇ ਪਤੀ ਤੇ ਪਤਨੀ ਦੀਆਂ ਗੱਲਾਂ ਬੜੀਆਂ ਦਬੀਆਂ ਦਬੀਆਂ ਹੁੰਦੀਆਂ, ਪਰ ਬੇਬੇ ਈਸਰੀ ਨੂੰ ਸਭ ਕੁਝ ਪਤਾ ਲਗ ਜਾਂਦਾ, ਹਾਲਾਂਕਿ ਉਹ ਕਾਫ਼ੀ ਉੱਚਾ ਸੁਣਦੀ ਸੀ। ਤੇ ਫਿਰ ਉੱਚੀ ਉੱਚੀ ਬੋਲਣਾ ਸ਼ੁਰੂ ਕਰ ਦੇਂਦੀ, "ਨਿੱਜ ਜੰਮਦੀ ਮੈਂ ਅਜਿਹਾ ਪੁੱਤਰ। ਇਸ ਨਾਲੋਂ ਤਾਂ ਮੈਂ ਔਂਤਰੀ ਚੰਗੀ ਸਾਂ। ਇਹ ਮੇਰਾ ਕਸੂਰ ਨਹੀਂ ਬਸ ਕਲਜੁਗ ਆ ਗਿਆ ਏ, ਕਲਜੁਗ। ਤੇਰੇ ਪਿਓ ਨੇ ਮਾਪਿਆਂ ਦਾ ਹਜ਼ਾਰਾਂ ਰੁਪਏ ਦਾ ਕਰਜ਼ਾ ਲਾਹਿਆ ਸੀ, ਤੇ ਕਦੇ ਮੂੰਹੋਂ ਸੀਅ ਨਹੀਂ ਸੀ ਕੀਤੀ। ਪਰ ਤੁਹਾਡੇ ਕੋਲੋਂ ਇਕ ਮਾਂ ਲਈ ਰੋਟੀ ਖੁਆਉਣੀ ਵੀ ਭਾਰੂ ਏ। ਜਿਹੜਾ ਤੁਸੀਂ ਕਲ ਨੂੰ ਮਕਾਨ ਲੈਣਾ ਏ ਅਜ ਲੈ ਲਓ। ਮੈਂ ਸ਼ਹੀਦੀਂ ਜਾਂ ਬੈਠਾਂਗੀ। ਕਿਸੇ ਨੂੰ ਪਤਾ ਤੇ ਲਗੇਗਾ ਕਿ ਨਰਿੰਦਰ ਦੀ ਮਾਂ ਮੰਗਦੀ ਏ।" ਤੇ ਨਰਿੰਦਰ ਭਾਰੇ ਤੇ ਰੁੰਨੇ ਰੁੰਨੇ ਦਿਲ ਨਾਲ ਸਭ ਕੁਝ ਚੁਪ ਚਾਪ ਸੁਣੀ ਜਾਂਦਾ ਜਾਂ ਫਿਰ ਘਰੋਂ ਬਾਹਰ ਨਿਕਲ ਤੁਰਦਾ।

ਜੇ ਕਦੇ ਨਰਿੰਦਰ ਦੀ ਪਤਨੀ ਬੀਮਾਰ ਹੋ ਜਾਂਦੀ ਤੇ ਨਰਿੰਦਰ ਉਸ ਲਈ ਭੁਲ ਭੁਲੇਖੇ ਬਜ਼ਾਰੋਂ ਕੋਈ ਦਵਾਈ ਲੈ ਆਉਂਦਾ ਤਾਂ ਦਵਾਈ ਨੂੰ ਤਕਦਿਆਂ ਸਾਰ ਹੀ ਚੰਗੀ ਭਲੀ ਬੇਬੇ ਈਸਰੀ ਨੂੰ ਹੂੰਗਾ ਛਿੜ ਪੈਂਦਾ ਤੇ ਚਾਦਰ ਤਾਣ ਮੰਜੇ ਉਤੇ ਲੇਟ ਜਾਂਦੀ, "ਕਲਜੁਗ ਆ ਗਿਆ ਏ... ਕਲਜੁਗ। ਮਾਂ ਮੰਜੇ ਉਤੇ ਬੀਮਾਰ ਪਈ ਮਰ ਰਹੀ ਹੋਵੇ, ਉਸ ਦੀ ਕੋਈ ਸੁਰਤ ਨਹੀਂ ਪੁਛਦਾ ਤੇ ਰੰਨ ਲਈ ਨਿਤ ਨਵੇਂ ਦਿਨ ਦੁਆਈ ਆ ਰਹੀ ਏ। ਰੰਨ ਨੂੰ ਮੁੜ ਮੁੜ ਪੁਛੀਂਦਾ ਏ, 'ਕੀ ਹਾਲ ਏ, ਦਵਾਈ ਖਾ ਲਈ ਏ ਜਾਂ ਨਹੀਂ,' ਮਾਂ ਭਾਵੇਂ ਤੜਫ਼ ਤੜਫ਼ ਕੇ ਮਰ ਜਾਏ। ਹਾਏ ਰੱਬਾ! ਬਹੁੜੀਂ, ਮੈਂ ਮਰ ਗਈ। ਐਹੋ ਜਿਹੇ ਜ਼ਮਾਨੇ ਅਗੇ ਨਹੀਂ ਸਨ ਕਦੇ ਆਏ।"

ਬੇਬੇ ਈਸਰੀ ਦਾ ਦਿਲ ਘਰ ਵਿਚ ਕਦੇ ਬਹੁਤ ਹੀ ਉਦਾਸ ਹੋ ਜਾਂਦਾ ਤਾਂ ਉਹ ਆਪਣੇ ਵੱਡੇ ਪੁੱਤਰ ਕੋਲ ਦਿੱਲੀ ਚਲੀ ਜਾਂਦੀ। ਉਸ ਦੇ ਦਿੱਲੀ ਜਾਣ ਉਤੇ ਨਰਿੰਦਰ ਦੀ ਪਤਨੀ ਕੁਝ ਸੁਖ ਦਾ ਸਾਹ ਲੈਂਦੀ, ਘਰ ਵਿਚ ਮਿੱਠੀ ਮਿੱਠੀ ਮਹਿਕ ਅਨੁਭਵ ਕਰਦੀ। ਘਰ ਦੀ ਹਰ ਇਕ ਚੀਜ਼ ਉਸ ਨੂੰ ਚੰਗੀ ਚੰਗੀ ਲੱਗਦੀ। ਪਰ ਬੇਬੇ ਦਾ ਦਿਲ ਦਿੱਲੀ ਨਾ ਲਗਦਾ ਤੇ ਚੌਥੇ ਦਿਨ ਉਹ ਫੇਰ ਘਰ ਭੱਜੀ ਆਉਂਦੀ, ਤੇ ਘਰ

# ਕਲਯੁਗ

ਵਿਚ ਉਸ ਦਾ ਬੋਲਣਾ ਫਿਰ ਸ਼ੁਰੂ ਹੋ ਜਾਂਦਾ, "ਕਲਜੁਗ ਆ ਗਿਆ ਏ, ਕਲਜੁਗ।" ਤੇ ਨਰਿੰਦਰ ਤੇ ਉਹਦੀ ਪਤਨੀ ਨੂੰ ਲਗਦਾ ਜਿਵੇਂ ਸਵਰਗ ਦੇ ਬੂਹੇ ਉਹਨਾਂ ਲਈ ਫਿਰ ਭੀੜੇ ਹੋ ਗਏ ਹੋਣ।

ਦਿਨ ਹੋਵੇ ਜਾਂ ਰਾਤ, ਉਹ ਘਰ ਵਿਚ ਕਿਸੇ ਨਾਲ ਲੜੀ ਹੋਵੇ ਜਾਂ ਮੰਨੀ ਹੋਵੇ, ਉਸ ਦਾ ਬੁੜਬੁੜਾਉਣਾ ਉਵੇਂ ਹੀ ਜਾਰੀ ਰਹਿੰਦਾ, "ਹੁਣ ਤਾਂ ਹੋਰ ਦੇ ਹੋਰ ਹੀ ਵੇਲੇ ਆ ਗਏ ਨੇ। ਐਹੋ ਜਿਹੀਆਂ ਗੱਲਾਂ ਅੱਗੇ ਕਦੇ ਨਹੀਂ ਸਨ ਸੁਣੀਆਂ।"

ਇਕ ਦਿਨ ਬੇਬੇ ਈਸਰੀ ਅਚਾਨਕ ਬੀਮਾਰ ਪੈ ਗਈ। ਬਿਰਧ ਸਰੀਰ ਸੀ, ਇਕ ਦਿਨ ਅੰਮ੍ਰਿਤ ਵੇਲੇ ਅਸ਼ਨਾਨ ਕਰਨ ਲੱਗਿਆਂ ਉਸ ਨੂੰ ਠੰਢ ਲਗ ਗਈ ਤੇ ਪਲਾਂ ਵਿਚ ਹੀ ਉਹ ਹੋਰ ਦੀ ਹੋਰ ਹੋ ਗਈ। ਪਿੰਡ ਦੇ ਹਕੀਮ ਨੇ ਦੱਸਿਆ ਕਿ ਉਹ ਕੱਲ੍ਹ ਦਾ ਦਿਨ ਨਹੀਂ ਕੱਢਣ ਲੱਗੀ। ਦਿੱਲੀ ਉਸ ਦੇ ਵੱਡੇ ਮੁੰਡੇ ਨੂੰ ਤਾਰ ਦੇ ਦਿੱਤੀ ਗਈ। ਜਦ ਉਹ ਦਿੱਲੀਓਂ ਆਇਆ ਤਾਂ ਉਸ ਵੇਲੇ ਬੇਬੇ ਈਸਰੀ ਦਾ ਜਿਵੇਂ ਘੋਰੜੂ ਵਜ ਰਿਹਾ ਸੀ। ਉਹ ਹੁਣ ਕੁਝ ਪਲਾਂ ਦੀ ਪਰਾਹੁਣੀ ਸੀ ਕਿ ਅਚਾਨਕ ਉਸ ਦੀਆਂ ਅੱਖਾਂ ਖੁਲ੍ਹ ਗਈਆਂ, ਉਸ ਦੀਆਂ ਅੱਖਾਂ ਨੇ ਵੇਖਿਆ ਕਿ ਉਸ ਦੇ ਨੂੰਹ ਪੁੱਤਰ ਕੋਲੋ ਕੋਲ ਬੈਠੇ ਸਨ ਤੇ ਉਹ ਆਪੋ ਵਿਚ ਕੁਝ ਗੱਲਾਂ ਕਰ ਕੇ ਮੁਸਕਰਾ ਰਹੇ ਸਨ। ਇਹ ਵੇਖਦਿਆਂ ਸਾਰ ਹੀ ਉਸ ਦਾ ਸਾਹ ਪਰਤ ਆਇਆ, ਉਸ ਦੇ ਚਿਹਰੇ ਦੀਆਂ ਤਣਾਵਾਂ ਕੱਸੀਆਂ ਗਈਆਂ ਤੇ ਉਹ ਬੁੜਬੁੜਾਂਦੀ ਹੋਈ ਉੱਠ ਬੈਠੀ, "ਕਲਜੁਗ ਆ ਗਿਆ ਏ… ਕਲਜੁਗ…।"

ਇਸ ਪਿਛੋਂ ਉਹ ਛੇ ਦਿਨ ਜੀਵੀ ਤੇ ਇਕ ਦਿਨ ਜਦੋਂ ਨਰਿੰਦਰ ਆਪਣੀ ਪਤਨੀ ਨਾਲ ਕਿਸੇ ਗੱਲੋਂ ਲੜ ਰਿਹਾ ਸੀ ਤੇ ਉਹ ਅੱਗੋਂ ਸਿਸਕ ਰਹੀ ਸੀ ਤਾਂ ਬੇਬੇ ਈਸਰੀ ਚੁਪ-ਚੁਪੀਤੀ ਅੱਖਾਂ ਮੀਟ ਗਈ। ਅੰਤ ਵੇਲੇ ਉਸ ਦੇ ਚਿਹਰੇ ਉਤੇ ਬੜੀ ਸ਼ਾਂਤੀ ਸੀ।

ਫ਼ੋਟੋ: Hear "Punjabi Kahaniya by Ruby Kaur on You Tube."

# 40 ਸਾਲ ਪਹਿਲਾਂ ਪੰਜਾਬ ਆਇਆ ਤਾਂ...

## ਸੁ'ਰਜੀਤ ਸਿੰਘ ਵਿਰਕ



ਕੋਈ 40 ਕੁ ਸਾਲ ਪਹਿਲਾਂ ਪੰਜਾਬ ਆਇਆ ਤਾਂ ਅਸੀ ਰੈਣ ਸਬਾਈ ਕੀਰਤਨ 'ਤੇ ਗਏ ਜਿੱਥੇ ਸਾਨੂੰ ਇਕ ਪਰਿਵਾਰ ਨੇ ਘਰ ਸੱਦਿਆ। ਸਾਨੂੰ ਪਤਾ ਲੱਗਾ ਕਿ ਉਹ ਕੁੜੀ ਟੀਚਰ ਲੱਗੀ ਹੋਈ ਹੈ। ਜਦੋਂ ਪੁੱਛਿਆ ਕਿ "ਕੀ ਏਨਾ ਏਨਾ ਚਿਰ ਛੁੱਟੀਆਂ ਮਿਲ ਜਾਂਦੀਆਂ?" ਤਾਂ ਮੈ ਉਹਦੀ ਗੱਲ ਸੁਣ ਕੇ ਹੈਰਾਨ ਰਹਿ ਗਿਆ। ਕਿ – "ਉੱਥੇ ਸਾਰੇ ਟੀਚਰ ਜਦ ਮਰਜ਼ੀ ਛੁੱਟੀ ਕਰ ਲੈਂਦੇ ਹਨ ਤੇ ਦੂਜੇ ਉਹਦੀ ਹਾਜ਼ਰੀ ਦੂਜੇ ਭਰ ਦਿੰਦੇ ਹਨ"! ਇਹ ਕਿਵੇਂ ਹੁੰਦਾ ਹੈ, ਮੈਨੂੰ ਨਹੀਂ ਪਤਾ ਪਰ ਇਹ ਉਦੋਂ ਮਨ ਨੂੰ ਖੁੜਕੀ ਸੀ ਕਿ ਪੰਜਾਬ ਦੀ ਵਿੱਦਿਆ ਦਾ ਢਾਂਚਾ ਉੱਖੜਨ ਵਾਲਾ ਹੈ।

2007 ਵਿੱਚ ਪਿੰਡ ਗਿਆ ਤਾਂ ਸਕੂਲ ਦੇਖਣ ਲਈ ਚਾਅ ਆਇਆ -ਤਾਂ ਜਾ ਕੇ ਦੇਖਿਆ ਕਿ ਜਿੱਥੇ ਸਾਨੂੰ ਪੰਜਵੀਂ ਤੱਕ ਸਾਰੇ ਸਕੂਲ ਵਿੱਚ ਇਕ ਅਧਿਆਪਕ ਪੜ੍ਹਾਉਂਦਾ ਹੁੰਦਾ ਸੀ ਉੱਥੇ ਹੁਣ ਤਿੰਨ ਕੁੜੀਆਂ ਅਧਿਆਪਕ ਸੀ। ਜਦੋਂ ਮੈ ਸਕੂਲ ਵੜਿਆ ਉਹ ਤਿੰਨੋਂ ਕੁਰਸੀਆਂ ਜੋੜ ਕੇ ਗੱਲਾਂ 'ਚ ਮਸਤ ਸਨ – ਅਤੇ ਨਿਆਣੇ? ਕਹਿਣ ਦੱਸਣ ਦੀ ਲੋੜ ਨਹੀਂ।

ਮੁੜ 2020 'ਚ ਪਿੰਡ ਗਿਆ ਤਾਂ ਪਤਾ ਲੱਗਾ ਕਿ ਹੁਣ ਸਕੂਲ ਵਿੱਚ ਬਿਹਾਰ ਤੋਂ ਆਏ ਲੋਕਾਂ ਦੇ ਨਿਆਣੇ ਪੜ੍ਹਦੇ ਹਨ ਤੇ ਅਧਿਆਪਕ ਆਉਂਦੇ ਹੀ ਨਹੀਂ। ਉਨ੍ਹਾਂ ਨੇ ਸਾਡੇ ਪਿੰਡ ਦੇ ਲੁਹਾਰਾਂ ਦੀ ਨੂੰਹ, ਜੋ ਦਸਵੀਂ ਪਾਸ ਹੈ, ਨੂੰ ਅੱਗੇ ਨੌਕਰੀ 'ਤੇ ਰੱਖਿਆ ਹੋਇਆ ਹੈ! ਉਹ ਨਾਲੇ ਘਰ ਦਾ ਕੰਮ ਕਾਰ ਕਰ ਲੈਂਦੀ ਹੈ ਤੇ ਵਿੱਚੇ ਸਕੂਲੇ ਗੇੜਾ ਲਾ ਆਉਂਦੀ ਹੈ। ਉਹਨੂੰ, ਸਾਡੇ ਘਰ ਦੇ ਮੋਹਰ ਦੀ ਸਕੂਲ ਨੂੰ ਜਾਣਾ ਪੈਂਦਾ, ਤੇ ਮੈ ਉਹਨੂੰ ਦਿਨ ਦੇ ਤਿੰਨ ਤਿੰਨ, ਘਰ, ਗੇੜੇ ਮਾਰਦੀ ਦੇਖਿਆ। ਨਿਆਣੇ ਜਾਣ ਢੱਠੇ ਖੂਹ ਵਿੱਚ! ਨਾ ਪੰਜਾਬ ਗੌਰਮਿੰਟ ਨੂੰ ਕੋਈ ਫ਼ਿਕਰ, ਨਾ ਪਿੰਡ ਨੂੰ ਕੋਈ ਫ਼ਿਕਰ (ਉਨਾਂ ਦੇ ਨਿਆਣੇ ਪ੍ਰਾਈਵੇਟ ਸਕੂਲਾਂ 'ਚ ਅੰਗਰੇਜ਼ੀ ਸਿੱਖ ਰਹੇ ਹਨ), ਨਾ ਸਾਡੇ ਸਮਾਜ-ਸਿਰਜਕਾਂ (ਅਧਿਆਪਕਾਂ) ਨੂੰ ਫ਼ਿਕਰ, ਜੋ 60-70,000 ਤਨਖਾਹ ਲੈਂਦੇ ਹਨ ਤੇ ਨੌਕਰੀ ਵੱਲ ਕੋਈ ਜ਼ਿੰਮੇਵਾਰੀ ਨਹੀਂ।

ਹੁਣ ਮੈ ਗੱਲ ਕਰਦਾਂ ਕੈਨੇਡਾ ਦੀ। ਮੈ ਆਪਣੀਆਂ ਪੋਤਰੀਆਂ ਨੂੰ ਸਕੂਲ ਛੱਡਣ ਜਾਵਾਂ ਤਾਂ ਮਜਾਲ ਹੈ ਕਿ ਸਕੂਲ ਦਾ ਦਰਵਾਜ਼ਾ ਇਕ ਮਿੰਟ ਵੀ ਪਹਿਲਾਂ ਖੁੱਲ੍ਹ ਜਾਵੇ? ਹਰ ਕਲਾਸ ਦੇ ਦਰਵਾਜ਼ੇ ਵਿੱਚ ਇੱਕ ਇੱਕ ਅਧਿਆਪਕ ਖੜ੍ਹੀ ਹੁੰਦੀ ਹੈ ਅਤੇ ਬੱਚੇ ਲਾਈਨ 'ਚ ਲੱਗੇ ਬਾਹਰ ਖੜ੍ਹੇ ਹੁੰਦੇ ਹਨ। ਫੇਰ ਉਹ 'ਕੱਲੇ 'ਕੱਲੇ ਬੱਚੇ ਨਾਲ ਹੱਥ ਮਿਲਾਅ ਕੇ ਅੰਦਰ ਕਰਦੀ ਹੈ। ਇਵੇਂ ਹੀ, ਸਕੂਲ ਦੇ ਬੰਦ ਹੋਣ ਸਮੇਂ ਇਕ ਮਿੰਟ ਵੀ ਪਹਿਲਾਂ ਬੱਚਾ ਬਾਹਰ ਨਹੀਂ ਆ ਸਕਦਾ ਅਤੇ ਮੁੜ ਉਹ 'ਕੱਲੇ 'ਕੱਲੇ ਨਾਲ ਹੱਥ ਮਿਲਾਅ ਕੇ ਬਾਹਰ ਭੇਜਦੇ ਨੇ। ਮੇਰੀ ਛੋਟੀ ਪੋਤਰੀ ਨੇ ਹਾਲੇ ਪਹਿਲੀ 'ਚ ਲੱਗਣਾ ਹੈ ਤੇ ਉਹ ਮੈਨੂੰ ਉਹ ਗੱਲਾਂ ਦੱਸਦੀ ਹੈ, ਜੋ, ਸੋਚਦਾਂ ਕਿ ਇਹਨੂੰ ਏਨਾ ਗਿਆਨ ਕਿਵੇਂ? ਫੇਰ ਮੈਨੂੰ ਆਪਣਾ ਅਧਿਆਪਕ ਰਾਮ ਲਾਲ ਯਾਦ ਆਉਂਦਾ ਹੈ, ਜਿਸ ਨੇ ਮੈਨੂੰ ਪੰਜਵੀਂ ਤੱਕ ਏਨਾ ਕੁ ਗਿਆਨ ਦੇ ਦਿੱਤਾ ਸੀ ਕਿ ਮੁੜ ਮੈਨੂੰ ਕੁਝ ਵੀ ਪੜ੍ਹਨ ਦੀ ਲੋੜ ਹੀ ਨਹੀਂ ਪਈ... ਇਹ ਹੁੰਦੀ ਹੈ ਅਧਿਆਪਕ ਨੂੰ ਸਮਾਜ ਦੀ ਦੇਣ! ਪੰਜਾਬ ਅਤੇ ਪੰਜਾਬੀ ਬੋਲੀ ਅਤੇ ਸਾਡੇ ਸਮਾਜ 'ਚ ਬੁਰਾਈਆਂ ਅਤੇ ਸਾਡਾ ਡਿੱਗੇ ਹੋਏ ਹੋਣਾ- ਇਹਦੀ ਜ਼ਿੰਮੇਵਾਰ ਸਰਕਾਰ ਤਾਂ ਹੈ ਹੀ, ਪਰ ਸਭ ਤੋਂ ਵੱਧ ਜ਼ਿੰਮੇਵਾਰ ਉਹ ਅਕ੍ਰਿਤਘਣ ਅਧਿਆਪਕ ਹਨ ਜੋ ਏਨੀ ਏਨੀ ਤਨਖ਼ਾਹ ਲੈਂਦੇ ਹਨ ਅਤੇ ਆਪ ਗਰੀਬ ਪਰਿਵਾਰਾਂ ਦੀਆਂ ਕੁੜੀਆਂ ਨੂੰ ਪੰਜ ਪੰਜ ਸੱਤ ਸੱਤ ਹਜ਼ਾਰ ਤਨਖਾਹ ਉੱਤੇ ਰੱਖ ਕੇ ਅੱਗੇ ਕੰਮ ਲੈ ਰਹੇ ਨੇ। ਇਸ ਤੋਂ ਵੱਡੀ ਕੌਮ ਨਾਲ ਹੋਰ ਗੱਦਾਰੀ ਨਹੀਂ ਹੋ ਸਕਦੀ। ਧ੍ਰਿਗ ਹੈ ਇਹੋ ਜਹੇ ਅਧਿਆਪਕਾਂ ਨੂੰ !!

6046181798 ਵੈਨਕੋਵਰ (ਕੈਨੇਡਾ)

# ਹਰ ਇਕ ਦਾ ਹੀ ਫੁੱਲ ਤੋੜਣ ਨੂੰ ਜੀਅ ਕੀਤਾ

ਬਲਵਿੰਦਰ ਬਾਲਮ

**ਛੋਹ** ਨਾਲ ਮਨ ਦੀ ਚੰਚਲਤਾ ਜਦ ਪਿਘਲ ਗਈ।
ਪਾਣੀ ਵਿੱਚ ਪਤਾਸੇ ਦੀ ਸ਼ੈਅ ਕਿਧਰ ਗਈ।

ਤੜਕ ਸਵੇਰੇ ਸ਼ਬਨਮ ਨੇ ਇੰਝ ਚੁੰਮਿਆ ਏ,
ਪੱਤੀ-ਪੱਤੀ ਇੱਕ ਕਲੀ ਦੀ ਨਿਖਰ ਗਈ।

ਹਰ ਇਕ ਦਾ ਹੀ ਫੁੱਲ ਤੋੜਣ ਨੂੰ ਜੀਅ ਕੀਤਾ,
ਉਸ ਦੀ ਦਿਲਕਸ਼ ਪਿਆਰੀ ਖ਼ੁਸ਼ਬੂ ਜਿਧਰ ਗਈ।

ਉਸ ਦੇ ਹਾਸੇ ਦੀ ਕਿਲਕਾਰੀ ਕੀ ਦੱਸਾਂ,
ਬੱਦਲਾਂ ਦੀ ਬਿਜਲੀ ਧਰਤੀ 'ਤੇ ਤਿਲ੍ਹਕ ਗਈ।

ਸ਼ੀਸ਼ੇ ਮੂਹਰੇ ਅੱਖਾਂ ਵਿਚੋਂ ਤੂੰ ਦਿਸਦਾ,
ਬੇਸ਼ਕ ਤੇਰੀ ਯਾਦ ਦਿਲਾਂ 'ਚੋਂ ਵਿਸਰ ਗਈ।

ਸੁੱਕੇ ਰੁੱਖ ਦੇ ਵਾਂਗੂੰ ਉਸ ਦਾ ਜੀਣਾ ਹੈ,
ਆਸ ਮੁਰਾਦਾਂ ਵਿੱਚੋਂ ਜਿਸ ਦੀ ਲਲਕ ਗਈ।

ਭਟਕਣ ਵਾਲਾ ਸੂਰਜ ਕਿਧਰੇ ਦਿਸਦਾ ਨਹੀਂ,
ਪੂਰਨਤਾ 'ਚੋਂ ਮਨ ਦੀ ਇੱਛਾ ਮਚਲ ਗਈ।

ਮਾਰੂਥਲ ਦੇ ਵਿੱਚ ਉਜਾੜਾਂ ਪੈ ਗਈਆਂ,
ਲਗਦਾ ਹੈ ਬੱਦਲਾਂ ਦੀ ਚੁੰਨੀ ਸਰਕ ਗਈ।

ਬੁਝੇ ਦੀਵੇ ਫੇਰ ਹਕੀਕਤ ਜਾਗ ਪਈ,
ਲਗਦਾ ਸੀ ਨੇਰ੍ਹੀ ਦੀ ਆਦਤ ਸੁਧਰ ਗਈ।

ਉਸ ਦੀ ਤਕਣੀ ਦੇ ਦਰਵਾਜ਼ੇ ਕੀ ਖੁੱਲ੍ਹੇ,
ਚਲਦੀ ਹੋਈ ਨਬਜ਼ ਪਲਾਂ ਵਿਚ ਠਹਿਰ ਗਈ।

ਵਿਛੜਣ ਲੱਗਿਆ ਉਸ ਨੇ ਜੱਫੀ ਪਾਈ ਸੀ,
ਟੁੱਟ ਕੇ ਮਾਲਾ ਧਰਤੀ ਉਤੇ ਬਿਖਰ ਗਈ।

ਖ਼ੁਸ਼ਹਾਲੀ ਹਰਿਆਲੀ ਦੀ ਅੰਗੜਾਈ ਹੈ,
ਜਿੱਧਰ-ਜਿੱਧਰ ਹਾਸੇ ਵਾਲੀ ਨਹਿਰ ਗਈ।

ਸਮਝ ਲਵੋ ਸ਼ਹਿਨਾਈ ਟੁੱਟੀ ਹੋਈ ਹੈ,
ਗ਼ਜ਼ਲਾਂ ਵਿਚੋਂ 'ਬਾਲਮ' ਜੇਕਰ ਬਹਿਰ ਗਈ।

ਓਂਕਾਰ ਨਗਰ ਗੁਰਦਾਸਪੁਰ ਪੰਜਾਬ। 98156-25409

# ਫ਼ਰਵਰੀ

ਵਿਨੋਦ ਵਿੱਠਲ



**ਸੁਹਣਾ** ਸੁਫ਼ਨਾ ਜਿੰਨਾ ਛੋਟਾ
ਹੁੰਦਾ ਹੈ
ਘੱਟ ਠਹਿਰਦਾ ਹੈ
ਕਲੰਡਰ ਇਸਦੇ ਬਨੇਰੇ 'ਤੇ
ਜਿਵੇਂ ਸਾਮਰਾਊ ਸਟੇਸ਼ਨ 'ਤੇ
ਦਿੱਲੀ ਜੈਸਲਮੇਰ ਇੰਟਰਸਿਟੀ।

ਫ਼ਰਵਰੀ ਤੋਂ ਸ਼ੁਰੂ ਹੋ ਜਾਂਦੀ ਸੀ ਰੰਗਾ-ਰੰਗੀ;
ਹੋਲੀ ਭਾਵੇਂ ਕਿੰਨੀ ਹੀ ਹੋਵੇ ਦੂਰ
ਸੀਬੀਐੱਸਈ ਨੇ ਸਭ ਤੋਂ ਪਹਿਲਾਂ ਸਕੂਲ ਤੋਂ
ਰੰਗਾਂ ਨੂੰ ਬੇਦਖ਼ਲ ਕੀਤਾ ਹੈ

ਇਸੇ ਮਹੀਨਿਓਂ ਸ਼ੁਰੂ ਹੁੰਦੀ ਸ਼ੀਤਲਾ ਸਪਤਮੀ ਦੀ ਉਡੀਕ
ਕਾਗ਼ਾ ਵਿੱਚ ਭਰਨ ਵਾਲੇ ਮੇਲੇ ਅਤੇ
ਆਉਣਵਾਲੇ ਮਹਿਮਾਨਾਂ ਦੀ
ਐਮੇਜ਼ੋਨ ਦੇ ਮੇਲਿਆਂ 'ਚ ਉਹ ਗੱਲ ਕਿੱਥੇ?

ਪਰ ਕਾਲਜ ਦੇ ਦਿਨਾਂ 'ਚ ਬਹੁਤ ਉਦਾਸ ਕਰਦੀ ਸੀ
ਫ਼ਰਵਰੀ
ਟਾਈਮਟੇਬਲ ਦੀ ਸਕ੍ਰੀਨੋਂ ਗ਼ਾਇਬ ਹੋ ਜਾਂਦੀਆਂ ਸਨ
ਸੀਮਾ ਸੁਰਾਣਾ ਦੀਆਂ ਅੱਖਾਂ
ਪੂਰਾ ਕੈਂਪਸ ਪੀਲੇ ਪੱਤਿਆਂ ਨਾਲ ਭਰ ਜਾਂਦਾ ਸੀ
ਘਾਟੂ ਦੇ ਉਦਾਸ ਪੱਥਰਾਂ ਨਾਲ ਬਣੀ ਲਾਇਬ੍ਰੇਰੀ
ਬਹੁਤ ਠੰਡੀ, ਬਹੁਤ ਉਦਾਸ ਤੇ ਬਹੁਤ
ਡਰਾਉਣੀ ਲੱਗਦੀ
ਜਿਵੇਂ ਨੇੜੇ ਦੀ ਜ਼ਿੰਦਾਦਿਲ ਮਾਸੀ
ਚਾਣਚੱਕ ਹੋ ਜਾਏ ਵਿਧਵਾ

ਨੌਕਰੀ ਦੇ ਦਿਨਾਂ 'ਚ ਇਹ ਮਹੀਨਾ
ਮਾਰਚ ਦਾ ਪਾਇਦਾਨ ਹੁੰਦਾ ਹੈ:
ਬਜਟ, ਪੈਸਾ ਤੇ ਖਰਚੋਂ-ਬਚਿਆ ਪੈਸਾ।

ਇੱਛਾ ਤਾਂ ਇਹ ਹੁੰਦੀ ਹੈ- ਹੈੱਡਫੋਨ 'ਤੇ
ਕਵਿਤਾ ਸ਼ਰਮਾ ਦੀ ਆਵਾਜ਼ 'ਚ ਬਾਬੂਸ਼ਾ ਕੋਹਲੀ ਦੀਆਂ
ਪ੍ਰੇਮ ਕਵਿਤਾਵਾਂ ਸੁਣਦਿਆਂ
ਟਾਪਰੀ ਦੇ ਫ਼ਾਰੈਸਟ ਗੈੱਸਟ ਹਾਊਸ ਵਾਲੀ ਰੋਡ 'ਤੇ
ਨਿੱਕਲ ਜਾਈਏ

ਪਰ ਉਹ ਰੋਡ ਵੀ ਤਾਂ ਫ਼ਰਵਰੀ ਵਾਂਗ ਛੋਟੀ ਹੈ
ਕਈ ਵਾਰ ਇਹ ਮੈਨੂੰ ਸੁੱਖ ਦੀ ਹਮ-ਸ਼ਕਲ ਲੱਗਦੀ ਹੈ
ਵੇਖੋ, ਪਛਾਣੋ, ਗ਼ਾਇਬ!

(ਹਿੰਦੀ ਤੋਂ) ਜੋਧਪੁਰ, ਰਾਜਸਥਾਨ 8094005345

{ ਪ੍ਰੋ. ਨਵ ਸੰਗੀਤ ਸਿੰਘ ਦੇ ਉੱਦਮ ਨਾਲ 9417692015)

# ਹੜ੍ਹ

## ਮੋਹਨ ਲਾਲ ਫ਼ਿਲੌਰੀਆ


IE

ਮੈਂ ਉਹਨੂੰ ਫ਼ੋਨ ਤਾਂ ਕਿਸੇ ਕੇਸ ਬਾਰੇ ਕੀਤਾ ਸੀ ਪਰ ਉਹ ਮੀਂਹ ਪਾਣੀ ਦਾ ਪੁੱਛ ਬੈਠਾ।
– ''ਸਾਡੇ ਤਾਂ ਠੀਕ ਐ, ਮੀਂਹ ਜ਼ੋਰ ਦੀ ਪਿਆ, ਪਾਣੀ ਨਿੱਕਲ ਗਿਆ – ਬਚਾਅ ਹੋਇਐ।'' ਮੈਂ ਕਿਹਾ।
– ''ਅੰਕਲ ਜੀ, ਸਾਡੇ ਨਾ ਪੁੱਛੋ। ਬਹੁਤ ਬੁਰਾ ਹਾਲ ਹੋਇਆ। ਮਹੀਨਾ ਮੀਂਹ ਲੱਗਾ ਰਿਹਾ। ਪਾਣੀ ਖੜ੍ਹਾ ਰਿਹਾ। ਛੱਤਾਂ ਚੋਂਦੀਆਂ ਰਹੀਆਂ–।''
– ''ਫੇਰ–?''
– ''ਫੇਰ ਕੀ ਬੜੀ ਮੁਸ਼ਕਲ ਬਣੀ– ਮੱਝ ਦੁੱਧ ਦਿੰਦੀ ਸੀ। ਅੰਦਰ ਹੀ ਬੱਝੀ ਰਹੀ। ਪਹਿਲਾਂ ਭੰਨ ਤੜੱਕੇ ਕਰਦੀ ਰਹੀ। ਫੇਰ ਇੱਕ ਡੰਗ ਹੋ ਗਈ।'' ਹਉਕਾ ਲੈ ਕੇ ਉਹ ਆਪਣੀ ਕਥਾ ਤੋਰ ਰਿਹਾ ਸੀ।
– ''ਰਾਸ਼ਨ ਪਾਣੀ –?'' ਮੈਂ ਪੁੱਛਿਆ।

–''ਰਾਸ਼ਨ ਪਾਣੀ ਦਾ ਸੁਣ ਲਓ= ਆਟਾ ਕੁਝ ਦਿਨ ਚੱਲਿਆ– ਮੁੱਕ ਗਿਆ। ਲੂਣ ਤੇਲ ਵੀ ਕਿੰਨੇ ਦਿਨ ਚੱਲਦਾ। ਦੋ ਬੋਰੀਆਂ ਕਣਕ ਪਈ ਸੀ, ਛੱਤ ਚੋਂਦੀ ਸੀ– ਬਥੇਰਾ ਸੁੱਕੇ ਥਾਂ ਪਲਟ ਪਲਟ ਕੇ ਰੱਖੀ– ਭਿੱਜ ਗਈ– ਖਾਣ ਵਾਲੀ ਨਾ ਰਹੀ। ਸਿਆਣੇ ਕਹਿੰਦੇ ਇਹ ਖਾਣ ਵਾਲੀ ਨਹੀਂ ਰਹੀ, ਪਸ਼ੂਆਂ ਨੂੰ ਵੀ ਨਾ ਪਾਉਣਾ। ਵਿਚ ਸਲਫ਼ਾਸ ਰੱਖੀ ਹੋਈ ਸੀ।'' ਉਹ ਗੱਲ ਕਰਦਾ ਕਰਦਾ ਚੁੱਪ ਹੋ ਗਿਆ। ''ਦਿਹਾੜੀ ਜਾਂਦੇ ਸੀ, ਕੰਮ ਬੰਦ ਪਿਐ, ਵਿਹਲੇ ਬੈਠੇ।''
– ''ਕੋਈ ਸਰਕਾਰੀ ਮਦਦ ਨਹੀਂ ਆਈ–?''
– ''ਆਈ ਸਰਕਾਰੀ ਮਦਦ ਤਾਂ ਬਹੁਤ ਆਈ। ਐਧਰੋਂ ਓਧਰੋਂ ਸਭਾ ਸੁਸਾਇਟੀਆਂ ਨੇ ਆਟਾ ਦਾਲਾਂ ਚਾਹ ਦੁੱਧ ਬੜਾ ਕੁਝ ਭੇਜਿਆ। ਉਹ ਸਾਰਾ ਕੁਝ ਸਰਪੰਚ ਦੀ ਹਵੇਲੀ ਸਟੋਰ 'ਚ ਰੱਖਿਆ ਪਿਆ। ਵੰਡ ਨਹੀਂ ਰਹੇ। ਕਹਿੰਦੇ ਮੰਤਰੀ ਜਾਂ ਐੱਮ ਐੱਲ ਏ ਸਾਹਬ ਆਉਣਗੇ ਤਾਂ ਵੰਡਣਗੇ––ਉਹ ਉਦਘਾਟਨ ਕਰਨਗੇ।''
– ''ਟੀ ਵੀ ਵਾਲੇ ਤਾਂ ਰਾਸ਼ਨ ਵੰਡ ਦਾ ਖ਼ੂਬ ਪਰਚਾਰ ਕਰ ਰਹੇ ਹਨ– ਅਖ਼ਬਾਰਾਂ ਵੀ ਇਹੀ ਦੱਸਦੀਆਂ––'' ਮੈਂ ਗੱਲ ਪਲਟੀ।

– '' ਐਂ ਤਾਂ ਸਾਡੇ ਵੀ ਪਤਾ ਕੀ ਹੋਇਆ? ਇੱਕ ਦਿਨ ਐੱਮ ਐੱਲ ਏ ਸਾਹਬ ਤੇ ਹੋਰ ਅਫ਼ਸਰ ਆਏ। ਆਹ ਨਾਲ ਵਾਲੇ ਪਿੰਡਾਂ ਦੇ ਆਪਣੇ ਬੰਦਿਆਂ ਨੂੰ ਨਾਲ ਇਕੱਠੇ ਕਰ ਕੇ ਲੈ ਆਏ। ਜਿਹੜਾ ਰਾਸ਼ਨ ਤੇ ਹੋਰ ਸਮਾਨ ਸਾਡੇ ਪਿੰਡ ਵਾਸਤੇ ਆਇਆ ਸੀ ਉਹ ਉਨ੍ਹਾਂ ਨੂੰ ਵੰਡ ਦਿੱਤਾ। ਅਸੀਂ ਪਿੰਡ ਵਾਲੇ ਦੇਖਦੇ ਰਹਿ ਗਏ।''

– ''ਤੁਸੀਂ ਸਰਪੰਚ ਨਾਲ ਗੱਲ ਕਰਨੀ ਸੀ–'' ਮੈਂ ਸਲਾਹ ਦਿੱਤੀ।
– ''ਇਹ ਸਾਰਾ ਪੁਆੜਾ ਹੀ ਸਰਪੰਚ ਦਾ– ਸਾਡੀ ਉਹਦੇ ਨਾਲ ਬਣਦੀ ਨਹੀਂ। ਉਹ ਕਈ ਵਾਰ ਸਰਪੰਚੀ ਜਿੱਤ ਚੁੱਕਾ। ਇਸ ਵਾਰ ਮੁਹੱਲੇ ਵਾਲਿਆਂ ਸਲਾਹ ਕਰ ਕੇ ਆਪਣਾ ਬੰਦਾ ਖੜ੍ਹਾ ਕੀਤਾ। ਪਰ ਕਈ ਆਪਣਿਆਂ ਨੇ ਉਹਨੂੰ ਵੋਟਾਂ ਨਾ ਪਾਈਆਂ, ਉਹ ਹਾਰ ਗਿਆ– ਇਹ ਸਰਪੰਚ ਫੇਰ ਬਣ ਗਿਆ। ਇਹਦੀ ਸਰਕਾਰੇ ਦਰਬਾਰੇ ਚੱਲਦੀ ਐ। ਸਰਪੰਚ ਨੂੰ ਹਿਸਾਬ ਕਿਤਾਬ ਰੱਖਣਾ ਆਉਂਦਾ ਐ।–––ਰਾਸ਼ਨ ਤਾਂ ਬੜਾ ਆਇਆ ਪਰ ਸਾਨੂੰ ਨਹੀਂ ਦਿੱਤਾ– ਜਿਨ੍ਹਾਂ ਨੇ ਉਹਨੂੰ ਵੋਟਾਂ ਪਾਈਆਂ ਸੀ ਉਹਨਾਂ ਨੂੰ ਬੁਲਾਅ ਬੁਲਾਅ ਕੇ ਚਕਾਈ ਜਾਂਦਾ। ਉਨ੍ਹਾਂ ਦੇ ਘਰ ਤਾਂ ਸਰਕਾਰੀ ਰਾਸ਼ਨ ਦਾ ਹੜ੍ਹ ਆਇਆ ਪਿਆ –''
– ''ਬਣਿਆ ਬਣਾਇਆ, ਦਾਲਾਂ, ਸਬਜ਼ੀਆਂ, ਰੋਟੀਆਂ, ਖੀਰ, ਵਗੈਰਾ ਬੜੀ ਆਈ– ਖਰਾਬ ਹੋਈ– ਜਾਂ ਆਪਣਿਆਂ ਨੂੰ ਵੰਡੀ। ਅਸੀਂ ਜਾਣਾ ਤਾਂ ਸਰਪੰਚ ਨੇ ਕਹਿਣਾ ਸ਼ਾਮ ਨੂੰ ਆਉਣਾ, ਸ਼ਾਇਦ ਹਲਕਾ ਇਨਚਾਰਜ ਆਵੇ ਜਾਂ ਹੋਰ ਅਫ਼ਸਰ।''

– ''ਸਮਾਂ ਹੈ ––ਜੇਕਰ ਮੀਂਹ ਦਾ ਹੜ੍ਹ ਆਇਆ ਤਾਂ ਰਾਸ਼ਨ ਤੇ ਹੋਰ ਵਸਤਾਂ ਦਾ ਵੀ ਹੜ੍ਹ ਆਇਆ।''

– ''ਪਾਣੀ ਆਇਆ ਚਲਾ ਗਿਆ, ਜਾਂਦਾ ਜਾਂਦਾ ਆਪਣੇ ਨਿਸ਼ਾਨ ਛੱਡ ਗਿਆ।'' ਉਸ ਹਉਕਾ ਲਿਆ।

9888405888
18/2 Kohinoor Enclave
PO Ladhewal, Jalandhar

# ਮੈਹਲੇ ਮਾਜਰਾ

## ਅਵਤਾਰ ਐੱਸ. ਸੰਘਾ, ਅਸਟ੍ਰੇਲੀਆ



ਸਿਡਨੀ ਦੀ ਇੱਕ ਸੀਨੀਅਰ ਸਿਟੀਜਨਜ਼ ਦੀ ਸੱਥ ਵਿੱਚ ਦੋ, 83 ਸਾਲ ਅਤੇ 85 ਸਾਲ ਦੇ ਬਜ਼ੁਰਗ ਆਉਂਦੇ ਹੁੰਦੇ ਸਨ। ਇੱਕ ਦਾ ਨਾਮ ਰਾਮ ਸਿੰਘ ਸੀ ਤੇ ਦੂਜੇ ਦਾ ਨਾਮ ਰਲਾ ਸਿੰਘ। ਸ਼ਾਇਦ ਇਨ੍ਹਾਂ ਦੇ ਪੋਤੇ-ਪੋਤੀਆਂ ਜਾਂ ਦੋਹਤੇ-ਦੋਹਤੀਆਂ ਇਨ੍ਹਾਂ ਨੂੰ ਸੱਥ ਵਿੱਚ ਛੱਡ ਜਾਇਆ ਕਰਦੇ ਸਨ। ਸੱਥ ਸਿਰਫ਼ ਐਤਵਾਰ ਵਾਲੇ ਦਿਨ ਹੀ ਲੱਗਦੀ ਹੁੰਦੀ ਸੀ। ਬਜ਼ੁਰਗ ਪਹਿਲਾਂ ਨੇੜੇ ਪੈਂਦੇ ਗੁਰੂ ਘਰ ਵਿੱਚ ਮੱਥਾ ਟੇਕਿਆ ਕਰਦੇ। ਫਿਰ ਲੰਗਰ ਛਕ ਕੇ ਸੱਥ ਵੱਲ ਦੇ ਪਾਸੇ ਨੂੰ ਆ ਜਾਇਆ ਕਰਦੇ। ਸੱਥ ਵਿੱਚ ਹਲਕਾ ਫੁਲਕਾ ਸੱਭਿਆਚਾਰਕ ਪ੍ਰੋਗਰਾਮ ਹੁੰਦਾ ਹੁੰਦਾ ਸੀ। ਬਹੁਤੇ ਹਾਜ਼ਰ ਸੀਨੀਅਰਜ਼ ਨੇ ਕੁਝ ਨਾ ਕੁਝ ਸੁਨਾਉਣਾ। ਕੋਈ ਕਵਿਤਾ ਸੁਣਾਉਂਦਾ ਸੀ, ਕੋਈ ਛੋਟੀ ਮੋਟੀ ਕਹਾਣੀ, ਕੋਈ ਇੱਕ-ਦੋ ਚੁਟਕਲੇ ਸੁਣਾਅ ਦਿਆ ਕਰਦੇ, ਕੋਈ ਇਤਿਹਾਸ ਨਾਲ ਜੁੜੀ ਕੋਈ ਗੱਲ ਕਰਦਾ ਅਤੇ ਕੋਈ ਆਪਣੀ ਕੋਈ ਹੱਡਬੀਤੀ ਸੁਣਾਅ ਦਿੰਦਾ। ਸੱਥ ਖਤਮ ਹੋਣ ਤੋਂ ਬਾਅਦ ਗਰੁੱਪ ਫ਼ੋਟੋ ਹੁੰਦੀ।

ਮੈਂ ਇਸ ਸੱਥ ਵਿੱਚ ਬਤੌਰ ਪੱਤਰਕਾਰ ਜਾਂ ਸੀਨੀਅਰ ਸਿਟੀਜ਼ਨ ਜਾਂਦਾ ਹੁੰਦਾ ਸਾਂ। ਮੈਂ ਇਹ ਫ਼ੋਟੋ ਅਤੇ ਸੱਥ ਦੀ ਰਿਪੋਰਟ ਆਪਣੀ ਅਖ਼ਬਾਰ ਵਿੱਚ ਲਾ ਦਿੰਦਾ।

ਰਾਮ ਸਿੰਘ ਤੇ ਰਲਾ ਸਿੰਘ ਹਮਉਮਰ ਤਾਂ ਸਨ ਹੀ, ਉਨ੍ਹਾਂ ਦੇ ਘਰ ਦੇ ਹਾਲਾਤ ਵੀ ਤਕਰੀਬਨ ਮਿਲਦੇ ਜੁਲਦੇ ਹੀ ਸਨ। ਇੱਕ ਸ਼ਾਇਦ ਆਪਣੇ ਲੜਕੇ ਦੇ ਪਰਿਵਾਰ ਨਾਲ ਰਹਿੰਦਾ ਸੀ ਤੇ ਦੂਜਾ ਆਪਣੀ ਲੜਕੀ ਦੇ ਪਰਿਵਾਰ ਨਾਲ। ਦੋਨੇ ਬਜ਼ੁਰਗ ਪੁਰਾਣੀ ਦਸਵੀਂ ਪਾਸ ਤਾਂ ਲੱਗਦੇ ਹੀ ਸਨ। ਸ਼ਾਇਦ ਇਸ ਤੋਂ ਵੱਧ ਵੀ ਮਾੜੇ ਮੋਟੇ ਹੋਣ। ਇੱਕ ਦਿਨ ਸੱਥ ਵਿੱਚ ਰਾਮ ਸਿੰਘ ਨੇ ਆਪਣੇ



ਸੈਕਟਰ 17, ਚੰਡੀਗੜ੍ਹ ਵਾਲੀ ਥਾਂ ਇਹ ਪਿੰਡ ਹੁੰਦਾ ਸੀ

ਪਿੰਡ "ਮਹਿਲਾਂ ਮਾਜਰੀ" ਨਾਲ ਜੁੜੀ ਇੱਕ ਘਟਨਾ ਸੁਣਾਈ।
ਘਟਨਾ ਵੱਡੇ ਹੜ੍ਹ ਬਾਰੇ ਸੀ। ਇਹ ਹੜ੍ਹ ਦੋ ਕੁ ਮਹੀਨੇ ਪਹਿਲਾਂ ਹੀ ਪੰਜਾਬ ਵਿੱਚ ਆਏ ਸਨ। ਸੂਬੇ ਦੇ ਹੇਠਲੇ ਜ਼ਿਲ੍ਹਿਆਂ ਵਿੱਚ ਦੋ ਦਰਿਆਵਾਂ, ਸਤਲੁਜ ਅਤੇ ਬਿਆਸ, ਦਾ ਪਾਣੀ ਦੂਰ ਦੂਰ ਤੱਕ ਫੈਲ ਗਿਆ ਸੀ ਤੇ ਜਾਨੀ ਅਤੇ ਮਾਲੀ ਨੁਕਸਾਨ ਕਾਫ਼ੀ ਹੋਇਆ ਸੀ।
ਰਾਮ ਸਿੰਘ ਹੌਲੀ ਹੌਲੀ ਸਟੇਜ ਤੱਕ ਪਹੁੰਚਿਆ ਤੇ ਆਪਣੇ ਪਿੰਡ ਦੇ ਹੜ੍ਹਾਂ ਬਾਰੇ ਬੋਲਣ ਲੱਗਾ। ਕਹਿੰਦਾ, "ਪਹਿਲਾਂ ਇੱਕ ਦਿਨ ਮੀਂਹ ਦਾ ਛੱਰਾਟਾ ਪਿਆ ਤੇ ਲੋਕਾਂ ਨੇ ਅੰਤਾਂ ਦੀ ਤਪਸ਼ ਤੋਂ ਰਾਹਤ ਮਹਿਸੂਸ ਕੀਤੀ। ਇਹ ਛੱਰਾਟਾ ਬਾਸਮਤੀ ਦੀ ਫ਼ਸਲ ਲਈ ਬੜਾ ਸੁਖਾਵਾਂ ਅਤੇ ਲਾਹੇਵੰਦ ਸੀ। ਇਹ ਰਾਤ ਕਿਸਾਨ ਇਹ ਸੋਚ ਕੇ ਬੜੇ ਹੀ ਆਰਾਮ ਨਾਲ ਸੁੱਤੇ ਕਿ ਮੀਂਹ ਦੀ ਇਸ ਸਲ੍ਹਾਬ ਕਾਰਨ ਖੇਤਾਂ ਨੂੰ ਬੜੇ ਹੀ ਆਰਾਮ ਨਾਲ ਵਾਹਿਆ ਜਾ ਸਕਦਾ ਸੀ ਤੇ ਝੋਨਾ-ਵੱਢੇ ਖੇਤਾਂ ਵਿੱਚ ਕਣਕ ਦੀ ਬਿਜਾਈ ਕਰ ਦਿੱਤੀ ਜਾਵੇਗੀ। ਝੋਨਾ, ਬਾਸਮਤੀ ਤੋਂ ਪਹਿਲਾਂ ਵੱਢ ਲਿਆ ਜਾਂਦਾ ਹੈ ਅਤੇ ਇਨ੍ਹਾਂ ਖੇਤਾਂ ਵਿੱਚ ਕਿਸਾਨ ਅਕਸਰ ਪਛੇਤੀ ਕਣਕ ਹੀ ਬੀਜਿਆ ਕਰਦੇ ਸਨ।
ਅਖੇ, ਪਿੰਡ ਦੇ ਉੱਚੇ ਹਿੱਸੇ ਵਿੱਚ ਅਜੇ ਲੋਕ ਸੁੱਤੇ ਹੀ ਪਏ ਸਨ ਕਿ ਪਿੰਡ ਦੇ ਕੁਝ ਨੀਵੇਂ ਹਿੱਸਿਆਂ ਵਿੱਚ ਲੋਕਾਂ ਨੇ ਮਹਿਸੂਸ ਕੀਤਾ ਜਿਵੇਂ ਪਾਣੀ ਉਨ੍ਹਾਂ ਦੇ ਮੰਜਿਆਂ ਉੱਪਰ ਬਿਸਤਰਿਆਂ ਨੂੰ ਛੋਹ ਰਿਹਾ ਹੋਵੇ। ਜ਼ਿਆਦਾ ਮੀਹ ਉੱਪਰਲੇ ਇਲਾਕਿਆਂ ਵਿੱਚ ਪਿਆ ਸੀ, ਹੇਠਾਂ ਅਜੇ ਥੋੜਾ ਸਮਾਂ ਪਹਿਲਾਂ ਹੀ ਮੀਂਹ ਸ਼ੁਰੂ ਹੋਇਆ ਸੀ।
ਪਾਣੀ ਏਨੀ ਤੇਜ਼ੀ ਨਾਲ ਉੱਚਾ ਉੱਠਦਾ ਜਾ ਰਿਹਾ ਸੀ ਕਿ ਲੋਕਾਂ ਨੇ ਜਾਗ ਖੁੱਲ੍ਹਦੇ ਸਾਰ ਹੀ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ ਸੀ: 'ਹੜ੍ਹ ਓਏ! ਹੜ੍ਹ ਓਏ! ਦੌੜੋ! ਦੌੜੋ! ਮਰ ਗਏ ਓ ਲੋਕੋ! ਡੁੱਬ ਗਏ ਓ ਲੋਕੋ!!'

ਫੇਰ ਇਸ ਬਜ਼ੁਰਗ, ਰਾਮ ਸਿੰਘ, ਨੇ ਨੇ, ਸ਼ਰਾਰਤ ਲਈ ਮਸ਼ਹੂਰ ਟੱਬਰ ਵੱਲੋਂ ਆਪਣੇ ਹੀ ਗੁਆਂਢੀਆਂ ਦੀ ਸੰਗਲਾਂ ਨਾਲ ਟੋਕੇ ਨੂੰ ਬੰਨ੍ਹੀ ਪੇਟੀ ਚੋਰੀ ਕਰਨ ਦੀ ਕੋਸ਼ਿਸ਼ ਵਿਚ, ਆਪ ਹੀ ਉਸ ਹੜ੍ਹ ਵਿਚ ਰੁੜ੍ਹ ਜਾਣ ਦੀ ਗੱਲ ਸੁਣਾਈ! ਉਨ੍ਹਾਂ ਨੂੰ ਖ਼ਿਆਲ ਹੋਏਗਾ ਕਿ ਹੜ੍ਹ ਛੇਤੀ ਲੱਥ ਜਾਣਾ ਹੈ। ..ਉਹ ਪੇਟੀ, ਜਿਹੜੀ ਫੇਰ ਹੜ੍ਹ ਦਾ ਪਾਣੀ ਲਹਿਣ 'ਤੇ ਕਿਸੇ ਹੋਰ ਨੂੰ ਲੱਭੀ - ਉਹੀ ਮੱਲ ਮਾਰੀ ਬੈਠਾ ਸੀ! ਅਖੀਰ, ਅਸਲੀ ਮਾਲਕਾਂ ਨੂੰ ਅੰਦਰ ਦੀਆਂ ਚੀਜ਼ਾਂ ਦੀ ਪਛਾਣ ਦੱਸ ਕੇ ਹੀ ਉਹ ਵਾਪਸ ਮਿਲੀ ਸੀ!

ਏਨੇ ਚਿਰ ਨੂੰ ਰਲਾ ਸਿੰਘ ਵੀ ਬੋਲ ਪਿਆ, "ਸਕੱਤਰ ਸਾਹਬ, ਮੈਨੂੰ ਵੀ ਆਪਣੇ ਪਿੰਡ ਦੀ ਇੱਕ ਪੁਰਾਣੀ ਗੱਲ ਯਾਦ ਆ ਗਈ। ਕੀ ਮੈਂ ਵੀ ਆਪਣੀ ਗੱਲ ਕਰ ਲਵਾਂ?"
"ਕਿਉਂ ਨਹੀਂ, ਬਾਈ ਜੀ। ਤੁਸੀਂ ਤਾਂ ਹੁਣ 85 ਟੱਪ ਗਏ ਲੱਗਦੇ ਹੋ। ਤੁਹਾਨੂੰ ਤਾਂ ਪੁਰਾਣੀਆਂ ਬਥੇਰੀਆਂ

# ਮੈਹਲੇ ਮਾਜਰਾ

ਗੱਲਾਂ ਯਾਦ ਹੋਣਗੀਆਂ। ਹੋ ਜਾਵੇ ਫਿਰ ਕੋਈ ਕਰਾਰੀ ਕਰਾਰੀ ਪੁਰਾਣੀ ਯਾਦ ਸਾਂਝੀ", ਸਕੱਤਰ ਨੇ ਸਭ ਨੂੰ ਬਾਈ ਰਲਾ ਸਿੰਘ ਦੀ ਗੱਲ ਸੁਣਨ ਲਈ ਤਿਆਰ ਕਰ ਲਿਆ, "ਕੀ ਬੈਠੇ ਬੈਠੇ ਹੀ ਬੋਲੋਗੇ ਜਾਂ ਉੱਠ ਕੇ ਮੂਹਰੇ ਆਓਗੇ?"

--- "ਜੋਰਾ ਸਿਹਾਂ, ਮੈਥੋਂ ਮਾਈਕ ਮੂਹਰੇ ਨਹੀਂ ਖੜ੍ਹ ਹੋਣਾ। ਮੈਂ ਮੂਹਰੇ ਆ ਕੇ -- ਕੁਰਸੀ 'ਤੇ ਬੈਠ ਜਾਂਦਾ ਹਾਂ। -- ਤੁਸੀਂ ਮਾਈਕ -- ਮੇਰੇ ਮੂਹਰੇ ਸੈੱਟ ਕਰ ਦਿਓ। ਮੈਂ ਬੈਠਾ ਬੈਠਾ-- ਹੀ ਬੋਲਾਂਗਾ।"

"ਬਹੁਤ ਅੱਛਾ, ਬਾਈ ਜੀ, ਆ ਜਾਓ।"

ਰਲਾ ਸਿੰਘ ਸੋਟੀ ਨਾਲ ਤੁਰਦਾ ਮੂਹਰੇ ਨੂੰ ਆ ਗਿਆ ਤੇ ਆ ਕੇ ਮਾਈਕ ਦੇ ਮੂਹਰੇ ਕੁਰਸੀ 'ਤੇ ਬੈਠ ਗਿਆ। ਕਹਿਣ ਲੱਗਾ, "ਵੀਰੋ ਤੇ ਭੈਣੋ, ਮੈਨੂੰ ਸ. ਰਾਮ ਸਿੰਘ ਦੇ ਪਿੰਡ ਮਹਿਲਾਂ ਮਾਜਰੀ ਤੋਂ ਆਪਣਾ ਪਿੰਡ --- "ਮੈਹਲੇ ਮਾਜਰਾ" ਯਾਦ ਆ ਗਿਆ। ਮੈਂ ਪੁਆਧ ਦੇ ਉਸ ਇਲਾਕੇ ਤੋਂ ਹਾਂ ਜਿੱਥੇ ਚੰਡੀਗੜ੍ਹ ਸ਼ਹਿਰ ਵਸਿਆ ਹੋਇਆ ਏ। ਇਹ ਖੂਬਸੂਰਤ ਸ਼ਹਿਰ -- 1950 ਵਿੱਚ 28 ਪਿੰਡ ਉਜਾੜ ਕੇ ਬਣਿਆ ਸੀ। ਅੱਜ ਦੀ ਪੀ.ਜੀ.ਆਈ. ਦੀ ਥਾਂ 'ਤੇ ਵਸਦਾ ਰਸਦਾ ਪਿੰਡ ਸ਼ਹਿਜਾਦਪੁਰ ਹੁੰਦਾ ਸੀ। ਸਭ ਤੋਂ ਪਹਿਲਾਂ 19 ਸੈਕਟਰ ਦੀ ਥਾਂ 'ਤੇ -- ਵਸਿਆ ਹੋਇਆ ਪਿੰਡ ਨਗਲਾ ਉਜਾੜ ਕੇ ਇੱਥੇ ਚੰਡੀਗੜ੍ਹ ਦੀ ਪਲਾਨਿੰਗ ਕਰਨ ਵਾਲੇ ਫ਼ਰਾਂਸੀਸੀ ਆਰਕੀਟੈਕਟ ਕਾਰਬੂਜੀਏ (ਕਾਬਿਊਇਸਹ- ਸੰ.) ਨੇ -- ਆਪਣਾ ਦਫ਼ਤਰ ਬਣਾਇਆ ਸੀ। ਇੱਥੇ ਹੀ 1952 ਵਿੱਚ ਪਹਿਲਾਂ ਬੱਸ ਅੱਡਾ ਤੇ ਪਹਿਲਾ -- ਡਾਕਖਾਨਾ ਬਣਿਆ ਸੀ। ਕਾਰਬੂਜੀਏ ਨੂੰ ਬੱਸ ਅੱਡੇ ਤੇ ਡਾਕਖਾਨੇ ਦੀ ਆਪ ਵੀ ਬਹੁਤ ਜਰੂਰਤ ਹੋਇਆ ਕਰਦੀ ਸੀ। ਉਦੋਂ ਇਸ ਪ੍ਰਕਾਰ ਦੀਆਂ ਸੇਵਾਵਾਂ ----- ਅਤਿ ਜਰੂਰੀ ਸੇਵਾਵਾਂ ਵਿੱਚੋਂ ਹੁੰਦੀਆਂ ਸਨ। ਸੈਕਟਰ 17 ਤੇ ਸੈਕਟਰ 22 ਪਿੰਡ ---- ਰੁੜਕੀ ਪੜਾਓ ਤੇ ਕਾਲੀਬੜ ਉਜਾੜ ਕੇ ਬਣੇ ਸਨ। ਸੈਕਟਰ 17 ਵਿੱਚ --- ਨੀਲਮ ਸਿਨਮਾ ਦੀ ਥਾਂ 'ਤੇ ਇੱਕ ਕਿਸਾਨ ਬਸਤਾ ਸਿੰਘ ਦੇ ਖੇਤ ਹੋਇਆ ਕਰਦੇ ਸਨ। ਸੁਖਨਾ ਝੀਲ ਦੀ ਥਾਂ 'ਤੇ - ਭੰਗੀ ਮਾਜਰਾ ਹੁੰਦਾ ਸੀ ਤੇ ਇੱਥੇ ਦਾ ਵਰਿਆਮੇ ਦਾ ਛੱਪੜ ਬੜਾ ਮਸ਼ਹੂਰ ਹੁੰਦਾ ਸੀ। ਹੁਣ ਦੇ ਸੈਕਟਰ 2 ਤੇ 3 ਦੀ ਥਾਂ 'ਤੇ ਪਿੰਡ ----- "ਮੈਹਲੇ ਮਾਜਰਾ" ਹੁੰਦਾ ਸੀ। ਹੁਣ ਇੱਥੇ ਸਕੱਤਰੇਤ ਏ ----- ਤੇ ਵੱਡੇ ਵੱਡੇ ਰਾਜਨੇਤਾਵਾਂ ਦੀਆਂ ਰਿਹਾਇਸ਼ਾਂ ਹਨ। ਕੇਂਦਰ ਵਿੱਚ ਨਹਿਰੂ ਦੀ ਸਰਕਾਰ ਸੀ ਤੇ ਪੰਜਾਬ ਵਿੱਚ ---- ਕੈਰੋਂ ਦੀ।

ਜਦ ਇਹ ਪਿੰਡ ਉਜਾੜੇ ਗਏ ਉਦੋਂ --- ਨਾ ਤਾਂ ਸਰਕਾਰ ਨੇ ਕੋਈ ਰਸਤਿਆਂ ਦਾ, ਨਾ ਛੱਪੜਾਂ ਦੀਆਂ ਥਾਵਾਂ ਦਾ ਤੇ ਨਾ ਹੀ ਸ਼ਾਮਲਾਟਾਂ ਦਾ ਕੋਈ ਮੁਆਵਜ਼ਾ ਦਿੱਤਾ। ਲੋਕਾਂ ਨੂੰ ਘਰਾਂ ਦੀਆਂ ਕੀਮਤਾਂ ਵੀ --- ਮਾੜੀਆਂ ਮੋਟੀਆਂ ਹੀ ਦਿੱਤੀਆਂ ਗਈਆਂ। ਸਭ ਨੂੰ ਘਰ ਛੱਡਣ ਲਈ ਮਜਬੂਰ ਕਰ ਦਿੱਤਾ ਗਿਆ। ਸਾਨੂੰ --- ਨਾਲ ਲੱਗਦੇ ਮਨੀਮਾਜਰੇ ਦੇ ਨੇੜੇ ਨਿੱਕੇ ਨਿੱਕੇ ਜ਼ਮੀਨ ਦੇ ਪਲਾਟ ਦੇ ਦਿੱਤੇ। ਸਾਡੀ ਜਮੀਨ ---- ਭੰਗ ਦੇ ਭਾਅ ਅਕਵਾਇਰ ਕਰ ਲਈ ਗਈ। ਅੱਜ ਇਸ ਥਾਂ 'ਤੇ ਮੁੱਖ ਮੰਤਰੀ ਤੇ ਹੋਰ ਰਾਜਨੇਤਾਵਾਂ ਦੀਆਂ ਰਿਹਾਇਸ਼ਾਂ -- ਤੇ ਸਕੱਤਰੇਤ ਤੇ ਨਿਆਂ ਦੇਣ ਦਾ ਵੱਡਾ ਅਦਾਰਾ ਹਾਈ ਕੋਰਟ ਹੈ। ਇਸਨੂੰ ਮਜ਼ਾਕ ਨਾ ਕਿਹਾ ਜਾਵੇ -- ਤਾਂ ਹੋਰ ਕੀ ਏ? ਮੈਨੂੰ ਉੱਠ ਕੇ ਤੁਹਾਡੇ ਸਾਹਮਣੇ ਇਸ ਲਈ ਆਉਣਾ ਪਿਆ ਕਿਉਂਕਿ ਮੇਰਾ ਸਾਥੀ ---- ਰਾਮ ਸਿੰਘ ਵੀ ਪੰਜਾਬ ਦੇ ਇਸੇ ਪ੍ਰਕਾਰ ਦੇ ਨਾਮ ਦੇ ਪਿੰਡ ਦਾ ਰਹਿਣ ਵਾਲਾ ਏ। ਜਦ ਉਸਨੇ ਆਪਣੇ ਪਿੰਡ ਦਾ ਨਾਮ "ਮਹਿਲਾਂ ਮਾਜਰੀ" ਦੱਸਿਆ -- ਤਾਂ ਮੇਰੇ ਮਨ ਵਿੱਚ ਵੀ ਇਕਦਮ ਖਿਆਲ ਆ ਗਿਆ ਕਿ -- ਮੈਂ ਵੀ ਦੇਸ਼ ਦੇ ਰਾਜਨੇਤਾਵਾਂ ਦੇ ਪੜਦੇ ਖੋਲ੍ਹਾਂ। ਸਾਨੂੰ ਸਿਰਫ਼ 1952 ਵਿੱਚ ਹੀ ਨਹੀਂ ਉਜਾੜਿਆ ਗਿਆ --- ਸਾਡੇ ਨਾਲ 1966 ਵਿੱਚ ਵੀ ਬਹੁਤ ਬੁਰੀ ਹੋਈ। ਜਿੱਥੇ ਸਾਨੂੰ ਅਬਾਦ ਕੀਤਾ ਗਿਆ ਸੀ ਉਹ ਥਾਂ 1966 ਵਿੱਚ --- ਹਰਿਆਣਾ ਬਣਨ ਨਾਲ ਹਰਿਆਣਾ ਵਿੱਚ ਆ ਗਿਆ। ਫਿਰ ਸਾਨੂੰ ਉਜਾੜ ਕੇ ਉਸ ਪਾਸੇ ਪਲਾਟ ਦਿੱਤੇ ਜਿੱਧਰ ਪੰਜਾਬ ਦਾ ਇਲਾਕਾ ਸੀ। ਇਸ ਪ੍ਰਕਾਰ ਅਸੀਂ -- ਜੀਵਨ ਵਿੱਚ ਉੱਜੜਦੇ ਪੁੱਜੜਦੇ ਹੀ ਰਹੇ। ਸਿਆਸੀ ਲੋਕ ਸਾਨੂੰ ਮੋਹਰਾ ਬਣਾਅ ਕੇ ਆਪਣੀਆਂ ਸਿਆਸੀ ਰੋਟੀਆਂ ਸੇਕਦੇ ਰਹੇ ਤੇ --- ਆਖਰਕਾਰ ਘੁੰਮਦੇ ਘੁੰਮਦੇ ਅਸੀਂ ਸਿਡਨੀ ਪਹੁੰਚ ਗਏ ਹਾਂ। ਜੋ ਵਾਅਦੇ -- ਨਹਿਰੂ ਤੇ ਗਾਂਧੀ ਨੇ ਸਾਡੇ ਨਾਲ ਸਨ 47 ਵਿੱਚ ਕੀਤੇ, ਉਹ ਵੀ ਪੂਰੇ ਨਾ ਕੀਤੇ ਗਏ। ਏਨਾ ਕੁਝ ਕਹਿੰਦਾ ਹੋਇਆ ---- ਖਿਮਾ ਦਾ ਜਾਚਕ ਹਾਂ।"

ਸੂਬੇਦਾਰ ਨੇ ਰਲਾ ਸਿੰਘ ਨੂੰ ਸਵਾਲ ਕਰ ਦਿੱਤਾ, "ਬਾਈ ਜੀ, ਤੁਸੀਂ ਤਾਂ ਫਿਰ ਸਾਰੀ ਜ਼ਿੰਦਗੀ ਚੰਡੀਗੜ੍ਹ ਹੀ ਰਹੇ ਹੋਵੋਗੇ। ਸ਼ਹਿਰ ਦੇ ਵਸਣ ਵੇਲੇ ਦੀ ਕੋਈ ਹੋਰ ਗੱਲ ਵੀ ਸੁਣਾਅ ਜਾਓ।"

ਰਲਾ ਸਿੰਘ ਉੱਠਦਾ ਉੱਠਦਾ ਫਿਰ ਬੈਠ ਗਿਆ ਤੇ ਕਹਿਣ ਲੱਗਾ, "ਜਿੱਥੇ ਪੰਜਾਬ ਯੂਨੀਵਰਸਿਟੀ ਏ ਉੱਥੇ ਪਿੰਡ ---- ਕਾਂਜੀ ਮਾਜਰਾ ਹੁੰਦਾ ਸੀ। ਜੇ ਤੁਸੀਂ ਹੁਣ ਵੀ 19 ਸੈਕਟਰ ਦੇ ਟੈਕਸੀ ਸਟੈਂਡ 'ਤੇ ਜਾਓ ਤਾਂ ਦੇਖੋਗੇ ਕਿ ਡਰਾਈਵਰਾਂ ਨੇ ---- ਅਜੇ ਤੱਕ ਵੀ ਉਸਦਾ ਨਾਮ "ਨਾਗਲਾ ਟੈਕਸੀ ਸਟੈਂਡ" ਹੀ ਰੱਖਿਆ ਹੋਇਆ। ਜਿੱਥੇ 36 ਸੈਕਟਰ ਵਾਲਾ --- ਲੜਕੀਆਂ ਦਾ ਡੀ.ਏ.ਵੀ ਕਾਲਜ ਐ --ਉੱਥੇ ਅਜਮੇਰ ਸਿੰਘ ਦੀ ਜ਼ਮੀਨ ਹੁੰਦੀ ਸੀ ਤੇ ਕਾਬਲ ਸਿੰਘ ਦਾ ---- ਅੰਬਾਂ ਦਾ ਬਾਗ ਹੁੰਦਾ ਸੀ। "ਟ੍ਰਿਬਿਊਨ" ਦੇ ਦਫ਼ਤਰ ਵਾਲੇ ਥਾਂ 'ਤੇ ਪਿੰਡ ਕਾਂਥਲਾ ਹੁੰਦਾ ਸੀ। "ਅਲਾਂਟੇ ਮਾਲ" ਵਾਲੀ ਥਾਂ 'ਤੇ ---- ਪਿੰਡ ਜੈਪੁਰਾ ਸੀ। ਇੱਥੋਂ ਦੇ ਤਿੰਨ ਹਲਟ ਬੜੇ ਮਸ਼ਹੂਰ ਹੋਇਆ ਕਰਦੇ ਸਨ। ਸੈਣੀ ਮਾਜਰਾ ਦੀ ਥਾਂ 'ਤੇ --- ਸੈਕਟਰ 25 ਐ। ਅਜੇ ਕੱਲ੍ਹ ਦੀਆਂ ਤਾਂ ਗੱਲਾਂ ਹਨ।"

"1952 ਵਿੱਚ ਤੁਹਾਡੀ ਉਮਰ ਕਿੰਨੀ ਸੀ, ਬਾਈ ਜੀ?"

"ਤਕਰੀਬਨ --- 15 ਸਾਲ। ਅਸੀਂ ਤਾਂ "ਢਿੱਲੋਂ ਥੀਏਟਰ" ਵਾਲੀ ਥਾਂ ਤੇ ਮੱਝਾਂ ਚਾਰਦੇ ਹੁੰਦੇ ਸੀ। ਮਨੀ ਮਾਜਰੇ ਦੇ --- ਜੱਗਰ ਬੜੇ ਮਸ਼ਹੂਰ ਹੁੰਦੇ

ਸੀ । "ਨੀਲਮ ਥੀਏਟਰ" ਵਾਲੀ ਥਾਂ ਬਸਤਾ ਸਿਹੁੰ ਦੇ -- ਖੇਤਾਂ ਪਾਸ ਡੇਅਰੀ ਹੁੰਦੀ ਸੀ। ਮੈਂ ਉੱਥੇ ---- ਮੱਝ ਦਾ ਦੁੱਧ ਵੇਚਣ ਜਾਂਦਾ ਹੁੰਦਾ ਸੀ। ਸ਼ੁਕਰ ਹੈ ਰੱਬ ਦਾ। ਲੀਡਰਾਂ ਨੇ ਸਾਨੂੰ --- ਉਜਾੜਨ ਦੀ ਕੋਈ ਕਸਰ ਨਹੀਂ ਛੱਡੀ। ਰੱਬ ਨੇ ਸਾਡਾ ਵਾਸਾ --- ਸਿਡਨੀ ਵਿੱਚ ਕਰ ਦਿੱਤਾ। ਉਸ ਦੇਸ਼ ਵਿੱਚ ਉਜਾੜੇ ਤਾਂ --- ਹੁੰਦੇ ਹੀ ਰਹਿੰਦੇ ਹਨ ਪਰ ਸਰਕਾਰਾਂ ਵਸੇਬੇ ਚੱਜ ਨਾਲ ਨਹੀਂ ਕਰਦੀਆਂ।"

"ਬਾਈ ਜੀ, ਬਹੁਤ ਖੂਬ!"

ਰਲਾ ਸਿੰਘ ਉੱਠ ਕੇ ਹੌਲੀ ਹੌਲੀ ਆਪਣੀ ਸੀਟ 'ਤੇ ਜਾ ਬੈਠਾ। ਫਿਰ ਸਟੇਜ-ਚਾਲਕ ਸੱਥ ਨੂੰ ਇਵੇਂ ਮੁਖ਼ਾਤਬ ਹੋਇਆ, "ਅੱਜ ਦੀ ਸੱਥ ਵਿੱਚ ਤੁਸੀਂ ਦੋ ਬਜ਼ੁਰਗਾਂ ਦੇ ਵਿਚਾਰ ਵੀ ਸੁਣੇ ਹਨ। ਦੋਹਾਂ ਬਜ਼ੁਰਗਾਂ ਨੇ ਭਾਰਤ ਦੇ ਸਿਆਸੀ ਘੜੰਮ ਚੌਧਰੀਆਂ ਦੀਆਂ ਕੋਝੀਆਂ ਚਾਲਾਂ 'ਤੇ ਬੜਾ ਸੋਹਣਾ ਚਾਨਣਾ ਪਾਇਆ ਹੈ। ਚੰਡੀਗੜ੍ਹ ਦੀ ਥਾਂ ਉਜੜੇ ਪਿੰਡਾਂ ਬਾਰੇ ਸੋਚ ਕੇ ਮੈਨੂੰ ਦੇਵ ਥਰੀਕੇ ਵਾਲੇ ਦੀਆਂ ਸਤਰਾਂ ਯਾਦ ਆ ਗਈਆਂ:-

*'ਹਾਏ ਓਏ ਰੱਬਾ ਮੇਰਿਆ*
*ਮੈਂ ਪਿੰਡ ਹੈ ਗਵਾ ਲਿਆ*
*ਸ਼ਹਿਰ ਦੀਆਂ ਕੋਠੀਆਂ ਨੇ*
*ਪਿੰਡ ਮੇਰਾ ਖਾ ਲਿਆ*
*ਦਿਸਣ ਸਵੇਰੇ ਹੁਣ ਕੋਠੀਆਂ ਕੋਠੀਆਂ*
*ਪਿੰਡ ਦੇ ਚੁਫੇਰੇ ਹੁਣ ਕੋਠੀਆਂ ਕੋਠੀਆਂ*
*ਕੱਚਿਆਂ ਬਨੇਰਿਆਂ ਨੂੰ*
*ਕੋਠੀਆਂ ਨੇ ਢਾਅ ਲਿਆ*
*ਹਾਏ ਓਏ ਰੱਬਾ ਮੇਰਿਆ*
*ਮੈਂ ਪਿੰਡ ਹੈ ਗਵਾ ਲਿਆ।*
*ਪਿੰਡ ਵੀ ਉਦਾਸ ਏ ਤੇ*
*ਦੇਵ ਵੀ ਉਦਾਸ ਏ*
*ਪੈਸਾ ਭਾਵੇਂ ਬਹੁਤ ਹੀ*
*ਥਰੀਕਿਆਂ ਦੇ ਪਾਸ ਏ*
*ਪਹਿਲਾਂ ਵਾਲਾ ਮੋਹ ਹੁਣ*
*ਦਿਲਾਂ 'ਚੋਂ ਗਵਾ ਲਿਆ....*
*ਹਾਏ ਓਏ ਰੱਬਾ ਮੇਰਿਆ*
*ਮੈਂ ਪਿੰਡ ਹੈ ਗਵਾ ਲਿਆ।'*

ਏਨਾ ਕੁਝ ਕਹਿੰਦਾ ਹੋਇਆ ਮੈਂ ਤੁਹਾਡਾ ਸਭ ਦਾ ਧੰਨਵਾਦ ਕਰਦਾ ਹਾਂ। ਅਤੇ ਇਸਦੇ ਨਾਲ ਹੀ ਸੱਥ ਦੀ ਇਹ ਬੈਠਕ ਖਤਮ ਹੁੰਦੀ ਹੈ।"

# ਇਹ ਸਿਰਫ਼ ਰੋਟੀ ਨਹੀਂ

## ਸੁਖਪ੍ਰੀਤ ਕੌਰ

**ਆਟਾ** ਗੁੰਨ੍ਹਦੀ, ਰੋਟੀ ਬਣਾਉਂਦੀ,
ਉਹ ਸਿਰਫ਼ ਰਸੋਈ ਵਿੱਚ ਹੀ ਖੜ੍ਹੀ ਨਹੀਂ ਹੁੰਦੀ
ਉਹ ਦਿਨ ਦੀਆਂ ਚਿੰਤਾਵਾਂ, ਭਵਿੱਖ ਦੇ ਅਣਗਿਣਤ ਸਵਾਲਾਂ,
ਤੇ ਜ਼ਿੰਦਗੀ ਦੀਆਂ ਗੁੰਝਲਾਂ ਨੂੰ ਨਜਿੱਠਣ ਦੀ ਕੋਸ਼ਿਸ਼ ਕਰ ਰਹੀ ਹੁੰਦੀ ਹੈ
ਦੋ ਘਰ, ਦੋ ਦਿਲ, ਦੋ ਰਿਸ਼ਤੇ- ਪਰ ਇਕੋ ਜਿਹੀ ਮੁਹੱਬਤ, ਇਕੋ ਜਿਹੀ ਜ਼ਿੰਮੇਵਾਰੀ
ਸਰੀਰਕ ਤੌਰ 'ਤੇ ਉਹ ਆਪਣੇ ਪਤੀ ਦੇ ਘਰ ਵਿੱਚ ਹੈ,
ਪਰ ਕਦੇ ਵੀ ਮਾਪਿਆਂ, ਭੈਣ-ਭਰਾ ਦੀ ਯਾਦ ਉਸਦੇ ਦਿਲ ਤੋਂ ਦੂਰ ਨਹੀਂ ਹੁੰਦੀ
ਪੂਰੇ ਦਿਨ ਦੇ ਕੰਮਾਂ ਦੀ ਲਿਸਟ ਬਣਾਉਂਦੀ, ਮਾਪਿਆਂ ਦੀ ਪਿਆਰ ਭਰੀ ਫ਼ਿਕਰ
ਪੁੱਤ-ਧੀ ਦੀਆਂ ਖੁਸ਼ੀਆਂ ਤੇ ਮੁਸ਼ਕਿਲਾਂ, ਸਭ ਕੁਝ
ਉਸ ਦੇ ਮਨ ਵਿੱਚ ਇੱਕ-ਇੱਕ ਕਰਕੇ ਉਤਰਨ ਲੱਗਦਾ ਏ
ਰੋਟੀ ਬਣਾਉਂਦਿਆਂ ਉਹ ਸਿਰਫ਼ ਰੋਟੀ ਨਹੀਂ ਗੋਲ ਘੁਮਾਉਂਦੀ,
ਉਹ ਆਪਣੇ ਹੌਸਲਿਆਂ ਤੇ ਸੋਚਾਂ ਨੂੰ ਵੀ ਘੁਮਾਉਂਦੀ ਹੈ
ਉਹ ਕਦੇ ਮਾਂ ਦੇ ਘਰ ਚਲੇ ਜਾਂਦੀ ਹੈ ਤੇ ਕਦੇ ਮਾਸੀ ਦੇ
ਕਦੇ ਭੈਣ ਨਾਲ ਹੱਸੇ ਹਾਸੇ ਗੂੰਜ ਪਾਉਂਦੇ ਨੇ, ਤੇ ਕਦੇ ਪਿਓ ਦੇ ਲਾਡ ਯਾਦ ਕਰਦੀ ਹੈ
ਕਦੇ ਭਵਿੱਖ ਦੇ ਸੁਪਨੇ ਵੇਖਦੀ ਹੈ
ਬੱਚਿਆਂ ਦੀ ਕਾਮਯਾਬੀ, ਆਪਣਾ ਸਿਹਤਮੰਦ ਜੀਵਨ
ਕਦੇ ਕਦੇ ਉਹ ਉਥੇ ਵੀ ਜਾਂਦੀ ਹੈ ਜਿੱਥੇ ਉਹ ਕਦੇ ਗਈ ਹੀ ਨਹੀਂ
ਆਪਣੇ ਅਧੂਰੇ ਸੁਪਨਿਆਂ ਤੇ ਇਰਾਦਿਆਂ ਵਿੱਚ।
ਇਹ ਰੋਟੀ ਬਨਾਉਣ ਦਾ ਸਮਾਂ
ਉਸਦਾ ਆਪਣਾ ਖ਼ਮੋਸ਼ 'ਥੈਰੇਪੀ ਸੈਸ਼ਨ' ਬਣ ਜਾਂਦਾ ਹੈ
ਜਿੱਥੇ ਉਹ ਆਪਣੇ ਤਣਾਅ, ਆਪਣੇ ਸਵਾਲ
ਅਧੂਰੇ ਸੁਫ਼ਨੇ ਅਤੇ ਭਵਿੱਖ ਦੀ ਰੂਪਰੇਖਾ,
ਆਪਣੇ ਅੰਦਰ ਹੀ ਹੌਲੀ ਹੌਲੀ ਸੁਲਝਾਅ ਰਹੀ ਹੁੰਦੀ ਹੈ

ਉਹ ਇੱਕ ਹੀ ਸਮੇਂ ਵਿੱਚ ਹਜ਼ਾਰਾਂ ਜਜ਼ਬਾਤ ਨਾਲ ਜੂਝਦੀ ਹੈ
ਪਰ ਕਿਸੇ ਨੂੰ ਦੱਸਣ ਤੋਂ ਕਤਰਾਉਂਦੀ ਹੈ,
ਕਿਉਂਕਿ ਮਰਿਆਦਾ ਅਤੇ ਪਰਿਵਾਰ ਦੇ ਕਨੂੰਨ
ਹਮੇਸ਼ਾ ਉਸਦੇ ਹੱਕਾਂ ਤੋਂ ਉੱਪਰ ਹੁੰਦੇ ਨੇ
ਇਹੀ ਉਸਦੀ ਜ਼ਿੰਦਗੀ ਦੀ ਸੱਚਾਈ ਹੈ
ਦੋਹਰੀ ਜ਼ਿੰਮੇਵਾਰੀ, ਅਣਗਿਣਤ ਚਿੰਤਾਵਾਂ
ਤੇ ਇੱਕ ਅਣ-ਮੁਕਾਈ ਕਵਿਤਾ
ਜੋ ਸਿਰਫ਼ ਉਸਦੀ ਰਸੋਈ ਵਿੱਚ ਹੀ ਲਿਖੀ ਜਾਂਦੀ ਹੈ

ਦਿਲ ਕਰਦਾ — ਕੋਈ ਪੁੱਛੇ: "ਤੂੰ ਠੀਕ ਤਾਂ ਹੈਂ?"
ਪਰ ਇਸ ਪੱਥਰ ਬਣੇ ਸਿਸਟਮ ਵਿੱਚ
ਇਹ ਗੱਲ ਕੌਣ ਪੁੱਛਦਾ ਹੈ?

ਇਹ ਰੋਟੀ ਸਿਰਫ਼ ਰੋਟੀ ਨਹੀਂ -ਮੇਰਾ ਦਿਨ, ਮੇਰਾ ਬੋਝ
ਮੇਰੀ ਔਰਤ ਹੋਣ ਦੀ ਕਵਿਤਾ ਹੈ
ਇਹ ਮੇਰੀ ਲਗਨ ਹੈ, ਮੇਰਾ ਪਿਆਰ ਵੀ, ਮੇਰੀ ਕੁਰਬਾਨੀ ਵੀ।

ਜਦੋਂ ਤੂੰ ਰੋਟੀ ਖਾਵੇਂ, ਇੱਕ ਵਾਰੀ ਸੋਚੀਂ
ਉਸ ਔਰਤ ਬਾਰੇ, ਜਿਸ ਨੇ ਸਿਰਫ਼ ਆਟਾ ਨਹੀਂ ਗੁੰਨ੍ਹਿਆ,
ਉਸਨੇ ਆਪਣੇ ਅੰਦਰਲੇ ਦੁੱਖ, ਸੁੱਖ, ਸੁਪਨੇ, ਅਧੂਰੀਆਂ ਚਾਹਤਾਂ, ਖ਼ਮੋਸ਼ੀ
ਤੇ ਆਪਣਾ ਆਪ ਗੁੰਨ੍ਹਿਆ ਹੈ
ਤਿੰਨ ਕਾਲਾਂ ਦੀ ਯਾਤਰਾ ਕੀਤੀ
ਅਤੇ ਫਿਰ ਵੀ ਮੁਸਕਰਾ ਕੇ,
ਰੋਟੀ ਉੱਤੇ ਮੱਖਣ ਰੱਖ ਦਿੱਤਾ।

Sukhpreet.Kaur@grlc.vic.gov.au

# ਯੂ-ਟਿਊਬ : 21ਵੀਂ ਸਦੀ ਦਾ ਨਵਾਂ ਕਰੀਅਰ- ਰਾਹ ਵਿਜੇ ਗਰਗ

ਸੇਵਾਮੁਕਤ ਪ੍ਰਿੰਸੀਪਲ, ਕਾਲਮਨਵੀਸ, ਸਿੱਖਿਆ ਸ਼ਾਸਤ੍ਰੀ

**ਪਹਿਲਾਂ,** ਕਰੀਅਰ ਦੇ ਸੁਪਨੇ ਅਕਸਰ ਰਵਾਇਤੀ ਪੇਸ਼ਿਆਂ ਤੱਕ ਸੀਮਤ ਹੁੰਦੇ ਸਨ - ਡਾਕਟਰ, ਇੰਜੀਨੀਅਰ, ਅਧਿਆਪਕ, ਜਾਂ ਵਕੀਲ। ਪਰ ਅੱਜ ਦੇ ਡਿਜੀਟਲ ਯੁੱਗ ਵਿੱਚ, "ਕਰੀਅਰ" ਦੀ ਪਰਿਭਾਸ਼ਾ ਨਾਟਕੀ ਢੰਗ ਨਾਲ ਬਦਲ ਗਈ ਹੈ। ਸਭ ਤੋਂ ਦਿਲਚਸਪ ਨਵੀਆਂ ਸਰਹੱਦਾਂ ਵਿੱਚੋਂ ਇੱਕ ਹੈ -ਯੂਟਿਊਬ, ਉਹ ਪਲੈਟਫ਼ਾਰਮ ਜੋ ਇੱਕ ਸਧਾਰਨ ਵੀਡੀਓ-ਸ਼ੇਅਰਿੰਗ ਸਾਈਟ ਤੋਂ, ਦੁਨੀਆ ਭਰ ਦੇ ਲੱਖਾਂ ਲੋਕਾਂ ਲਈ - ਇੱਕ ਪੂਰੀ ਕਰੀਅਰ-ਮੰਜ਼ਿਲ ਵਿੱਚ ਬਦਲ ਗਿਆ ਹੈ।

## ਸਾਰਿਆਂ ਲਈ ਪਲੈਟਫ਼ਾਰਮ

ਯੂਟਿਊਬ ਹਰ ਕਿਸੇ ਨੂੰ ਇੱਕ ਮੰਚ ਦਿੰਦਾ ਹੈ। ਭਾਵੇਂ ਤੁਸੀਂ ਗਾਇਕ, ਅਧਿਆਪਕ, ਗੇਮਰ, ਰਸੋਈਆ, ਜਾਂ ਕਾਮੇਡੀਅਨ ਹੋ, ਇਹ ਪਲੈਟਫ਼ਾਰਮ ਤੁਹਾਡੀ ਪ੍ਰਤਿਭਾ ਨੂੰ ਦੁਨੀਆ ਨਾਲ ਸਾਂਝਾ ਕਰਨ ਲਈ ਇੱਕ ਜਗ੍ਹਾ ਪ੍ਰਦਾਨ ਕਰਦਾ ਹੈ। ਸਭ ਤੋਂ ਵਧੀਆ ਗੱਲ ਕੀ ਹੈ? ਸ਼ੁਰੂਆਤ ਕਰਨ ਲਈ ਤੁਹਾਨੂੰ ਰਸਮੀ ਯੋਗਤਾਵਾਂ ਜਾਂ ਵੱਡਾ ਪੈਸਾ ਲਾਉਣ ਦੀ ਲੋੜ ਨਹੀਂ। ਤੁਹਾਨੂੰ ਸਿਰਫ਼ ਇੱਕ ਸਮਾਰਟਫ਼ੋਨ, ਰਚਨਾਤਮਕਤਾ ਅਤੇ ਲਗਨ ਦੀ ਲੋੜ ਹੈ।

## ਸ਼ੌਕ ਤੋਂ ਪੇਸ਼ੇ ਤੱਕ

ਜੋ ਬਹੁਤ ਸਾਰੇ ਸਿਰਜਣਹਾਰਿਆਂ ਲਈ ਸ਼ੌਕ ਵਜੋਂ ਸ਼ੁਰੂ ਹੋਇਆ ਸੀ, ਉਹ ਹੁਣ ਪੂਰੇ ਸਮੇਂ ਦਾ ਪੇਸ਼ਾ ਬਣ ਗਿਆ ਹੈ। ਸਫ਼ਲ ਯੂਟਿਊਬਰ ਕਈ ਤਰੀਕਿਆਂ ਰਾਹੀਂ ਕਮਾਈ ਕਰਦੇ ਹਨ—ਵਿਗਿਆਪਨ ਆਮਦਨ, ਬ੍ਰਾਂਡ ਭਾਈਵਾਲੀ, ਮੈਂਬਰਸ਼ਿਪ, ਵਪਾਰਕ ਮਾਲ, ਅਤੇ ਲਾਈਵ ਸਟ੍ਰੀਮਿੰਗ। ਕੁਝ ਸਿਰਜਕ ਤਾਂ ਆਪਣੇ ਖ਼ੁਦ ਦੇ ਸਟੂਡੀਓ ਬਣਾ ਕੇ, ਟੀਮਾਂ ਰੱਖ ਕੇ - ਆਪਣੇ ਕਾਰੋਬਾਰ ਸ਼ੁਰੂ ਕਰਨ ਲਈ ਕਾਫ਼ੀ ਕਮਾਈ ਕਰ ਰਹੇ ਹਨ।

## ਪ੍ਰਭਾਵ ਦੀ ਸ਼ਕਤੀ

ਯੂਟਿਊਬ ਨੂੰ ਕੰਮ ਲਈ ਵਰਤਣ ਵਾਲੇ, ਜਾਂ "ਯੂਟਿਊਬਰ", ਅੱਜ ਦੀਆਂ ਮਸ਼ਹੂਰ ਹਸਤੀਆਂ ਬਣੇ ਹੋਏ ਹਨ। ਉਹ ਵਿਚਾਰਾਂ, ਰੁਝਾਨਾਂ ਅਤੇ ਖਪਤਕਾਰਾਂ ਦੀਆਂ ਚੋਣਾਂ ਨੂੰ ਸ਼ਕਲ ਦਿੰਦੇ ਹਨ, ਬਦਲਦੇ ਹਨ। ਬਹੁਤ ਸਾਰੀਆਂ ਬ੍ਰਾਂਡਾਂ, ਹੁਣ ਰਵਾਇਤੀ ਇਸ਼ਤਿਹਾਰਬਾਜ਼ੀ ਨਾਲੋਂ ਯੂਟਿਊਬਰ ਨਾਲ ਸਹਿਯੋਗ ਕਰਨਾ ਪਸੰਦ ਕਰ ਰਹੀਆਂ ਹਨ ਕਿਉਂਕਿ ਦਰਸ਼ਕ ਉਹਨਾਂ ਨੂੰ ਵਧੇਰੇ ਕੰਮ ਦੇ ਅਤੇ ਸੱਚੇ-ਅਖ਼ਤਿਆਰੀ ਸਮਝ ਰਹੇ ਹਨ। ਇਸ ਨੇ ਇੱਕ ਪੂਰੀ ਇੰਡੱਸਟ੍ਰੀ ਖੜ੍ਹੀ ਕੀਤੀ ਹੈ ਜਿਸਨੂੰ "ਇਨਫ਼ਲੂਐਂਸਰ ਮਾਰਕੀਟਿੰਗ" ਕਿਹਾ ਜਾਂਦਾ ਹੈ, ਯਾਨੀ ਅਸਰ-ਪਾਉਣੀ।

## ਸਿੱਖਿਆ; ਸਸ਼ਕਤੀਕਰਨ

ਯੂਟਿਊਬ ਸਿਰਫ਼ ਮਨੋਰੰਜਨ ਲਈ ਨਹੀਂ - ਇੱਕ ਸ਼ਕਤੀਸ਼ਾਲੀ ਵਿਦਿਅਕ ਸਾਧਨ ਵੀ ਹੈ। ਬਹੁਤ ਸਾਰੇ ਅਧਿਆਪਕ ਅਤੇ ਪੇਸ਼ੇਵਰ ਇਸ ਪਲੇਟਫ਼ਾਰਮ ਦੀ ਵਰਤੋਂ ਗਿਆਨ ਸਾਂਝਾ ਕਰਨ, ਟਿਊਟੋਰਿਅਲ ਪੇਸ਼ ਕਰਨ ਅਤੇ ਵਿਸ਼ਵਵਿਆਪੀ ਦਰਸ਼ਕਾਂ ਨੂੰ ਕੋਈ ਹੁਨਰ ਸਿਖਾਉਣ ਲਈ ਕਰਦੇ ਹਨ। ਕੋਡਿੰਗ ਤੋਂ ਲੈ ਕੇ ਖਾਣਾ ਪਕਾਉਣ ਤੱਕ, ਸਿੱਖਣ ਵਾਲੇ, ਲਗਭਗ ਕੁਝ ਵੀ ਮੁਫ਼ਤ ਵਿੱਚ ਸਿੱਖ ਸਕਦੇ ਹਨ। ਇਸ ਨੇ ਸਿੱਖਿਆ ਦਾ ਲੋਕਤੰਤਰੀਕਰਨ ਕੀਤਾ ਹੈ ਅਤੇ ਸਿੱਖਿਆ (ਸਿੱਖਿਆ+ਮਨੋਰੰਜਨ) ਦੇ ਨਵੇਂ ਕਰੀਅਰ ਮਾਰਗ ਬਣਾਏ ਹਨ।

## ਯੂਟਿਊਬ ਕਰੀਅਰ - ਚੁਣੌਤੀਆਂ

ਬੇਸ਼ੱਕ ਹਰੇਕ ਯੂਟਿਊਬ ਯਾਤਰਾ ਅਸਾਨ ਨਹੀਂ ਹੈ। ਇਸ ਲਈ ਸਬਰ, ਅਨੁਸ਼ਾਸਨ ਅਤੇ ਰਚਨਾਤਮਕਤਾ ਦੀ ਲੋੜ ਹੁੰਦੀ ਹੈ। ਇੱਥੇ ਵੀ ਮੁਕਾਬਲਾ ਬਹੁਤ ਤੇਜ਼ ਹੈ, 'ਐਲਗੋਰਿਦਮ' ਬਦਲਦੇ ਰਹਿੰਦੇ ਹਨ, ਅਤੇ ਸਫ਼ਲਤਾ ਲਈ ਅਕਸਰ ਕਈ ਸਾਲਾਂ ਦੀ ਮਿਹਨਤ ਦੀ ਲੋੜ ਹੁੰਦੀ ਹੈ। ਸਿਰਜਕਾਂ ਲਈ ਅਸਲ ਚੁਣੌਤੀਆਂ ਹਨ- ਮਾਨਸਿਕ ਸਿਹਤ, ਔਨਲਾਈਨ ਧੌਂਸ-ਟਿੱਚਰਾਂ, ਅਤੇ ਸਮੱਗਰੀ ਵੱਲੋਂ ਖਾਲੀ ਹੋਣਾ।

## ਚੁਣੌਤੀਆਂ ਦੇ ਬਾਵਜੂਦ

ਯੂਟਿਊਬ ਉਨ੍ਹਾਂ ਸੁਫ਼ਨਿਆਂ ਨੂੰ ਧੂਹ ਪਾ ਰਿਹਾ ਹੈ ਜੋ ਜਨੂੰਨ ਨੂੰ ਪੇਸ਼ੇ ਵਿੱਚ ਬਦਲਣਾ ਚਾਹੁੰਦੇ ਹਨ। ਕੰਮਕਾਰ ਨੂੰ ਦੇਖਣ ਦੇ ਸਾਡੇ ਤਰੀਕੇ ਵਿੱਚ ਆਈ ਤਬਦੀਲੀ ਦਿਸਦੀ ਹੈ - ਇਹ ਕੋਈ ਨੌਕਰੀ ਨਹੀਂ ਜੋ ਅਸੀਂ ਸੁਰੱਖਿਆ-ਬਚਾਅ ਲਈ ਕਰਦੇ ਹਾਂ, ਇਹ ਤਾਂ ਸਗੋਂ ਸਵੈ-ਪ੍ਰਗਟਾਵੇ, ਅਜ਼ਾਦੀ ਅਤੇ ਅਸਰ ਰਸੂਖ ਦਾ ਰਾਹ ਖੋਲ੍ਹਦਾ ਹੈ। 21ਵੀਂ ਸਦੀ ਵਿੱਚ, ਯੂਟਿਊਬ ਸਿਰਫ਼ ਇੱਕ ਪਲੇਟਫ਼ਾਰਮ ਨਹੀਂ - ਇੱਕ "ਕਰੀਅਰ-ਕ੍ਰਾਂਤੀ" ਹੈ ਜੋ- ਵਿਅਕਤੀਆਂ ਨੂੰ ਅਜਿਹੇ ਤਰੀਕਿਆਂ ਨਾਲ ਸਿਰਜਣ, ਸੰਚਾਰ ਕਰਨ ਅਤੇ ਕਮਾਉਣ ਦਾ ਅਧਿਕਾਰ ਦਿੰਦੀ ਹੈ ਜੋ ਇੱਕ ਦਹਾਕਾ ਪਹਿਲਾਂ ਸੁਫ਼ਨੇ ਵਿਚ ਵੀ ਨਹੀਂ ਸਨ। ਅੱਜ ਦੀ ਪੀੜ੍ਹੀ ਲਈ, ਇਹ ਸਪੱਸ਼ਟ ਹੈ: ਸਫ਼ਲਤਾ ਸਿਰਫ਼ ਦਫ਼ਤਰਾਂ ਅਤੇ ਡਿਗਰੀਆਂ ਤੋਂ ਹੀ ਨਹੀਂ ਆਉਂਦੀ - ਇਹ ਇੱਕ ਕੈਮਰੇ, ਇੱਕ ਵਿਚਾਰ ਅਤੇ "ਅੱਪਲੋਡ" ਦਾ ਬਟਨ ਨੱਪਣ ਦੀ ਹਿੰਮਤ ਤੋਂ ਵੀ ਆ ਸਕਦੀ ਹੈ।

---


*ਅਸੀਂ ਕੈਦੀ ਬਰਫ਼ ਮਕਾਨਾਂ ਦੇ*
*ਅਸੀਂ ਜਦ-ਕਦ*
*ਬਾਰੀ ਰਾਹੀਂ ਬਾਹਰ ਝਾਤੀ*
*ਪਾਉਨੇ ਆਂ*
*ਸਾਨੂੰ ਦੂਰ-ਦੂਰ ਤਕ*
*ਠੱਢੇ-ਠਾਰ ਵਿਛੋੜੇ ਬਾਝੋਂ*
*ਕੁਝ ਨਜ਼ਰੀਂ ਨਹੀਂ ਆਉਂਦਾ*
"ਸਿਆਚਿਨ"

**ਰਾਜਾ ਸਾਦਿਕੁੱਲਾ**

'ਨਵੀਂ ਕਿਤਾਬ "ਪਹਿਲਾ ਪਹਰ" ਵਿੱਚੋਂ'

# ਰੌਸ਼ਨ ਅੱਖਰ

ਡਾ. ਨਵਦੀਪ ਕੌਰ




**ਸਵਾਗਤ** ਹੈ ਦੋਸਤੋ, "ਰੋਸ਼ਨ ਅਖਰ" ਦੇ ਇਸ ਐਪੀਸੋਡ ਵਿੱਚ।

ਅੱਜ ਅਸੀਂ ਗੱਲ ਕਰਾਂਗੇ ਏਲਿਫ਼ ਸ਼ਫ਼ਾਕ ਦੀ ਮਸ਼ਹੂਰ ਕਿਤਾਬ (The Forty Rules of Love ) "ਦਿ ਫ਼ੌਰਟੀ ਰੂਲਜ਼ ਆਫ਼ ਲਵ" ਦੀ — ਮੁਹੱਬਤ ਦੇ ਚਾਲੀ ਨਿਯਮ।

ਇਹ ਕਿਤਾਬ ਪ੍ਰੇਮ, ਰੂਹਾਨੀਅਤ ਅਤੇ ਇਨਸਾਨੀ ਬਦਲਾਅ ਦੀ ਗਹਿਰੀ ਸਮਝ ਦਿੰਦੀ ਹੈ।

ਬੇਹੱਦ ਦਿਲਚਸਪ ਢੰਗ ਨਾਲ ਇਸ ਵਿੱਚ ਦੋ ਕਹਾਣੀਆਂ ਨਾਲੋ-ਨਾਲ ਚੱਲਦੀਆਂ ਹਨ।

**ਪਹਿਲੀ ਕਹਾਣੀ** — ਐਲਾ ਇੱਕ ਅਮਰੀਕਨ ਹੋਮਮੇਕਰ ਦੀ - ਘਰ-ਪਰਿਵਾਰ ਦੀ ਸੰਭਾਲ ਵਿੱਚ ਰੁੱਝੀ ਹੋਈ।

ਬਾਹਰੋਂ ਜ਼ਿੰਦਗੀ ਖੁਸ਼ਹਾਲ, ਪਰ ਅੰਦਰੋਂ ਚੁੱਪ। ਅੰਦਰ ਹੀ ਅੰਦਰ ਜ਼ਿੰਦਗੀ ਨਾਲ ਨਾਰਾਜ਼ਗੀ ਅਤੇ ਬੇਚੈਨੀ।

**ਦੂਜੀ ਕਹਾਣੀ** — ਮੌਲਾਨਾ ਰੂਮੀ, ਇਸਤਾਂਬੁਲ ਦੇ ਮਸ਼ਹੂਰ ਸ਼ਾਇਰ ਅਤੇ ਦਾਨਿਸ਼ਵਰ ਦੀ।

ਉਸ ਅੱਗੇ ਲੋਕ ਸਿਰ ਝੁਕਾਉਂਦੇ ਹਨ, ਪੂਜਦੇ ਹਨ। ਪਰ ਉਸਦੇ ਅੰਦਰ ਇੱਕ ਖਲਾਅ ਹੈ।

ਇੱਕ ਸਵਾਲ ਹੈ — ਕੁਝ ਘਾਟ ਹੈ, ਪਰ ਕੀ?

ਐਲਾ ਨੂੰ ਰਿਵਿਊ ਲਈ ਇੱਕ ਕਿਤਾਬ ਮਿਲਦੀ ਹੈ, ਜਿਸਦੇ ਪੰਨੇ ਪਲਟਦਿਆਂ ਉਸਨੂੰ ਲੱਗਦਾ ਹੈ ਜਿਵੇਂ ਉਸਦੇ ਆਪਣੇ ਦਿਲ ਦੀਆਂ ਪਰਤਾਂ ਖੁੱਲ੍ਹ ਰਹੀਆਂ ਹੋਣ।

ਓਧਰ, ਰੂਮੀ ਦੀ ਜ਼ਿੰਦਗੀ ਵਿੱਚ ਇੱਕ ਦਿਨ ਸ਼ਮਸ ਤਬ੍ਰੀਜ਼ ਦੀ ਆਮਦ ਹੁੰਦੀ ਹੈ — ਜਿਵੇਂ ਸਵੇਰ ਦੀ ਰੌਸ਼ਨੀ, ਸੂਰਜ ਦਾ ਸੁਨੇਹਾ ਲੈ ਕੇ ਆਈ ਹੋਵੇ; ਅੰਦਰ-ਬਾਹਰ ਹਰ ਪਾਸੇ ਨਵਾਂ ਚਾਨਣ। .... ਜਿਵੇਂ ਕਿਸੇ ਨੇ ਹੌਲੀ ਜਿਹੀ ਕੰਨ ਵਿੱਚ ਕਹਿ ਦਿੱਤਾ ਹੋਵੇ — "ਮੈਂ ਆ ਗਿਆ... ਹੁਣ ਚੱਲ।"

ਐਲਾ ਅਤੇ ਰੂਮੀ — ਸਦੀਆਂ ਦੀ ਵਿੱਥ 'ਤੇ ਵੱਸਦੇ ਦੋ ਕਿਰਦਾਰ।

ਪਰ ਦੋਹਾਂ ਦੇ ਜੀਵਨ ਵਿੱਚ ਇਹ ਪੜਾਅ ਇਕੋ ਜਿਹਾ ਹੈ। ਉਹੀ ਅਹਿਸਾਸ। ਉਹੀ ਚੇਤਨਾ। ਰੌਸ਼ਨੀ ਦੀ ਇਹ ਦਸਤਕ ਉਹਨਾਂ ਦੀ ਜ਼ਿੰਦਗੀ ਵਿੱਚ ਤੂਫ਼ਾਨ ਲੈ ਕੇ ਆਉਂਦੀ ਹੈ।

ਬਾਹਰੋਂ ਬਹੁਤ ਕੁਝ ਟੁੱਟਦਾ-ਭੱਜਦਾ ਹੈ- ਪਰ ਅੰਦਰਲੀ ਦੁਨੀਆ ਵਿੱਚ ਇਹ ਬਦਲਾਅ ਐਸਾ ਹੈ ਜਿਵੇਂ ਰੂਹ ਦੇ ਕੋਸੇ ਪਾਣੀ ਵਿੱਚ ਸ਼ਹਿਦ ਹੌਲੀ-ਹੌਲੀ ਘੁਲ ਰਿਹਾ ਹੋਵੇ; ਮਿਠਾਸ ਸਾਲਾਂ ਦੀ ਕੜਵਾਹਟ ਘਟਾਅ ਦਿੰਦੀ ਹੈ।

ਚਾਲੀ ਨਿਯਮ, ਇੱਕ-ਇੱਕ ਕਰ ਕੇ, ਭਰਮ ਅਤੇ ਭੁਲੇਖੇ ਦੂਰ ਕਰਦੇ ਹਨ।

ਪੜ੍ਹਨ ਵਾਲੇ ਦੀ ਚੇਤਨਾ ਵਿੱਚ ਅਰਥ ਉੱਤਰਦੇ ਜਾਂਦੇ ਹਨ, ਥਿਰ ਹੋ ਜਾਂਦੇ ਹਨ। ਰੱਬ ਹੈ — ਅੰਦਰ ਵੀ, ਬਾਹਰ ਵੀ; ਉਸਨੂੰ ਭੁੱਲਣਾ ਜਾਂ ਸਿਮਰਨਾ ਕੀ, ਉਹ ਤਾਂ ਹੈ ਹੀ।



ਏਲਿਫ਼ ਸ਼ਫ਼ਾਕ

ਦੁਆ, ਅਰਜ਼, ਇਬਾਦਤ — ਪਰ ਕਈ ਵਾਰ ਸਿਰਫ਼ ਚੁੱਪ ਹੋ ਕੇ ਸੁਣਨਾ ਹੀ ਕਾਫ਼ੀ ਹੁੰਦਾ ਹੈ।

ਉਹ ਹਰ ਵੇਲੇ ਸਾਨੂੰ ਸੰਬੋਧਤ ਹੋ ਰਿਹਾ ਹੈ। ਰੂ-ਬ-ਰੂ।

"ਜ਼ਰਾ ਰੁਲ ਕੇ ਸੁਣ ਤਾਂ ਸਹੀ।"

ਮੌਲਾਨਾ ਰੂਮੀ ਅਤੇ ਐਲਾ, ਦੋਹਾਂ ਦੀ ਜ਼ਿੰਦਗੀ ਬਦਲ ਜਾਂਦੀ ਹੈ।

ਇਹ ਕਿਤਾਬ ਹਰ ਪੜ੍ਹਨ ਵਾਲੇ ਨੂੰ ਘੱਟੋ-ਘੱਟ ਇਹ ਸੁਨੇਹਾ ਜ਼ਰੂਰ ਦਿੰਦੀ ਹੈ — ਸਾਡੀ ਰੋਜ਼ਾਨਾ ਜ਼ਿੰਦਗੀ ਚਾਹੇ ਕਿੰਨੀ ਵੀ ਸਧਾਰਨ, ਆਮ ਜਿਹੀ ਜਾਂ ਬੋਰਿੰਗ ਲੱਗੇ — ਕੋਈ ਵੀ ਘਟਨਾ ਬੇਮਕਸਦ ਨਹੀਂ ਹੁੰਦੀ। ਹਰ ਮੁਲਾਕਾਤ, ਹਰ ਘਟਨਾ ਕੁਝ ਸੁਨੇਹਾ ਲੈ ਕੇ ਆਉਂਦੀ ਹੈ। ਸਵਾਲਾਂ ਦੇ ਜਵਾਬ, ਮੁਸ਼ਕਲਾਂ ਦੇ ਹੱਲ ਸਾਡੇ ਸਾਹਮਣੇ ਹੀ ਹੁੰਦੇ ਹਨ — ਪਰ ਅਸੀਂ ਅਕਸਰ ਉਹਨਾਂ ਨੂੰ ਅਣਸੁਣਿਆ ਕਰ ਦਿੰਦੇ ਹਾਂ।

ਕਿਤਾਬ ਦਾ ਇੱਕ ਸੁਨੇਹਾ ਸਾਫ਼ ਉੱਭਰ ਕੇ ਸਾਹਮਣੇ ਆਉਂਦਾ ਹੈ- "ਜਿਸ ਪਲ ਇਨਸਾਨ ਦਿਲੋਂ ਤਿਆਰ ਹੁੰਦਾ ਹੈ, ਉਸ ਲਈ ਕੋਈ ਅਧਿਆਪਕ ਆਪਣੇ ਆਪ ਹਾਜ਼ਰ ਹੋ ਜਾਂਦਾ ਹੈ।"

ਫਿਰ ਮਿਲਦੇ ਹਾਂ ਜੀ। ਰੱਬ ਰਾਖਾ।

ਅੰਮ੍ਰਿਤਸਰ

ਭਾਰਤੀ ਹਾੱਕੀ

# ਕੇ ਡੀ ਸਿੰਘ ਬਾਬੂ



**ਭਾਰਤ** ਦੇ 1952 ਦੇ ਉਲੰਪਿਕ ਹਾਕੀ ਦੇ ਕਪਤਾਨ ਕੰਵਰ ਦਿਗਵਿਜੈ ਸਿੰਘ ਬਾਬੂ (ਕੇ ਡੀ ਸਿੰਘ ਬਾਬੂ) ਦਾ ਜਨਮ 2 ਫ਼ਰਵਰੀ 1923 ਨੂੰ ਬਾਰਾਬੰਕੀ (ਯੂਪੀ) ਵਿਖੇ ਹੋਇਆ। ਉਹ ਹਾੱਕੀ ਦੇ ਮਹਾਨ ਖਿਡਾਰੀ ਸਨ। ਉਨ੍ਹਾਂ ਦੇ ਗੁਰੂ ਹਬੁਲ ਮੁਖਰਜੀ ਨੇ ਭਵਿੱਖਬਾਣੀ ਕੀਤੀ ਸੀ ਕਿ ਇੱਕ ਦਿਨ ਬਾਬੂ ਦਾ ਨਾਂ ਭਾਰਤੀ ਹਾਕੀ ਦੇ ਇਤਿਹਾਸ ਦੇ ਪੰਨਿਆਂ 'ਤੇ ਸੁਨਹਿਰੀ ਅੱਖਰਾਂ 'ਚ ਲਿਖਿਆ ਜਾਵੇਗਾ। ਇਹ ਭਵਿੱਖਬਾਣੀ ਉਦੋਂ ਸੱਚ ਸਾਬਤ ਹੋਈ ਜਦੋਂ ਬਾਬੂ ਨੇ 1948 ਲੰਡਨ ਉਲੰਪਿਕਸ ਅਤੇ 1952 ਹੈਲਸਿੰਕੀ ਉਲੰਪਿਕਸ ਸਮੇਂ ਲਗਾਤਾਰ ਦੋ ਗੋਲਡ ਮੈਡਲ ਜਿੱਤ ਕੇ ਭਾਰਤੀ ਹਾੱਕੀ ਨੂੰ ਆਕਾਸ਼ ਦੀਆਂ ਬੁਲੰਦੀਆਂ ਤੱਕ ਪਹੁੰਚਾਅ ਦਿੱਤਾ।

ਹੈਲਸਿੰਕੀ ਖੇਡਾਂ ਵਿੱਚ ਬਾਬੂ ਨੂੰ ਅੰਤਰ-ਰਾਸ਼ਟਰੀ 'ਹੈਲਮਸ ਟਰਾਫ਼ੀ' ਨਾਲ ਸਨਮਾਨਤ ਕੀਤਾ ਗਿਆ। ਭਾਰਤ ਸਰਕਾਰ ਨੇ ਉਨ੍ਹਾਂ ਨੂੰ 1958 ਵਿੱਚ 'ਪਦਮ ਸ੍ਰੀ ਅਵਾਰਡ' ਨਾਲ ਸਨਮਾਨਤ ਕੀਤਾ।

1978 ਦੇ ਵਿਸ਼ਵ ਕੱਪ ਹਾੱਕੀ ਮੁਕਾਬਲਿਆਂ ਵਿੱਚ ਭਾਰਤ ਦੀ ਜਰਮਨੀ ਹੱਥੋਂ ਭੈੜੀ ਹਾਰ ਹੋਈ ਤਾਂ ਉਹ ਇਹ ਸਦਮਾ ਬਰਦਾਸ਼ਤ ਨਾ ਕਰ ਸਕੇ ! ਉਨ੍ਹਾਂ 27 ਮਾਰਚ, 1978 ਨੂੰ ਆਪਣੇ ਆਪ ਨੂੰ ਗੋਲੀ ਮਾਰ ਕੇ ਜੀਵਨ ਲੀਲਾ ਸਮਾਪਤ ਕਰ ਲਈ!!

ਸੰਸਾਰ ਵਿੱਚ ਹਾਲੇ ਤੱਕ ਇਹੋ ਜਿਹਾ ਹਾੱਕੀ ਉਲੰਪੀਅਨ ਨਹੀਂ ਜੰਮਿਆ ਜਿਸਨੇ ਹਾਕੀ ਨੂੰ ਆਪਣੀ ਜ਼ਿੰਦਗੀ ਤੋਂ ਵੱਧ ਤਰਜੀਹ ਦਿੱਤੀ ਹੋਵੇ।

ਭਾਰਤ ਦੇ ਇਸ ਮਹਾਨ ਸਪੂਤ ਦੀ ਯਾਦ ਵਿੱਚ ਲਖਨਊ ਵਿਚ ਹਰ ਵਰ੍ਹੇ "ਸਰਵ ਭਾਰਤੀ ਕੇ ਡੀ ਸਿੰਘ ਬਾਬੂ ਯਾਦਗਾਰੀ ਹਾੱਕੀ ਟੂਰਨਾਮੈਂਟ" ਕਰਾਇਆ ਜਾਂਦਾ ਹੈ। ਉੱਤਰ-ਪ੍ਰਦੇਸ਼ ਸਰਕਾਰ ਨੇ ਲਖਨਊ ਵਿਚ ਸਟੇਡੀਅਮ ਦਾ ਨਾਂ "ਕੇ ਡੀ ਸਿੰਘ ਬਾਬੂ ਸਟੇਡੀਅਮ" ਰੱਖ ਕੇ ਉਸ ਮਹਾਨ ਹਾੱਕੀ ਖਿਡਾਰੀ ਨੂੰ ਢੁਕਵੀਂ ਸ਼ਰਧਾਂਜਲੀ ਦਿੱਤੀ ਹੈ।

-ਸਰੋਆ

**ਬਾਰਾਬੰਕੀ** ਸ਼ਹਿਰ ਦੇ ਅੰਦਰ,
ਜਨਮ ਲਿਆ ਸੀ ਬਾਬੂ ਨੇ

ਬਾਪ ਆਪਣੇ ਤੋਂ ਖੇਡ ਜਗਤ ਦਾ,
ਕਰਮ ਲਿਆ ਸੀ ਬਾਬੂ ਨੇ।

ਹਬੁਲ ਮੁਖਰਜੀ ਗੁਰੂ ਦੇ ਕੋਲੋਂ,
ਹਾੱਕੀ ਦਾ ਸੀ ਗਿਆਨ ਲਿਆ

'ਰਾਈਟ-ਇਨ' ਕਿਵੇਂ ਹੈ ਖੇਡਣਾ,
ਬਾਪੂ ਨੇ ਸੀ ਜਾਣ ਲਿਆ।

1948 ਦੇ ਉਲੰਪਿਕ ਵੇਲੇ,
ਬਣਿਆ ਸੀ ਜਦ ਉਪ-ਕਪਤਾਨ

ਮੈਡਲ ਜਿੱਤਿਆ ਸੀ ਸੋਨੇ ਦਾ,
ਭਾਰਤ ਨੂੰ ਮਿਲਿਆ ਸੀ ਮਾਣ

ਜਦ ਉੱਨੀ ਸੌ ਬਵੰਜਾ ਵਿਚ ਉਹ,
ਦੇਸ਼ ਦੀ ਹਾੱਕੀ ਦਾ ਬਣਿਆ ਕਪਤਾਨ।

ਸੋਨ ਮੈਡਲ; 'ਹੈਲਮਸ ਟਰਾਫ਼ੀ',
ਇਹ ਬਣੇ ਸਨ ਉਸਦੀ ਸ਼ਾਨ।

ਆਪਣੇ ਪਿਆਰੇ ਦੇਸ਼ ਲਈ,
ਜੋ ਖੇਡੀ ਹਾੱਕੀ ਬਾਬੂ ਨੇ

ਅੱਜ ਵੀ ਯਾਦ ਹੈ ਦੁਨੀਆਂ ਨੂੰ,
ਜੋ ਵਾਹ-ਵਾਹ ਖੱਟੀ ਬਾਬੂ ਨੇ।

ਹਿੰਦ ਦੀ ਹਾੱਕੀ ਹਾਰਨ ਲੱਗੀ ਤਾਂ,
ਦਿਲ ਬੋਝ ਬਣਾਇਆ ਬਾਬੂ ਨੇ

ਇਹ ਜੀਣਾ ਵੀ ਕੋਈ ਜੀਣਾ ਏ,
ਕੀਤੇ ਪ੍ਰਾਣ ਨਿਛਾਵਰ ਬਾਬੂ ਨੇ!

ਹਿੰਦ ਹਾੱਕੀ ਦਿਓ ਵਾਰਸੋ, ਸਾਂਭੋ
ਜੋ ਬੂਟਾ ਲਾਇਆ ਬਾਬੂ ਨੇ

ਮੁੜ ਦਿਓ ਹਿੰਦ-ਹਾੱਕੀ ਨੂੰ
ਜੇਤੂ-ਜੀਵਨ,
ਜੋ ਜੀਵਨ ਵਾਰਿਆ ਬਾਬੂ ਨੇ।


ਇਕਬਾਲ ਸਿੰਘ

ਸਰੋਆ

ਮੋਹਾਲੀ 9914022101


## ਚਾਈਨਾ ਡੋਰ ਸੰਬੰਧੀ ਸਰਕਾਰ ਅਤੇ ਪ੍ਰਸ਼ਾਸਨ ਵੱਲੋਂ ਦਿੱਤੀਆਂ ਹਿਦਾਇਤਾਂ ਦਾ ਹਰ ਨਾਗਰਿਕ ਪਾਲਣ ਕਰੇ

**ਚਾਈਨਾ** ਡੋਰ ਵਾਤਾਵਰਣ ਦੇ ਨਾਲ-ਨਾਲ ਇਨਸਾਨਾਂ ਅਤੇ ਪਸ਼ੂ ਪੰਛੀਆਂ ਲਈ ਵੀ ਨੁਕਸਾਨਦੇਹ ਹੈ। ਪੰਜਾਬ ਸਰਕਾਰ ਵੱਲੋਂ, ਚਾਈਨਾ ਡੋਰ ਦੀ ਵਰਤੋਂ ਕਰਕੇ ਵਾਪਰਦੀਆਂ ਦੁਰਘਟਨਾਵਾਂ ਨੂੰ ਦੇਖਦਿਆਂ, ਚਾਈਨਾ ਡੋਰ ਉੱਤੇ ਲਾਈ ਪਬੰਦੀ ਨੂੰ ਹੋਰ ਪ੍ਰਭਾਵਸ਼ਾਲੀ ਅਤੇ ਸਖ਼ਤੀ ਨਾਲ ਲਾਗੂ ਕਰਨ ਲਈ, ਨਵੀਆਂ ਹਿਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਸਰਕਾਰ ਦਾ ਇਹ ਬਹੁਤ ਹੀ ਚੰਗਾ ਫ਼ੈਸਲਾ ਹੈ। ਇਸ ਫ਼ੈਸਲੇ ਦਾ ਸੁਆਗਤ ਕਰਦੇ ਹਾਂ।

ਸਰਕਾਰ ਵੱਲੋਂ ਚਾਈਨਾ ਡੋਰ ਦੀ ਪਾਬੰਦੀ ਦੇ ਆਦੇਸ਼ ਸਖ਼ਤੀ ਨਾਲ ਲਾਗੂ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ।

ਚਾਈਨਾ ਡੋਰ ਕਰਕੇ ਕੀਮਤੀ ਜਾਨਾਂ ਜਾ ਰਹੀਆਂ ਹਨ।

ਕੇਂਦਰ ਸਰਕਾਰ ਨੂੰ ਅਪੀਲ ਕਰਦੇ ਹਾਂ ਕਿ ਸਾਰੇ ਦੇਸ਼ ਵਿੱਚ ਚਾਈਨਾ ਡੋਰ ਉੱਤੇ ਸਖ਼ਤ ਪਾਬੰਦੀ ਲਾਈ ਜਾਵੇ।

ਚਾਈਨਾ ਡੋਰ ਪਲਾਸਟਿਕ ਦੀ ਬਣੀ ਹੋਣ ਕਰਕੇ ਬਿਨਾਂ ਗਲ਼ੇ ਕਾਫ਼ੀ ਅਰਸਾ ਧਰਤੀ ਵਿੱਚ ਪਈ ਰਹਿੰਦੀ ਹੈ ਅਤੇ ਪ੍ਰਦੂਸ਼ਣ ਦਾ ਵੀ ਕਾਰਨ ਬਣ ਜਾਂਦੀ ਹੈ।

ਸਰਕਾਰ ਵੱਲੋ ਸੂਤੀ ਧਾਗੇ ਤੋਂ ਤਿਆਰ ਡੋਰ ਨੂੰ ਵਰਤਣ ਦੀਆਂ ਹਿਦਾਇਤਾਂ ਜਾਰੀ ਕੀਤੀਆਂ ਗਈਆਂ ਹਨ।


ਸੂਤੀ ਧਾਗੇ ਤੋਂ ਤਿਆਰ ਡੋਰ ਵਾਤਾਵਰਣ ਦੇ ਨਾਲ-ਨਾਲ ਇਨਸਾਨਾਂ ਅਤੇ ਪੰਛੀਆਂ ਲਈ ਵੀ ਸੁਰੱਖਿਅਤ ਹੈ।

ਨਾਗਰਿਕਾਂ ਅਤੇ ਦੁਕਾਨਦਾਰਾਂ ਨੂੰ ਸਰਕਾਰੀ ਹਿਦਾਇਤਾਂ ਦੀ ਪਾਲਣਾ ਕਰ ਕੇ ਚਾਈਨਾ ਡੋਰ ਦਾ ਪੂਰੀ ਤਰ੍ਹਾਂ ਬਾਈਕਾਟ ਕਰਨਾ ਚਾਹੀਦਾ ਹੈ।


**ਡਾ. ਅਮਿਤ ਸੰਦਲ**

ਸਮਾਜਸੇਵੀ, ਵਾਤਾਵਰਣ ਪ੍ਰੇਮੀ।
ਸਾਬਕਾ ਮੈਂਬਰ, ਜ਼ਿਲ੍ਹਾ ਸਲਾਹਕਾਰ ਸਿਹਤ ਵਿਭਾਗ ਕਮੇਟੀ, ਫ਼ਤਿਹਗੜ੍ਹ ਸਾਹਿਬ

# ਨਿੱਕਿਆਂ ਦੀ ਨੁੱਕਰ




## ਚੌੜੇ ਮੂੰਹ ਵਾਲਾ ਡੱਡੂ

ਕੀਥ ਫ਼ੌਕਨਰ

ਇਕ ਬਹੁਤ ਵੱਡਾ ਸਾਰਾ ਡੱਡੂ ਸੀ, ਜਿਸ ਦਾ ਮੂੰਹ ਵੀ ਬਹੁਤ ਹੀ ਚੌੜਾ ਸੀ- ਹੋਰ ਡੱਡੂਆਂ ਨਾਲੋਂ ਤਾਂ ਕਿਤੇ ਵੱਧ ਚੌੜਾ। ਉਸ ਨੂੰ ਇਸ ਦਾ ਬੜਾ ਮਾਣ ਸੀ ਕਿ ਮੇਰਾ ਮੂੰਹ ਬੜਾ ਚੌੜਾ ਹੈ, ਜਿਸ ਵਿੱਚੋਂ ਆਪਣੀ ਲੰਮੀ ਸਾਰੀ ਜੀਭ ਕੱਢ ਕੇ ਮੈਂ ਹੋਰ ਡੱਡੂਆਂ ਨਾਲੋਂ ਕਿੰਨੇ ਹੀ ਵੱਧ ਮੱਖੀ-ਮੱਛਰ ਖਾ ਲੈਂਦਾ ਹੁੰਦਾ ਹਾਂ। ਜਿੱਧਰ ਵੀ ਉਸ ਨੇ ਜਾਣਾ, ਜਿਸ ਨੂੰ ਵੀ ਮਿਲਣਾ - ਇਹੀ ਡੀਂਗ ਮਾਰਨੀ- "ਮੇਰਾ ਮੂੰਹ ਬਹੁਤ ਚੌੜਾ ਹੈ ਨਾ, ਵੇਖੋ ਮੈਂ ਕਿੰਨੇ ਕਮਾਲ ਦਾ ਡੱਡੂ ਹਾਂ!" ਇੱਕ ਦਿਨ ਉਸ ਨੇ ਸੋਚਿਆ, "ਕਿਉਂ ਨਾ ਮੈਂ ਸਾਰੀ ਦੁਨੀਆਂ ਵਿਚ ਫਿਰ ਕੇ ਸਭ ਨੂੰ ਦੂਰ ਦੂਰ ਤੱਕ ਆਪਣੇ ਚੌੜੇ ਮੂੰਹ ਬਾਰੇ ਦੱਸ ਕੇ ਆਵਾਂ?"

ਇੱਕ ਦਿਨ ਉਹ ਸਚਮੁਚ ਘਰੋਂ ਨਿਕਲ ਪਿਆ। ਥੋੜ੍ਹੀ ਹੀ ਦੂਰ ਗਿਆ ਹੋਏਗਾ, ਕਿ ਉਸ ਨੂੰ ਇੱਕ ਨੀਲੇ ਰੰਗ ਦਾ ਪੰਛੀ ਮਿਲਿਆ। ਉਸ ਨੇ ਪੰਛੀ ਕੋਲ ਜਾ ਕੇ ਉਸਨੂੰ ਕਿਹਾ, "ਤੂੰ ਕੀ ਖਾਂਦਾ ਹੁੰਦਾ ਹੈਂ? ਤੇਰੀ ਤਾਂ ਚੁੰਝ ਵੀ ਨਿੱਕੀ ਜਿਹੀ ਹੀ ਹੈ।"

ਪੰਛੀ ਨੇ ਕਿਹਾ, "ਮੈਂ ਰੀਂਗਦੇ ਕੀੜੇ ਅਤੇ ਗੰਡੋਏ, ਅਤੇ ਘੋਗੇ ਖਾਂਦਾ ਹਾਂ।"

"ਤੇਰੀ ਇਹ ਚੁੰਝ ਹੀ ਤੇਰਾ ਮੂੰਹ ਹੈ? ਨਿੱਕੀ ਜਿਹੀ ਹੀ ਤਾਂ ਹੈ ਇਹ! ਮੇਰਾ ਮੂੰਹ ਬੜਾ ਚੌੜਾ ਹੈ, ਮੈਂ ਵਾਧੂ ਮੱਖੀ-ਮੱਛਰ ਖਾ ਲੈਂਦਾ ਹੁੰਦਾ ਹਾਂ।"

ਇਹ ਕਹਿ ਕੇ ਉਹ ਆਕੜ ਕੇ ਅੱਗੇ ਵਧ ਗਿਆ। ਨੀਲੇ ਰੰਗ ਦਾ ਪੰਛੀ ਉਸ ਵੱਲ ਵੇਖਦਾ ਹੀ ਰਹਿ ਗਿਆ।

ਡੱਡੂ ਕੁਝ ਅੱਗੇ ਗਿਆ ਤਾਂ ਉਸ ਨੂੰ ਇੱਕ ਮੋਟਾ ਜਿਹਾ ਚੂਹਾ ਮਿਲਿਆ। ਚੂਹੇ ਦੇ ਸਰੀਰ ਉੱਤੇ ਬਹੁਤ ਸਾਰੇ ਵਾਲ ਵੀ ਸਨ, ਉਸਦੀ ਜੱਤ।

ਡੱਡੂ ਨੇ ਉਸਨੂੰ ਪੁੱਛਿਆ, "ਹਾਂ ਬਈ, ਤੂੰ ਕਿਹੜਾ ਜਾਨਵਰ ਹੁੰਦਾ ਹੈਂ? ਤੂੰ ਕੀ ਖਾਂਦਾ ਹੈਂ, ਆਪਣੇ ਇਸ ਨਿੱਕੇ ਜਿਹੇ ਮੂੰਹ ਨਾਲ?"

ਅਤੇ ਡੱਡੂ ਮਨ ਹੀ ਮਨ ਹੱਸ ਰਿਹਾ ਸੀ- ਉਸ ਨੂੰ ਇਸ ਤਰ੍ਹਾਂ ਦਾ ਮਖੌਲ ਕਰ ਕੇ।

"ਮੈਂ ਚੂਹਾ ਹਾਂ। ਮੈਂ ਮੂੰਹ ਵਿਚ ਕੜਚ ਕੜਚ ਕਰਦੇ ਬੀਅ ਖਾਂਦਾ ਹੁੰਦਾ ਹਾਂ, ਅਤੇ ਰਸ ਨਾਲ ਭਰੇ ਕਿੰਨੀ ਹੀ ਤਰ੍ਹਾਂ ਦੇ ਬੇਰ। ਹੋਰ ਵੀ ਬੜਾ ਕੁਝ, ਜੋ ਲੱਭ ਜਾਏ।"



ਚੌੜੇ ਮੂੰਹ ਵਾਲਾ ਡੱਡੂ ਹੱਸ ਪਿਆ, "ਅੱਛਾ? ਏਸੇ ਨਿੱਕੇ ਜਿਹੇ ਮੂੰਹ ਨਾਲ? ਮੇਰਾ ਤਾਂ ਮੂੰਹ ਬੜਾ ਚੌੜਾ ਹੈ, ਮੈਂ ਤਾਂ ਕਿੰਨੇ ਹੀ ਮੱਖੀਆਂ-ਮੱਛਰ ਖਾ ਲੈਂਦਾ ਹੁੰਦਾ ਹਾਂ।"



ਚੂਹੇ ਨੇ ਉਸ ਵੱਲ ਕੁਝ ਹੈਰਾਨੀ ਨਾਲ ਵੇਖਿਆ, ਅਤੇ ਆਪਣੇ ਖਾਣ ਲਈ ਕੁਝ ਲੱਭਣ ਲਈ ਓਥੋਂ ਚਲਾ ਗਿਆ।

ਡੱਡੂ ਅੱਗੇ ਗਿਆ। ਹੁਣ ਉਸਨੂੰ ਇੱਕ ਮਗਰਮੱਛ ਮਿਲਿਆ। ਉਹ ਨਦੀ ਕੰਢੇ ਲੇਟਿਆ ਹੋਇਆ ਸੀ। ਦੂਰੋਂ ਤਾਂ ਉਹ ਬੱਸ ਇੱਕ ਲੱਕੜ ਹੀ ਲੱਗ ਰਿਹਾ ਸੀ। ਡੱਡੂ ਨੇ ਉਸ ਨੂੰ ਪੁੱਛਿਆ - "ਤੂੰ ਕੌਣ ਹੈਂ? ਜਾਨਵਰ ਹੈਂ ਕਿ ਲੱਕੜ? ਤੇ ਖਾਂਦਾ ਕੀ ਹੁੰਦਾ ਹੈਂ ਬਈ? ਮੇਰਾ ਤਾਂ ਚੌੜਾ ਮੂੰਹ ਹੈ ਨਾ, ਮੈਂ ਮੱਖੀਆਂ-ਮੱਛਰ ਬਹੁਤ ਖਾ ਲੈਂਦਾ ਹੁੰਦਾ ਹਾਂ।"

ਮਗਰਮੱਛ ਨੇ ਕਿਹਾ- "ਮੈਂ ਮਗਰਮੱਛ ਹਾਂ। ਲੱਕੜ ਨਹੀਂ ਹਾਂ। ਇਹ ਵੇਖਿਆ ਨਹੀਂ ਮੇਰਾ ਮੂੰਹ? ਬੜਾ ਕੁਝ ਖਾ ਲੈਂਦਾ ਹਾਂ ਇਸ ਨਾਲ- ਪਰ ਸਭ ਤੋਂ ਵੱਧ ਸੁਆਦ ਤਾਂ ਮੈਨੂੰ ਚੌੜੇ ਮੂੰਹ ਵਾਲੇ ਡੱਡੂ ਹੀ ਲੱਗਦੇ ਹਨ!"

ਇਹ ਕਹਿ ਕੇ ਉਸ ਨੇ ਆਪਣਾ ਮੂੰਹ ਪੂਰਾ ਖੋਲ੍ਹ ਦਿੱਤਾ, ਜਿਸ ਵਿਚ ਕਿੰਨੇ ਹੀ ਸਾਰੇ ਡਰਾਉਣੇ ਦੰਦ ਸਨ, ਕਿੰਨੀ ਹੀ ਵੱਡੀ ਸਾਰੀ ਜੀਭ ਸੀ!


ਮਗਰਮੱਛ ਦੀ ਗੱਲ ਸੁਣਦਿਆਂ ਹੀ ਅਤੇ ਉਸਦਾ ਵੱਡਾ ਅਤੇ ਖੁੱਲ੍ਹਾ ਮੂੰਹ ਵੇਖਦਿਆਂ ਹੀ, ਡੱਡੂ ਨੇ ਆਪਣੇ ਬੁੱਲ੍ਹ ਮੀਚ ਕੇ ਇਸ ਤਰ੍ਹਾਂ ਇਕੱਠੇ ਕਰ ਕੇ ਆਪਣੇ ਮੂੰਹ ਨੂੰ ਛੋਟਾ ਜਿਹਾ ਬਣਾਅ ਲਿਆ ਅਤੇ ਘਾਬਰ ਕੇ ਕਿਹਾ- "ਵੇਖ, ਪਰ, ਮੇਰਾ ਮੂੰਹ ਤਾਂ ਨਿੱਕਾ ਜਿਹਾ ਹੀ ਹੈ!"



ਇਹ ਆਖ ਡੱਡੂ ਝੱਟ ਦੇਣੀ ਪਾਣੀ ਵਿਚ ਛਾਲ ਮਾਰ ਅਹੁ ਗਿਆ ਅਹੁ ਗਿਆ ਹੋ ਗਿਆ।

ਮੁੜ ਸੁਣਾਈ - ਪੂਨਮ ਸਿੰਘ

ਮੁੜ ਸੁਣਾਈ -ਪੂਨਮ ਸਿੰਘ





# ਰੰਗ-ਬਰੰਗੇ ਪਤੰਗ

ਪਤੰਗਾਂ ਦੀ ਸੋਹਣੀ ਰੁੱਤ
ਆਈ ਬੱਚਿਓ
ਰੰਗ-ਬਰੰਗੇ ਦਿੰਦੇ ਨੇ
ਦਿਖਾਈ ਬੱਚਿਓ!

ਕਈ ਤਾਂ ਪਤੰਗ,
ਤਿੰਨ ਚਾਰ ਰੰਗੇ ਨੇ
ਦੁਕਾਨਦਾਰਾਂ ਕਿਵੇਂ
ਰੱਸੀਆਂ 'ਤੇ ਟੰਗੇ ਨੇ
ਵੇਖੋ ਕਿਵੇਂ ਬੈਠੇ ਨੇ
ਸਜਾਈ ਬੱਚਿਓ!


ਬੱਚੇ ਲੈ ਪਤੰਗ
ਕੋਠੇ 'ਤੇ ਚੜ੍ਹਾਉਂਦੇ ਨੇ
ਆਪਸ ਦੇ ਵਿੱਚ
ਕਾਟੀਆਂ ਵੀ ਪਾਉਂਦੇ ਨੇ
ਹਵਾ ਵਿੱਚ ਜਾਂਦੇ ਨੇ
ਉਡਾਈ ਬੱਚਿਓ

ਬੱਚਿਓ ਲਓ ਨਜ਼ਾਰੇ ਪਰ
ਬਚਾਅ ਰੱਖਿਓ
ਕੱਟੀ ਹੋਈ ਪਤੰਗ ਦੇ
ਨਾ ਪਿੱਛੇ ਭੱਜਿਓ
ਸੱਟ ਹੁੰਦੀ ਬੜੀ
ਦੁੱਖਦਾਈ ਬੱਚਿਓ!

ਨਾ ਵਰਤਿਓ ਚਾਈਨਾ ਦੀ 'ਪੱਤੋ'
ਖ਼ੂਨੀ ਡੋਰ ਹੈ
ਉਹ ਨੀ ਲੈਣੀ, ਤੁਸੀਂ, ਤਾਂ
ਲੈਣੀ ਹੋਰ ਹੈ।
ਨਾ ਮਸੂਮਾਂ ਦੀ ਜਾਨ, ਜਾਏ
ਗਵਾਈ ਬੱਚਿਓ !
ਪਤੰਗਾਂ ਦੀ ਸੋਹਣੀ ਰੁੱਤ
ਆਈ ਬੱਚਿਓ.....


## ਹਰਪ੍ਰੀਤ ਪੱਤੋ

ਪਿੰਡ ਪੱਤੋ ਹੀਰਾ ਸਿੰਘ, ਮੋਗਾ
94658-21417


# ਨੀਲੀ ਉਂਗਲ ਵਾਲੀ ਕੁੜੀ

ਇੱਕ 5 ਸਾਲ ਦੀ ਕੁੜੀ ਸੀ ਜ਼ੀਵਾ, ਅਤੇ ਇੱਕ ਸੀ ਉਸਦੀ ਵੱਡੀ ਭੈਣ, 9 ਸਾਲਾਂ ਦੀ ਜ਼ਾਰਾ। ਜ਼ਾਰਾ ਨੂੰ ਮਨੋਂ ਹੀ ਕਹਾਣੀਆਂ ਬਨਾਉਣ ਦਾ ਬੜਾ ਮਜ਼ਾ ਆਉਂਦਾ ਸੀ! ਇਸ ਤਰ੍ਹਾਂ ਦੀ ਕਈ ਵਾਰ ਉਹ ਆਪਣੀ ਨਿੱਕੀ ਭੈਣ ਨਾਲ ਸ਼ਰਾਰਤ ਕਰਦੀ ਹੁੰਦੀ ਸੀ।

ਇੱਕ ਵਾਰ ਨਿੱਕੀ ਜ਼ੀਵਾ ਆਪਣੀ ਵੱਡੀ ਭੈਣ ਕੋਲ ਬੈਠਣ ਆਈ ਤਾਂ ਉਸ ਨੇ ਵੇਖਿਆ ਕਿ ਵੱਡੀ ਭੈਣ ਦੀ ਇੱਕ ਉਂਗਲੀ ਨੀਲੀ ਹੈ! ਉਸਨੇ ਜ਼ਾਰਾ ਨੂੰ ਇਸ ਬਾਰੇ ਪੁੱਛਿਆ ਤਾਂ ਜ਼ਾਰਾ ਨੇ ਕਿਹਾ- "ਸਾਡੀ ਇਸ ਧਰਤੀ ਤੋਂ ਬਾਹਰੋਂ, ਪਰ੍ਹੇ ਅਸਮਾਨੋਂ ਲੋਕ- ਏਲੀਅਨਜ਼- ਆਏ ਸੀ, ਵੱਡੇ ਵੱਡੇ ਬੁਰਸ਼ਾਂ ਨਾਲ ਉਹ ਅਸਮਾਨ ਨੂੰ ਨੀਲਾ ਰੰਗ ਰਹੇ ਸੀ - ਉਨ੍ਹਾਂ ਦਾ ਕੁਝ ਰੰਗ ਡੁੱਲ੍ਹ ਗਿਆ ਤੇ ਮੇਰੀ ਉਂਗਲੀ ਨੀਲੀ ਹੋ ਗਈ।" ਨਿੱਕੀ ਜ਼ੀਵਾ ਬਾਹਰ ਜਾ ਕੇ ਖੜ੍ਹੀ ਹੋ ਗਈ ਅਤੇ ਅਸਮਾਨ ਵੱਲ ਹੱਥ ਕਰ ਕਰ ਕੇ ਉੱਤੇ ਵੇਖਣ ਲੱਗੀ - ਕਿ ਸ਼ਾਇਦ ਉਸਦੀ ਉਂਗਲੀ ਉੱਤੇ ਵੀ ਰੰਗ ਡੁੱਲ੍ਹ ਜਾਏ! ਫੇਰ ਉਹ ਭੈਣ ਕੋਲ ਦੋਬਾਰਾ ਗਈ, ਅਤੇ ਪੁੱਛਿਆ ਕਿ ਮੇਰੀ ਉਂਗਲੀ ਨੀਲੀ ਕਿਉਂ ਨਹੀਂ ਹੋਈ? ਜ਼ਾਰਾ ਕਹਿੰਦੀ- "ਲੈ, ਉਹ ਏਲੀਅਨਜ਼ ਤਾਂ ਹੁਣ, ਘੰਟਾ ਹੋਇਆ ਹੈ, ਚਲੇ ਵੀ ਗਏ ਹਨ!" ਨਿੱਕੀ ਜ਼ੀਵਾ ਰੋਣ ਲੱਗੀ ਤੇ ਮਾਂ ਕੋਲ ਗਈ। ਅਸਲ ਵਿਚ, ਜ਼ੀਵਾ, ਆਪਣੀ ਭੈਣ ਦਾ ਕਿਹਾ ਹਰ ਸ਼ਬਦ ਸੱਚ ਮੰਨਦੀ ਸੀ। ਮਾਂ ਨੇ ਸਾਰੀ ਗੱਲ ਸੁਣੀ ਤੇ ਕਿਹਾ ਕਿ ਕੋਈ ਏਲੀਅਨਜ਼ ਨਹੀਂ ਹੁੰਦੇ- ਤੇ ਉਨ੍ਹਾਂ ਜ਼ਾਰਾ ਨੂੰ ਸੱਦ ਕੇ ਉਸਨੂੰ ਜ਼ਰਾ ਕੁ ਝਿੜਕਿਆ।

ਫੇਰ ਜ਼ਾਰਾ ਨੇ ਆਪਣੀ ਭੈਣ ਨੂੰ ਪਿਆਰ ਨਾਲ ਦੱਸਿਆ ਕਿ ਕਿਵੇਂ ਉਂਗਲੀ ਤਾਂ ਉਸਨੇ ਆਪੇ ਹੀ ਨੀਲੀ ਕੀਤੀ ਸੀ! ਅਤੇ ਉਸਨੇ ਆਪਣੀ ਭੈਣ ਨੂੰ ਕੁਤਕੁਤਾਰੀਆਂ ਕੱਢ ਕੇ ਹਸਾਅ ਵੀ ਲਿਆ!

**ਬੱਚਿਓ,** ਅੰਗ੍ਰੇਜ਼ੀ ਦੀ ਇਹ ਪਿਆਰੀ ਜਿਹੀ ਕਿਤਾਬ ਦੀ ਕਹਾਣੀ, ਜੋ ਅਸੀਂ ਬਹੁਤ ਛੋਟੀ ਕਰ ਕੇ ਸੁਣਾਈ ਹੈ, ਅੱਠ ਸਾਲ ਦੀ ਇਸ ਕੁੜੀ, ਈਮਾ ਸ਼ਯਾਮਵਰਣ, ਨੇ ਲਿਖੀ ਹੈ। ਉਸਨੂੰ ਮਨੋਂ ਕਹਾਣੀਆਂ ਬਨਾਉਣੀਆਂ, ਸੰਗੀਤ ਅਤੇ ਨਾਚ ਪਸੰਦ ਹੈ। ਉਹ ਗੀਤ ਵੀ ਲਿਖਦੀ ਹੈ! ( ਇਸ ਕਿਤਾਬ ਲਈ ਤਸਵੀਰਾਂ ਯਾਨੀ ਪੇਂਟਿੰਗਜ਼ ਬਣਾਈਆਂ- ਟਿੰਸੀ ਪਾਓਲੋਸ ਨੇ)। ਉਸਦੀਆਂ ਲਿਖੀਆਂ ਕਿਤਾਬਾਂ "ਐਮੇਜ਼ੌਨ" ਉੱਤੇ ਮੁੱਲ ਮਿਲਦੀਆਂ ਹਨ। ਆਓ ਭਾਰਤ ਦੇ ਕੇਰਲ ਪ੍ਰਾਂਤ ਦੀ ਇਸ ਕੁੜੀ ਨੂੰ ਹੋਰ ਜਾਣੀਏ। ਜਾਣੀਏ! -ਸੰ.



ਈਮਾ ਆਪਣੀ ਮਾਂ ਨਾਲ



ਈਮਾ ਹੁਰਾਂ ਦਾ ਖੇਤ

Non Stop Rhymes From SikhVILLE on YouTube

## ਸੈਰ ਕਰੋ ਜੀ

ਦਾਦਾ ਜੀ ਦੇ ਨਾਲ ਰੋਜ਼
ਸੈਰ ਕਰੋ ਜੀ
ਹਰੇ ਹਰੇ ਘਾਅ ਉੱਤੇ
ਪੈਰ ਧਰੋ ਜੀ!

ਚਿੜੀ ਦੀ ਅਵਾਜ਼ ਸੁਣੋ
ਚੀਂ ਚੀਂ ਚੀਂ
ਟਿੱਡੇ ਦੀ ਅਵਾਜ਼ ਸੁਣੋ
ਟੀਂ ਟੀਂ ਟੀ
ਬੱਕਰੀ ਦੀ ਅਵਾਜ਼ ਸੁਣੋ
ਮੈਂ ਮੈਂ ਮੈਂ
ਕਾਂ ਦੀ ਅਵਾਜ਼ ਸੁਣੋ
ਕੈਂ ਕੈਂ ਕੈਂ
ਕਬੂਤਰ ਦੀ ਅਵਾਜ਼ ਸੁਣੋ
ਗੁਟਰ ਗੂੰ ਗੂੰ
ਕੁੱਕੜ ਦੀ ਅਵਾਜ਼ ਸੁਣੋ
ਕੁੱਕੜੂ ਘੜੂੰ

ਸਹੇਲੀ ਨਾਲ ਦੋਸਤੀ ਬਾਰੇ ਈਮਾ ਦਾ ਗੀਤ



You me you and me
I will go and play
with whoever likes
you and me
I will go and swim
with whoever likes
you and me
I will go and talk
with whoever likes
you and me
I will go and travel
with whoever likes
you and me
I will go and dance
with whoever likes
you and me
I will go and sing
with whoever likes
you and me/ you and me.

ਤੂੰ ਮੈਂ ਤੂੰ ਤੇ ਮੈਂ
ਮੈਂ ਤਾਂ ਚੱਲੀ ਖੇਡਣ ਨੂੰ
ਉਸੇ ਨਾਲ ਜੋ ਪਸੰਦ ਕਰੇਗਾ
ਤੈਨੂੰ ਮੈਨੂੰ

ਮੈਂ ਤਾਂ ਚੱਲੀ ਤੈਰਨ ਨੂੰ
ਉਸੇ ਨਾਲ ਜੋ ਪਸੰਦ ਕਰੇਗਾ
ਤੈਨੂੰ ਮੈਨੂੰ

ਮੈਂ ਤਾਂ ਚੱਲੀ ਗੱਪ ਸ਼ੱਪ ਨੂੰ
ਉਸੇ ਨਾਲ ਜੋ ਪਸੰਦ ਕਰੇਗਾ
ਤੈਨੂੰ ਮੈਨੂੰ

ਮੈਂ ਤਾਂ ਚੱਲੀ ਸਫ਼ਰਾਂ ਨੂੰ
ਉਸੇ ਨਾਲ ਜੋ ਪਸੰਦ ਕਰੇਗਾ
ਤੈਨੂੰ ਮੈਨੂੰ

ਮੈਂ ਤਾਂ ਚੱਲੀ ਗਾਉਣਨੂੰ
ਉਸੇ ਨਾਲ ਜੋ ਪਸੰਦ ਕਰੇਗਾ
ਤੈਨੂੰ ਮੈਨੂੰ
ਤੈਨੂੰ ਮੈਨੂੰ

ਅਨੁਵਾਦ- ਪ.ਸ.

ਈਮਾ ਦਾ ਗੀਤ, ਸਹੇਲੀ Mclin Longnao ਵੱਲੋਂ ਗਾਇਆ। ਯੂਟਿਊਬ'ਤੇ ਮਿਲਦਾ।

# ਉਹ ਸਾਰੇ ਬਾਈਕਰ ਤੇ ਉਹ ਮੁੰਡਾ



**ਇੱਕ** ਦਿਨ ਇੱਕ ਛੋਟਾ ਜਿਹਾ ਮੁੰਡਾ ਸਾਡੇ ਬਾਈਕਰਾਂ (Bikers) ਦੇ ਮੇਜ਼ ਕੋਲ ਆਇਆ ਅਤੇ ਉਸਨੇ ਇੱਕ ਅਜਿਹੀ ਮੰਗ ਕੀਤੀ ਕਿ ਪੂਰੇ ਕੈਫ਼ੇ ਵਿੱਚ ਸੰਨਾਟਾ ਛਾ ਗਿਆ।

"ਕੀ ਤੁਸੀਂ ਮੇਰੇ ਮਤਰੇਏ ਪਿਤਾ ਨੂੰ ਮਾਰ ਸਕਦੇ ਹੋ?"

ਅਸੀਂ ਪੰਦਰਾਂ, ਬੜੇ ਸਖ਼ਤ ਦਿਸਦੇ ਰਿਟਾਇਰਡ ਫ਼ੌਜੀ, ਇਹ ਸੁਣ ਕੇ ਸੁੰਨ ਹੋ ਗਏ। ਡਾਇਨਾਸੌਰ ਵਾਲੀ ਟੀ-ਸ਼ਰਟ ਪਹਿਨੀ ਉਸ ਨਿੱਕੇ ਜਿਹੇ ਬੱਚੇ ਨੂੰ ਅਸੀਂ ਦੇਖ ਰਹੇ ਸੀ, ਜਿਸ ਨੇ ਕਤਲ ਏਨੀ ਸਹਿਜਤਾ ਨਾਲ ਮੰਗਿਆ ਸੀ ਜਿਵੇਂ ਬੱਚੇ ਚਿਪਸ ਮੰਗਦੇ ਹਨ। ਉਸਦੀ ਮਾਂ ਬਾਥਰੂਮ ਵਿੱਚ ਸੀ ਅਤੇ ਬਿਲਕੁਲ ਨਹੀਂ ਜਾਣਦੀ ਸੀ ਕਿ ਇੱਥੇ ਕੀ ਹੋ ਰਿਹਾ ਹੈ।

"ਪਲੀਜ਼," ਉਹ ਹੌਲੀ ਜਿਹੀ ਬੋਲਿਆ। ਉਸ ਦੇ ਨਿੱਕੇ ਜਿਹੇ ਹੱਥ ਕੰਬ ਰਹੇ ਸਨ ਜਦੋਂ ਉਸ ਆਪਣੀ ਜੇਬ ਵਿੱਚੋਂ ਮੁਚੜੇ ਹੋਏ ਸੱਤ ਡਾਲਰ ਕੱਢੇ।

"ਮੇਰੇ ਕੋਲ ਬੱਸ ਏਨੇ ਹੀ ਹਨ।"

ਸਾਡੇ ਕਲੱਬ ਦੇ ਪ੍ਰਧਾਨ, ਬਿਗ ਮਾਈਕ, ਨੇ ਗੋਡਿਆਂ ਭਾਰ ਬੈਠ ਕੇ ਪੁੱਛਿਆ, "ਤੇਰਾ ਨਾਮ ਕੀ ਹੈ, ਪੁੱਤਰਾ?"

"ਟਾਈਲਰ," ਲੜਕੇ ਨੇ ਕਿਹਾ। "ਮੇਰੀ ਮਮੀ ਹੁਣੇ ਵਾਪਸ ਆ ਜਾਏਗੀ। ਤੁਸੀਂ ਮਦਦ ਕਰੋਗੇ ਕਿ ਨਹੀਂ?"

"ਤੂੰ ਕਿਉਂ ਚਾਹੁੰਦਾ ਹੈਂ ਕਿ ਅਸੀਂ ਤੇਰੇ ਮਤਰੇਏ ਪਿਤਾ ਨੂੰ ਮਾ ਦਈਏ?" ਮਾਈਕ ਨੇ ਪਿਆਰ ਨਾਲ ਪੁੱਛਿਆ।

ਟਾਈਲਰ ਨੇ ਆਪਣੀ ਕਮੀਜ਼ ਦਾ ਕਾਲਰ ਹੇਠਾਂ ਕੀਤਾ। ਉਸਦੇ ਗਲੇ 'ਤੇ ਉਂਗਲਾਂ ਦੇ ਨੀਲੇ ਨਿਸ਼ਾਨ ਸਨ।

"ਉਹ ਕਹਿੰਦਾ ਸੀ ਕਿ ਜੇ ਮੈਂ ਕਿਸੇ ਨੂੰ ਦੱਸਿਆ ਤਾਂ ਉਹ ਮਮੀ ਨੂੰ ਏਸ ਨਾਲੋਂ ਵੀ ਵੱਧ ਦੁੱਖ ਦਏਗਾ। ਪਰ ਤੁਸੀਂ ਤਾਂ ਬਾਈਕਰ ਹੋ। ਤੁਸੀਂ ਤਾਕਤਵਰ ਹੋ। ਤੁਸੀਂ ਤਾਂ ਉਸ ਨੂੰ ਰੋਕ ਸਕਦੇ ਹੋ।"

ਉਸੇ ਪਲ ਸਾਨੂੰ ਹੋਰ ਵੀ ਬਹੁਤ ਕੁਝ ਦਿਖਾਈ ਦਿੱਤਾ। ਉਸਦੇ ਗੁੱਟ 'ਤੇ ਪੱਟੀ ਸੀ ਅਤੇ ਜਬਾੜ੍ਹੇ 'ਤੇ ਇੱਕ ਪੁਰਾਣਾ ਨੀਲ। ਉਸਦੀ ਮਾਂ ਵਾਪਸ ਆਈ, ਤਾਂ ਅਸੀਂ ਦੇਖਿਆ ਕਿ ਉਹ ਬਹੁਤ ਸੰਭਲ ਸੰਭਲ ਚੱਲ ਰਹੀ ਸੀ। ਉਸਨੇ ਮੇਕਅੱਪ ਨਾਲ ਆਪਣੇ ਗੁੱਟ ਉੱਤੇ ਕਾਲੇ ਨਿਸ਼ਾਨਾਂ ਨੂੰ ਛੁਪਾਉਣ ਦੀ ਕੋਸ਼ਿਸ਼ ਕੀਤੀ ਹੋਈ ਸੀ। ਬਿਗ ਮਾਈਕ ਮਾਂ ਵੱਲ ਵੇਖ ਪਿਆਰ ਨਾਲ ਮੁਸਕਰਾਇਆ। "ਜ਼ਰਾ ਸਾਡੇ ਨਾਲ ਬੈਠੋਗੇ? ਆਓ ਕੁਝ ਮਿੱਠਾ ਖਵਾਈਏ।"

ਜਦੋਂ ਮਾਈਕ ਨੇ ਮਾਂ ਨੂੰ ਪੁੱਛਿਆ ਕਿ ਕੀ ਕੋਈ ਉਨ੍ਹਾਂ ਨੂੰ ਤੰਗ ਕਰ ਰਿਹਾ ਹੈ, ਤਾਂ ਉਸਦੀਆਂ ਅੱਖਾਂ ਦੇ ਹੰਝੂਆਂ ਨੇ ਸਭ ਕੁਝ ਬਿਆਨ ਕਰ ਦਿੱਤਾ।

ਓਸੇ ਵੇਲੇ ਦੂਜੇ ਪਾਸੇ ਬੈਠਾ ਇੱਕ ਆਦਮੀ ਗੁੱਸੇ ਵਿੱਚ ਲਾਲ-ਪੀਲਾ ਹੋ ਕੇ ਉੱਠਿਆ। "ਸਾਰਾਹ! ਤੂੰ ਇਨ੍ਹਾਂ ਲੋਕਾਂ ਨਾਲ ਕੀ ਕਰ ਰਹੀ ਹੈਂ? ਮੁੰਡਿਆ, ਇੱਥੇ ਆ!"

ਮਾਈਕ ਸ਼ਾਂਤੀ ਪਰ ਮਜ਼ਬੂਤੀ ਨਾਲ ਖੜ੍ਹਾ ਹੋ ਗਿਆ।

"ਵੇਖ ਓਇ, ਚੁੱਪਚਾਪ ਬਹਿ ਜਾ, ਆਪਣਾ ਬਿੱਲ ਭਰ ਤੇ ਇੱਥੋਂ ਤੁਰਦਾ ਹੋ। ਤੂੰ ਇਨ੍ਹਾਂ ਨੂੰ ਆਪਣੇ ਨਾਲ ਨਹੀਂ ਲਿਜਾਅ ਸਕਦਾ ਤੇ ਨਾ ਹੀ ਇਨ੍ਹਾਂ ਦਾ ਪਿੱਛਾ ਕਰੇਂਗਾ। ਆਈ ਸਮਝ?"

ਉਸਨੇ ਸਾਡੇ ਵੱਲ ਦੇਖਿਆ। ਮਾਈਕ ਦੇ ਪਿੱਛੇ ਅਸੀਂ ਸਾਰੇ ਤਾਕਤਵਰ ਫ਼ੌਜੀ ਖੜ੍ਹੇ ਸੀ। ਉਹ ਝੱਟ ਪਿਛਾਂਹ ਹਟ ਗਿਆ। ਗੱਲ ਇਹ ਹੈ ਕਿ, ਧੌਂਸ ਵਿਖਾਉਣ ਵਾਲੇ ਹਮੇਸ਼ਾ ਇੰਝ ਹੀ ਕਰਦੇ ਹੁੰਦੇ ਹਨ।

ਉਸ ਰਾਤ ਅਸੀਂ ਸਾਰਾਹ ਅਤੇ ਟਾਈਲਰ ਨੂੰ ਘਰ ਨਾ ਜਾਣ ਦਿੱਤਾ। ਸਾਡੇ ਸਾਥੀ ਸ਼ਾਰਕ ਨੇ, ਜੋ ਵਕੀਲ ਹੈ, ਪੁਲਸ ਕੇਸ ਦਰਜ ਕਰਾਉਣ ਵਿੱਚ ਸਾਰਾਹ ਦੀ ਮਦਦ ਕੀਤੀ। ਟਾਈਲਰ ਸਾਡੇ ਨਾਲ ਸਾਡੇ ਕਲੱਬ ਹਾਊਸ ਆਇਆ ਅਤੇ ਅਸੀਂ ਉਸਨੂੰ ਉਸਦੀ ਜ਼ਿੰਦਗੀ ਦਾ ਸਭ ਤੋਂ ਵੱਡਾ ਮਿਲਕ ਸ਼ੇਕ ਲੈ ਕੇ ਦਿੱਤਾ। ਉਸ ਦਿਨ ਪਹਿਲੀ ਵਾਰ ਉਹ ਇੱਕ ਬੱਚੇ ਵਾਂਗ ਮੁਸਕਰਾਇਆ।

ਅਸੀਂ ਉਸ ਮਤਰੇਏ ਪਿਤਾ ਨੂੰ ਮਾਰਿਆ ਨਾ, ਪਰ ਉਸਦਾ ਨਾਮੋ-ਨਿਸ਼ਾਨ ਮਿਟਾਅ ਦਿੱਤਾ। ਸ਼ਾਰਕ ਨੇ ਕਨੂੰਨੀ ਤੌਰ 'ਤੇ ਉਸਦਾ ਇਲਾਜ ਕੀਤਾ ਅਤੇ ਅਸੀਂ ਯਕੀਨੀ ਬਣਾਇਆ ਕਿ ਉਹ ਕਦੇ ਇਨ੍ਹਾਂ ਦਾ ਪਿੱਛਾ ਨਾ ਕਰੇ। ਸਵੇਰ ਤੱਕ ਉਸਦੀ ਖੇਡ ਖਤਮ ਹੋ ਚੁੱਕੀ ਸੀ।

ਪਰ ਏਨਾ ਹੀ ਨਹੀਂ। ਅਸੀਂ ਸਾਰਾਹ ਅਤੇ ਟਾਈਲਰ ਨੂੰ ਇੱਕ ਸੁਰੱਖਿਅਤ ਜਗ੍ਹਾ ਪਹੁੰਚਾਇਆ; ਟਾਈਲਰ ਦੇ 'ਅੰਕਲ' ਬਣ ਗਏ। ਅਸੀਂ ਉਸਨੂੰ ਖੇਡਾਂ ਦਿਖਾਣ ਲਿਜਾਂਦੇ, ਉਸਦੀ ਪੜ੍ਹਨ ਵਿੱਚ ਮਦਦ ਕਰਦੇ, ਉਸਨੂੰ ਇੰਜਣਾਂ ਬਾਰੇ ਸਿਖਾਉਂਦੇ ਅਤੇ ਉਸਨੂੰ ਪਤਾ ਲੱਗਾ ਕਿ ਕੋਈ ਅਸਲੀ ਮਰਦ ਕਿਹੋ ਜਿਹਾ ਹੁੰਦਾ ਹੈ— ਰੱਖਿਆ ਕਰਨ ਵਾਲਾ, ਨਾ ਕਿ ਕਿਸੇ ਨੂੰ ਸ਼ਿਕਾਰ ਬਨਾਉਣ ਵਾਲਾ।

ਕੁਝ ਮਹੀਨਿਆਂ ਬਾਅਦ, ਇੱਕ ਬਾਰਬੇਕਿਊ ਪਾਰਟੀ ਵਿੱਚ, ਟਾਈਲਰ ਨੇ ਬਿਗ ਮਾਈਕ ਨੂੰ ਆਪਣੀ ਬਣਾਈ ਇੱਕ ਡਰਾਇੰਗ ਦਿੱਤੀ। ਉਸ ਵਿੱਚ ਇੱਕ ਬਾਈਕਰ, ਇੱਕ ਵੱਡੇ ਸਾਰੇ ਟੀ-ਰੈਕਸ ਡਾਇਨਾਸੌਰ ਵਾਲੀ ਜੈਕਟ ਪਹਿਨੀ, ਇੱਕ ਛੋਟੇ ਬੱਚੇ ਦੀ ਰੱਖਿਆ ਕਰ ਰਿਹਾ ਸੀ। "ਇਹ ਤੁਸੀਂ ਹੋ," ਟਾਈਲਰ ਨੇ ਕਿਹਾ। "ਤੁਸੀਂ ਉਸ ਬੁਰੇ ਡਾਇਨਾਸੌਰ ਨੂੰ ਭਜਾਅ ਦਿੱਤਾ।"

ਮਾਈਕ ਨੇ ਅੱਜ ਵੀ ਟਾਈਲਰ ਦੇ ਉਹ ਸੱਤ ਮੁਚੜੇ ਹੋਏ ਡਾਲਰ ਆਪਣੇ ਬਟੂਏ ਵਿੱਚ ਰੱਖੇ ਹੋਏ ਹਨ।

"ਇਹ ਮੇਰੀ ਜ਼ਿੰਦਗੀ ਦੀ ਸਭ ਤੋਂ ਵਧੀਆ ਕਮਾਈ ਹੈ," ਉਹ ਅੱਖਾਂ ਵਿੱਚ ਹੰਝੂ ਭਰ ਕੇ ਕਹਿੰਦਾ ਹੁੰਦਾ ਹੈ।

ਉਸ ਦਿਨ ਟਾਈਲਰ ਨੂੰ ਕੋਈ ਕਾਤਲ ਤਾਂ ਨਾ ਲੱਭਾ, ਪਰ ਉਸਨੂੰ ਇੱਕ ਪਰਿਵਾਰ ਜ਼ਰੂਰ ਮਿਲ ਗਿਆ।

ਵੇਖੋ, ਅਜਿਹੇ ਦੇਵਤੇ ਵੀ ਇੱਥੇ ਹੀ ਵੱਸਦੇ ਨੇ!

FB ਤੋਂ। ਪੇਸ਼ਕਾਰ: ਸੁਰਜੀਤ ਸਿੰਘ ਵਿਰਕ

# "ਦਲਿਤ ਉਥਾਨ" ਅਤੇ ਬਾਣੀ ਗੁਰੂ "ਰਵਿਦਾਸ ਜੀਓ" ਕੀ

### ਸ਼ੂਦਰ ਸਮਾਜ ਦੀ 'ਦਰਿਦ੍ਰ ਦਸ਼ਾ' ਦੇਖ ਕੇ ਹਰ ਕੋਈ ਹੱਸਦਾ ਸੀ

ਠੀਕ ਇਕ ਸਾਲ ਬਾਅਦ ਗੁਰੂ ਰਵਿਦਾਸ ਜੀਓ ਦੀ 'ਉਮਰ' 650 ਸਾਲ ਦੀ ਹੋ ਜਾਵੇਗੀ।

ਉਹਨਾਂ ਦੀ ਲਿਖੀ ਹੋਈ ਬਾਣੀ ਅਮਰ ਹੈ। ਬਾਣੀ ਵਿੱਚ ਸੱਚ ਦਾ ਸੰਦੇਸ਼ ਹੈ - ਸਿੱਖਿਆ ਹੈ, ਉਪਦੇਸ਼ ਹੈ। ਉਹਨਾਂ ਦੀ ਰਚੀ ਬਾਣੀ "ਸ੍ਰੀ ਗੁਰੂ ਗ੍ਰੰਥ ਸਾਹਿਬ" ਦੇ ਵਿੱਚ ਸ਼ਾਮਲ ਹੈ- ਇਸ ਕਰਕੇ ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਸੰਦੇਸ਼ "*ਸਰਬਤ ਦਾ ਭਲਾ*" ਹੈ। ਗੁਰੂ ਰਵਿਦਾਸ ਜੀ ਵੀ ਸਰਬਤ ਦਾ ਭਲਾ ਲੋੜਦੇ ਹਨ।

ਸਰਬੱਤ ਵਿੱਚ ਗਰੀਬ-ਅਛੂਤ-ਹਰੀਜਨ-ਗਿਰੀਜਨ ਅਤੇ ਦਲਿਤ ਸਭ ਸ਼ਾਮਲ ਹਨ- ਗੁਰੂ ਜੀ ਬਰਾਬਰੀ ਦਾ ਸਮਾਜ ਚਾਹੁੰਦੇ ਸਨ। ਜਾਤ ਜਾਂ ਜਨਮ ਦੇ ਅਧਾਰ 'ਤੇ ਕੋਈ ਛੋਟਾ ਵੱਡਾ ਨਹੀਂ, *-ਸਭ ਨੂੰ ਅੰਨ ਮਿਲੇ, ਸਿੱਖਿਆ ਮਿਲੇ, ਲੋਕਾਈ ਬੇਗਮ ਹੋਏ।*

ਰਵਿਦਾਸ ਜੀ ਚਮਾਰ ਜਾਤ ਵਿੱਚ ਪੈਦਾ ਹੋਏ, ਜਿਹੜੀ ਕਿ ਉਦੋਂ ਸ਼ੂਦਰ ਮੰਨੀ ਜਾਂਦੀ ਸੀ ਅਤੇ ਸ਼ੂਦਰ ਦਾ ਮੰਦਰਾਂ ਵਿੱਚ ਪ੍ਰਵੇਸ਼ ਮਨ੍ਹਾਂ ਸੀ। ਧਾਰਮਕ ਕੱਟੜਵਾਦ ਸੀ- ਸੂਦਰ ਚੌਥੇ ਦਰਜੇ ਵਿੱਚ ਰੱਖੇ ਗਏ ਸਨ। ਮੈਲਾ ਢੋਅਣਾ ਅਤੇ ਮਰੇ ਜਾਨਵਰ ਚੁੱਕਣੇ ਹੀ ਉਹਨਾਂ ਨੂੰ ਕਰਮ-ਕਿੱਤਾ ਮਿਲਿਆ।

ਪੂਰੀ ਚਮਾਰ ਜਾਤ ਦੇ ਲੋਕਾਂ ਨੂੰ ਮਾਨਵੀ ਅਧਿਕਾਰਾਂ ਤੋਂ ਵਾਂਝੇ ਰੱਖਿਆ ਹੋਇਆ ਸੀ। ਗੁਰਬਾਣੀ ਵਿੱਚ ਗੁਰੂ ਰਵਿਦਾਸ ਨੇ ਫੁਰਮਾਇਆ ਹੈ:-

*"ਦਾਰਿਦੁ ਦੇਖਿ ਸਭ ਕੋ ਹਸੈ*
*ਐਸੀ ਦਸਾ ਹਮਾਰੀ,*
*ਅਸਟ ਦਸਾ ਸਿਧਿ ਕਰ ਤਲੈ*
*ਸਭ ਕਿਰਪਾ ਤੁਮਾਰੀ"*

ਭਾਵ- ਸ਼ੂਦਰ ਸਮਾਜ ਦੀ ਦਰਿੱਦ੍ਰ (ਗਰੀਬ) ਦਸ਼ਾ ਦੇਖ ਕੇ ਹਰ ਕੋਈ ਹੱਸਦਾ ਸੀ। ਗੁਰੂ ਜੀ ਕਹਿੰਦੇ ਹਨ- ਈਸ਼ਵਰ ਦੀ ਕਿਰਪਾ ਹੋਈ, ਅਤੇ ਉਹਨਾਂ ਦਰਿੱਦ੍ਰ ਦਸ਼ਾ 'ਚੋਂ ਨਿਕਲਣ ਦਾ ਯਤਨ ਕੀਤਾ। ਕਿਰਤ ਕਰ ਕੇ ਆਪਣਾ ਹੀ ਕੁੱਲ ਨਹੀਂ ਸੰਵਾਰਿਆ, ਪੂਰੀ ਸ਼ੂਦਰ ਜਾਤ ਦਾ ਉਥਾਨ ਕੀਤਾ।

ਪਹਿਲਾਂ ਸ਼ੂਦਰ, ਅਛੂਤ (UNTOUCHABLE) ਬਣੇ। ਫਿਰ ਗਾਂਧੀ ਜੀ ਆਏ, ਉਹਨਾਂ ਅਛੂਤ ਤੋਂ ਇਸ ਭਾਈਚਾਰੇ ਨੂੰ 'ਹਰੀਜਨ' ਬਣਾਅ ਦਿੱਤਾ। ਫਿਰ ਸਮਾਂ ਬਦਲਿਆ। ਹੁਣ, ਗੁਰੂ ਰਵਿਦਾਸ ਜੀ ਦੇ ਸਮੇਂ ਦੇ ਸ਼ੂਦਰ 'ਦਲਿਤ' ਬਣ ਗਏ ਹਨ ।

ਰਵਿਦਾਸ ਬਾਣੀ ਕਰਕੇ ਦਲਿਤਾਂ ਦਾ ਉੱਥਾਨ ਹੋਇਆ ਹੈ। ਦਲਿਤਾਂ ਦਾ ਉੱਥਾਨ ਹੀ ਰਵਿਦਾਸ ਬਾਣੀ ਦਾ ਮੁੱਖ ਉਦੇਸ਼ ਸੀ। ਗੁਰੂ ਰਵਿਦਾਸ ਜੀ ਦੀ ਸਮੁੱਚੀ ਬਾਣੀ ਦੇ ਅਧਿਐਨ ਤੋਂ ਬਾਅਦ ਮਹਿਸੂਸ ਕੀਤਾ ਜਾਂਦਾ ਹੈ ਕਿ ਇਹ ਬਾਣੀ "ਜੀਣ ਭਾਵਨਾ" ਸਿਖਾਉਂਦੀ ਹੈ। ਇਕ ਜੀਣ ਭਾਵਨਾ ਹੁੰਦੀ ਹੈ - ਅਤੇ ਉਧਰ "ਹੀਣ ਭਾਵਨਾ"। ਜੀਣ ਭਾਵਨਾ ਅਤੇ ਹੀਣ ਭਾਵਨਾ ਨਾਲੋ-ਨਾਲ ਚੱਲਦੀਆਂ ਹਨ।

ਰਵਿਦਾਸ ਜੀ ਦੇ ਜੀਵਨ ਕਾਲ ਸਮੇਂ 'ਉੱਚ ਜਾਤਾਂ' ਦੇ ਜ਼ੁਲਮ ਹਾਵੀ ਸਨ, ਜਿਸ ਕਰਕੇ 'ਛੋਟੀਆਂ ਨੀਵੀਆਂ ਜਾਤੀਆਂ' "ਹੀਣ ਭਾਵਨਾ" ਦਾ ਸ਼ਿਕਾਰ ਰਹੀਆਂ - ਪਰ ਗੁਰੂ ਰਵਿਦਾਸ ਜੀ ਇਸ "ਹੀਣ ਭਾਵਨਾ' ਦਾ ਸ਼ਿਕਾਰ ਨਹੀਂ ਹੋਏ ਅਤੇ ਬੜੀ ਦਲੇਰੀ ਨਾਲ ਲਿਖਿਆ:-

*"ਨਾਗਰ ਜਨਾ*
*ਮੇਰੀ ਜਾਤਿ ਬਿਖਿਆਤ ਚੰਮਾਰ"*

ਉਹਨਾਂ ਨੇ ਬੜੇ ਗਰਵ ਨਾਲ ਆਪਣੀ ਪਛਾਣ -SELF INTRODUCTION, ਆਪਣੀ ਜਾਤ ਬਾਰੇ ਲਿਖਿਆ।

ਸਮੇਂ ਦੇ ਰਹਿਣ-ਸਹਿਣ ਬਾਰੇ ਕਿਹਾ ਹੈ: *ਮੇਰੀ ਜਾਤਿ ਕੁਟ ਬਾਂਢਲਾ / ਢੋਰ ਢੋਵੰਤਾ ਨਿਤਹਿ ਬਾਨਾਰਸੀ ਆਸਾ ਪਾਸਾ- ਚਮਰਟਾ ਗਾਂਠ ਨਾ ਜਾਨਈ- ਲੋਗੁ ਗਠਾਵੈ ਪਨਈ - ਉਚੇ ਮੰਦਰ ਸਾਲ ਰਸੋਈ, ਏਕ ਘਰੀ ਫੁਨਿ ਰਹਨੁ ਨਾ ਹੋਈ, ਇਹ ਤਨ ਜੈਸਾ ਆਸ ਕੀ ਦਾਦੀ।*

ਭਾਵ- ਇਕ ਪਾਸੇ ਤਾਂ ਉੱਚੇ ਮੰਦਰ ਹਨ, ਮਕਾਨ ਹਨ, ਸੋਹਣੀਆਂ ਰਸੋਈਆਂ ਹਨ, ਦੂਜੇ ਪਾਸੇ ਘਾਹ ਦੀਆਂ ਕੁੱਲੀਆਂ ਹਨ। ਲੋਕ ਵਿੱਦਿਆਹੀਣ ਹਨ- ਅਨਪੜ੍ਹ ਹਨ।

ਉਹਨਾਂ ਨੇ ਇਸ ਤਰਾਂ ਦੀ 'ਦਾਰਿਦੁ ਦਸਾ' ਨੂੰ "ਐਸੀ ਦਸਾ ਹਮਾਰੀ" ਲਿਖਿਆ। ਇਹਨਾਂ ਬੁਰਾਈਆਂ ਨੂੰ ਦੂਰ ਕਰਨ ਲਈ ਆਪਣੀ ਬਾਣੀ ਵਿਚ ਹੀ ਸ਼ੂਦਰ-ਦੁਰਦਸ਼ਾ ਨੂੰ ਸਮਾਜ ਸੁਧਾਰ ਦਾ ਨਾਂ ਦੇ ਕੇ ਟੀਚਾ ਮਿੱਥਿਆ। ਆਪਣੇ ਆਪ ਨੂੰ ਸਪਸ਼ਟ 'ਚਮਾਰ' ਕਹਿ ਕੇ ਹੀਣ ਭਾਵਨਾ ਨੂੰ ਦੂਰ ਕੀਤਾ। ਉਹਨਾਂ ਨੇ ਰਾਜਾ ਨਾਗਰ ਮੱਲ ਅਤੇ ਨਗਰ ਦੇ ਲੋਕਾਂ ਨੂੰ ਕਿਹਾ ਕਿ ਮੇਰੀ ਜਾਤ ਚਮਾਰ ਹੈ। (ਇਹ ਵੀ ਕਿਹਾ ਕਿ ਰਾਜੇ ਵੀ ਇੱਜ਼ਤ ਨਾਲ ਮੇਰੇ ਬਚਨ ਸੁਣਦੇ ਹਨ- ਸੰ.) ਇਹ ਵੀ ਲਿਖਿਆ: *ਤੁਮ ਸਰਨਾਗਤ, ਰਾਜਾ ਰਾਮ ਚੰਦ ਕਹਿ ਰਵਿਦਾਸ ਚਮਾਰਾ॥*

ਰਵਿਦਾਸ ਬਾਣੀ ਵਿੱਚ 'ਚਮਾਰ' ਸ਼ਬਦ ਵਾਰ ਵਾਰ ਆਇਆ ਹੈ -ਏਸੇ ਹੀ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਵਿਚ ਵੀ ਆਇਆ ਹੈ। ਇਸ ਲਈ ਚਮਾਰ ਜਾਤੀ ਦੇ ਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਮੇਸ਼ਾ ਲਈ ਰਿਣੀ ਹਨ, ਜਿਸ ਵਿੱਚ ਗੁਰੂ ਅਰਜਨ ਦੇਵ ਜੀ ਨੇ "ਰਵਿਦਾਸ ਜੀਓ" ਕੀ ਬਾਣੀ ਸ਼ਾਮਲ ਕੀਤੀ।

ਗੁਰੂ ਰਵਿਦਾਸ ਜੀ ਅਤੇ ਉਹਨਾਂ ਦੇ ਸਮਕਾਲੀਆਂ ਨਾਮਦੇਵ, ਕਬੀਰ ਅਤੇ ਤਰਲੋਚਨ ਦਾ ਸਮਾਂ ਬ੍ਰਾਹਮਣਵਾਦ ਤੋਂ ਪਰੇਸ਼ਾਨ ਸੀ। ਇਹਨਾਂ ਸਭਨਾਂ ਨੇ ਮਨੁੱਖੀ ਕਲਿਆਣ ਦਾ ਸੰਕਲਪ ਲਿਆ, ਜਿਸ ਵਿਚ ਬਰਾਬਰੀ ਸਭ ਤੋਂ ਪਹਿਲੀ ਜ਼ਰੂਰਤ ਸੀ ।

ਰਵਿਦਾਸ ਅਤੇ ਕਬੀਰ- ਤਬਦੀਲੀ ਚਾਹੁੰਦੇ ਸਨ। ਤਬਦੀਲੀ ਲਿਆਉਣ ਲਈ ਉਹਨਾਂ ਬ੍ਰਾਹਮਣਵਾਦ ਨੂੰ ਚੁਣੌਤੀਆਂ ਦਿੱਤੀਆਂ, ਉਹਨਾਂ ਦੀਆਂ ਦਿੱਤੀਆਂ ਚੁਣੌਤੀਆਂ ਸਵੀਕਾਰੀਆਂ ਅਤੇ ਉਹਨਾਂ ਦਾ ਮੋੜਵਾਂ ਜਵਾਬ ਆਪਣੇ ਢੰਗ ਨਾਲ ਦਿੱਤਾ।

ਗੱਲ ਦਲਿਤਾਂ ਦੇ ਉੱਥਾਨ ਦੀ ਸੀ- ਸੋ ਰਵਿਦਾਸ ਬਾਣੀ ਵਿੱਚ ਸਭ ਤੋਂ ਪਹਿਲੀ ਧਾਰਨਾ ਸੀ, ਕਿ ਉਹਨਾਂ ਚਿਤਵਿਆ:

*ਐਸਾ ਚਾਹੂੰ ਰਾਜ ਮੈਂ*
*ਜਹਾਂ ਮਿਲੇ ਸਭਨ ਕੋ ਅੰਨ-*
*ਛੋਟ ਬੜੇ ਸਭ ਸਮ ਵਸੇ*
*ਰਵਿਦਾਸ ਰਹੇ ਪ੍ਰਸੰਨ।*

ਅਜੋਕੇ ਦੌਰ ਵਿੱਚ ਇਸ ਸੰਕਲਪ ਨੂੰ ਪ੍ਰੈਕਟੀਕਲ ਤਰੀਕੇ ਨਾਲ ਅਮਲੀ ਰੂਪ ਦਿੱਤਾ ਜਾ ਰਿਹਾ ਹੈ। ਸਰਕਾਰ ਵੱਲੋਂ ਦੋ ਰੁਪਏ ਕਿੱਲੋ ਕਣਕ ਦਿੱਤੀ ਜਾ ਰਹੀ ਹੈ; ਸਕੂਲਾਂ ਵਿੱਚ ਵੀ ਗਰੀਬ ਬੱਚਿਆਂ ਨੂੰ ਬਰਾਬਰ ਦਾ ਭੋਜਨ ਦਿੱਤਾ ਜਾਂਦਾ ਹੈ। ਇਹ ਰਵਿਦਾਸ ਬਾਣੀ ਦਾ ਅਸਰ ਹੈ।

ਗੁਰੂ ਜੀ ਫ਼ਰਮਾਉਂਦੇ ਹਨ :

*ਤੋਹੀ ਮੋਹੀ ਮੋਹੀ ਤੋਹੀ ਅੰਤਰ ਕੈਸਾ*

ਇਸ ਬਾਣੀ ਨੂੰ ਪ੍ਰਭੂ ਭਗਤੀ ਨਾਲ ਜੋੜ ਕੇ ਬੱਸ ਪਰਮਾਤਮਾ ਨਾਲ ਇਕ ਮਿਕ ਹੋਣ ਦਾ ਯਤਨ ਹੀ ਬਣਾਅ ਦਿੱਤਾ ਗਿਆ! ਅਸਲ ਵਿੱਚ ਬਾਣੀ ਦੀ ਇਸ ਤੁਕ ਦਾ ਅਰਥ ਇਹ ਵੀ ਹੈ ਕਿ ਸਾਰੇ ਬਰਾਬਰ ਹਨ। ਚਾਹੇ ਕੋਈ ਉਚੀ ਕੁੱਲ ਵਿੱਚ ਜਨਮਿਆ ਜਾਂ ਗਰੀਬ ਕੁੱਲ ਵਿੱਚ ਜਨਮਿਆ। ਅਸਲ ਵਿੱਚ ਤਾਂ ਇਹ ਇਕ ਚੁਣੌਤੀ ਦਿੱਤੀ ਗਈ ਹੈ ਉਹਨਾਂ ਨੂੰ ਜਿਹੜੇ ਉਚੀ ਕੁਲ ਵਿੱਚ ਜਨਮੇ ਜਾਂ ਅਮੀਰ ਘਰਾਂ

# ਮੋਹਨ ਲਾਲ ਫ਼ਿਲੌਰੀਆ, ਐਡਵੋਕੇਟ


ਵਿੱਚ ਜਨਮੇ ਹਨ। ਜੇਕਰ ਅੰਤਰ ਨਹੀਂ ਹੈ ਤਾਂ ਸਭ ਬਰਾਬਰ ਹਨ!

ਏਸੇ ਸੋਚ ਨੂੰ ਅੱਗੇ ਤੋਰਦੇ ਹੋਏ ਸੰਤ ਕਬੀਰ ਨੇ ਤਾਂ ਬ੍ਰਾਹਮਣ ਨੂੰ ਇਹ ਚੁਣੌਤੀ ਦੇ ਦਿੱਤੀ-

''*ਜੇ ਤੂੰ ਬ੍ਰਾਹਮਣ ਬ੍ਰਾਹਮਣੀ ਜਾਇਆ, ਆਨ (ਔਰ, ਹੋਰ) ਬਾਟ ਕਾਹੇ ਨਹੀਂ ਆਇਆ*- ਇਹੀ ਕਿ ਹਰ ਮਨੁੱਖ ਇੱਕੋ ਤਰੀਕੇ ਨਾਲ ਮਾਂ ਦੇ ਪੇਟ 'ਚੋਂ ਹੀ ਜਨਮ ਲੈਂਦਾ ਹੈ, ਚਾਹੇ ਉਹ ਗਰੀਬ ਹੈ, ਅਮੀਰ ਜਾਂ ਸੂਦਰ, ਖੱਤਰੀ, ਬ੍ਰਾਹਮਣ।

ਗੱਲ ਤਾਂ ਫ਼ਰਕ-ਵਿਤਕਰਾ ਹੋਣ ਦੀ ਸੀ, ਜਿਸ ਨੂੰ ਮਿਟਾਉਣ ਦਾ ਯਤਨ ਗੁਰੂ ਰਵਿਦਾਸ ਜੀ ਨੇ ਕੀਤਾ।

ਗੁਰੂ ਰਵਿਦਾਸ ਜਾਂ ਸੰਤ ਕਬੀਰ ਦੀ ਬਾਣੀ ਨੂੰ ਪਰ ਪ੍ਰਭੂ-ਪ੍ਰਾਪਤੀ ਨਾਲ (ਹੀ) ਜੋੜੀ ਰੱਖਿਆ ਗਿਆ। ਕਦੀ ਵੀ ਇਸ ਬਾਣੀ ਨੂੰ ਵਿਗਿਆਨਕ ਦ੍ਰਿਸ਼ਟੀ ਤੋਂ ਨਹੀਂ ਵਿਚਾਰਿਆ ਗਿਆ। 'ਤੇਰੀ-ਮੇਰੀ ਦੇ ਅੰਤਰ' ਦੀ ਗੱਲ ਕਰੀਏ ਤਾਂ ਇਸ ਦਾ ਭਾਵ ਕੇਵਲ ਇਹੀ ਹੈ ਕਿ ਹਰ ਪ੍ਰਕਾਰ ਦਾ ਅੰਤਰ ਜਾਂ ਵਿਤਕਰਾ ਖਤਮ ਹੋਣਾ ਚਾਹੀਦਾ ਹੈ। ਕੀ ਅੱਜ ਇੱਕੀਵੀਂ ਸਦੀ ਵਿੱਚ ਮਨੁੱਖ ਅੱਗੇ ਪਰਮਾਤਮਾ ਨੂੰ ਮਿਲਣ ਦਾ ਟੀਚਾ ਹੈ; ਪਰਮਾਤਮਾ ਪ੍ਰਾਪਤੀ ਦਾ (ਹੀ) ਟੀਚਾ ਹੈ?

ਗੁਰੂ ਰਵਿਦਾਸ ਅਤੇ ਕਬੀਰ ਦਾ ਸਮਾਂ ਚੌਦਵੀਂ-ਪੰਦਰਵੀਂ ਸਦੀ ਦਾ ਹੈ। ਦੋਵੇਂ ਮਹਾਂ ਪੁਰਸ਼ ਬਨਾਰਸ ਵਿੱਚ ਪੈਦਾ ਹੋਏ। ਬਨਾਰਸ, ਹਿੰਦੂ ਧਰਮ ਦੀ 'ਰਾਜਧਾਨੀ' ਸੀ, ਜਿਥੇ ਹਿੰਦੂ ਧਰਮ ਨੂੰ ਹੀ ਪ੍ਰਚਾਰਿਆ ਜਾਂਦਾ ਸੀ। ''ਮਨੂੰ ਸਿਮਰਤੀ'' ਉਹਨਾਂ ਦਾ ਪ੍ਰੇਰਕ ਗ੍ਰੰਥ ਸੀ, ਜੋ ਇਸ ਤਰਜ਼ 'ਤੇ ਕਹਿੰਦਾ ਰਿਹਾ-

*ਢੋਰ ਗਵਾਰ ਸੂਦਰ ਔਰ ਨਾਰੀ*
*ਇਹ ਸਭ ਤਾੜਨ ਕੇ ਅਧਿਕਾਰੀ*

ਇਸੇ ਕਥਨ ਨੂੰ ਗੁਰੂ ਰਵਿਦਾਸ ਜੀ ਨੇ ਚੁਣੌਤੀ ਦਿੱਤੀ। ਰਵਿਦਾਸ ਜੀ ਨੀਚ ਤੋਂ ਊਚ ਕਰਨ ਦੀ ਤਬਦੀਲੀ ਚਾਹੁੰਦੇ ਸੀ, ਪੂਰਨ ਤਬਦੀਲੀ। ਉਹਨਾਂ ਨੇ ਆਪਣੀ ਬਾਣੀ ਵਿਚ 'ਬੇਗਮਪੁਰਾ' ਦਾ ਫ਼ਲਸਫ਼ਾ ਉਲੀਕਿਆ! ਬੇਗਮਪੁਰਾ ਦੇ ਵਿਸ਼ਾਲ ਅਰਥ ਇਹੀ ਦੱਸਦੇ ਹਨ ਕਿ ਦੁੱਖਾਂ ਤੋਂ ਆਜ਼ਾਦ ਕੋਈ ਥਾਂ ਜਿੱਥੇ ਸਭ ਬਰਾਬਰ ਹੋਣ, ਗਮਾਂ ਤੋਂ ਰਹਿਤ, ਯਾਨੀ ਰਹਿਣ ਲਈ ਘਰ ਹੋਵੇ, ਹਰ ਸਿੱਖਿਆ ਸਭ ਨੂੰ ਮਿਲੇ। ਰਵਿਦਾਸ ਬਾਣੀ ਨੇ ਲੋਕਾਈ ਦੀ ਸੋਚ ਬਦਲੀ, ਜਿਸ ਨੂੰ ''ਦਲਿਤ ਚੇਤਨਾ'' ਕਿਹਾ ਗਿਆ ਅਤੇ ਇਹ ''ਦਲਿਤ ਕਰਾਂਤੀ'' ਲਿਆਉਣ ਵਿਚ ਸਹਾਈ ਹੋਈ।

ਰਵਿਦਾਸ ਅਤੇ ਕਬੀਰ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕੀਤੀ ਗਈ- ਗੁਰੂ-ਦੁਆਰਿਆ ਵਿਚ ਇਹ ਬਾਣੀ ਪੜ੍ਹੀ ਤਾਂ ਜਾਂਦੀ ਸੀ ਪਰ ਵਿਚਾਰੀ ਨਹੀਂ ਸੀ ਜਾਂਦੀ। ਇਹ ਦੋਵੇਂ ਮਹਾਂ ਪੁਰਸ਼ ਜਾਤ ਪਾਤ ਖ਼ਤਮ ਕਰਨ ਦਾ ਸੰਦੇਸ਼ ਦਿੰਦੇ ਸਨ ਪਰ ਇਹ ਬੁਰਿਆਈ ਮੌਜੂਦਾ ਸੰਵਿਧਾਨ ਦੇ ਹੋਂਦ ਵਿਚ ਆਉਣ ਤੱਕ ਵੀ ਲਾਗੂ ਨਾ ਹੋ ਸਕੀ। ਇਸ ਦਾ ਕਾਰਨ ਇਹੀ ਰਿਹਾ ਕਿ ਰਵਿਦਾਸ ਜੀ ਜਾਂ ਕਬੀਰ ਸਾਹਿਬ ਦੇ ਜਾਣ ਤੋਂ ਬਾਅਦ ਇਸ ਕਾਰਜ ਲਈ ਡਾ. ਭੀਮ ਰਾਓ ਅੰਬੇਡਕਰ (1891-1956) ਦੀ ਅਗਵਾਈ ਮਿਲਣ ਤੱਕ ਕੋਈ ਹੋਰ ਮਹਾਂ ਪੁਰਸ਼ ਸਾਹਮਣੇ ਨਾ ਆਇਆ।

ਮੌਜੂਦਾ ਦੌਰ ਵਿੱਚ ਵੀ ਦਲਿਤਾਂ ਦੇ ਉੱਥਾਨ ਲਈ 'ਬੇਗਮਪੁਰਾ'' ਸ਼ਬਦ ਦੇ ਸੰਕਲਪ ਨੂੰ ਅਮਲ ਵਿਚ ਲਿਆਉਣਾ ਕਾਫ਼ੀ ਸੀ!

ਅਤੇ ਇੰਝ ਹੀ ਹੋਇਆ। ਜਦੋਂ ਡਾ. ਭੀਮ ਰਾਓ ਅੰਬੇਡਕਰ ਨੂੰ ਸੰਵਿਧਾਨ ਲਿਖਣ ਦਾ ਮੌਕਾ ਮਿਲਿਆ ਤਾਂ ਉਹਨਾਂ ਨੇ ਸੂਦਰ-ਅਛੂਤ-ਹਰੀਜਨ ਅਤੇ ਦਲਿਤ, ਗਰੀਬ, ਪੱਛੜੇ-ਦਬੱਲੇ-ਮਾੜਚੂਆਂ ਨੂੰ ਵੋਟ ਦਾ ਅਧਿਕਾਰ ਦਿੱਤਾ। ਭਾਰਤ ਦੇ ਸੰਵਿਧਾਨ ਵਿੱਚ ਆਰਟੀਕਲ 14-17- ਅਤੇ 32 ਜੋੜ ਕੇ 'ਸੂਦਰਾਂ' ਦੇ ਅਧਿਕਾਰਾਂ ਨੂੰ ਗਰੰਟੀ ਦਿੱਤੀ ਗਈ; ਛੂਆਛੂਤ (untouchaibilty) ਕਨੂੰਨੀ ਤੌਰ 'ਤੇ ਖਤਮ ਕੀਤੀ ਗਈ। ਸੰਵਿਧਾਨ ਦੀ ਪ੍ਰਸਤਾਵਨਾ ਵਿਚ ਹੀ ਨਿਆਂ-ਅਜ਼ਾਦੀ-ਬਰਾਬਰੀ ਅਤੇ ਭਾਈਚਾਰੇ ਦਾ ਸੰਕਲਪ ਲਿਆ ਗਿਆ। ਇਹ ਸਾਰਾ ਕੁਝ ਉਹੀ ਹੈ ਜਿਸ ਨੂੰ ਗੁਰੂ ਰਵਿਦਾਸ ਜੀ ਨੇ ਆਪਣੇ ਸਮੇਂ ਬਾਣੀ ਵਿੱਚ ਉਲੀਕਿਆ ਅਤੇ ਚਿਤਵਿਆ ਸੀ।

ਮੌਜੂਦਾ ਦੌਰ ਵਿੱਚ, ਗੁਰੂ ਰਵਿਦਾਸ ਬਾਣੀ ਕਰਕੇ ਇਕੱਲੀ ਚਮਾਰ ਜਾਤੀ ਦਾ ਹੀ ਉੱਥਾਨ ਨਹੀਂ ਹੋਇਆ ਬਲਕਿ ਚਮਾਰ ਜਾਤ ਵਰਗੀਆਂ ਹੋਰ ਜਾਤਾਂ, ਜਿਹਨਾਂ ਨੂੰ ਭਾਰਤ ਦੇ ਸੰਵਿਧਾਨ ਵਿਚ ਅਨੁਲਗ (SCHEDULE) ਵਿੱਚ ਅੰਕਿਤ ਕਰ ਕੇ SCHEDULED CASTE (ਅਨੁਸੂਚਿਤ ਜਾਤੀ) ਕਿਹਾ ਗਿਆ ਹੈ, ਉਹਨਾਂ ਦਾ ਵੀ ਉੱਥਾਨ ਹੋਇਆ ਹੈ।

ਰਵਿਦਾਸ ਬਾਣੀ ਨੇ ਸੁੱਤੀ ਪਈ ਮਾਨਵਤਾ ਨੂੰ ਜਗਾਇਆ:-

*ਕਿਆ ਤੂ ਸੋਇਆ ਜਾਗੁ ਇਆਣਾ* ਅਤੇ *ਮਾਟੀ ਕੋ ਪੁਤਰਾ ਕੈਸੇ ਨਚਤ ਹੈ।*



'ਰਵਿਦਾਸ ਬਾਣੀ' ਵਿਚ ਕੌੜਾ ਯਥਾਰਥ ਹੈ, ਨਿਰੋਲ ਸੱਚਾਈ ਹੈ ਜੋ ਪੀੜਤਾਂ ਦਾ ਹੌਂਸਲਾ ਵਧਾਉਂਦੀ ਰਹੇਗੀ। ਇਹ ਬਾਣੀ ਪੀੜਤਾਂ ਦੇ ਹੱਕਾਂ ਲਈ ਅਵਾਜ਼ ਹੈ। ਪੀੜਤ ਵਿਅਕਤੀ ਨੇ ਇਸ ਬਾਣੀ ਨੂੰ ਪੜ੍ਹਨ ਅਤੇ ਵਿਚਾਰਨ ਤੋਂ ਬਾਅਦ ਹੀ ਆਪਣੇ ਹੱਕਾਂ ਦੀ ਅਵਾਜ਼ ਬੁਲੰਦ ਕੀਤੀ ਹੈ ਅਤੇ ਪੀੜਤਾਂ ਨੇ ਹੀਣ ਭਾਵਨਾ ਉਤੇ ਜਿੱਤ ਪ੍ਰਾਪਤ ਕੀਤੀ ਹੈ।

ਉਹਨਾਂ ਸਾਰੀ ਗੱਲ ਆਖ ਦਿੱਤੀ- *ਉਪਜਿਓ ਗਿਆਨ ਹੂਆ ਪਰਗਾਸ* ਇਹ ਜੋ ਵੀ ਹੁਣ ਤੱਕ ਧਾਰਮਕ, ਸਮਾਜਕ, ਰਾਜਨੀਤਕ ਅਤੇ ਸੱਭਿਆਚਾਰਕ ਤਬਦੀਲੀਆਂ ਭਾਰਤੀ ਸਮਾਜ ਅਤੇ ਸੱਭਿਆਚਾਰ ਵਿੱਚ ਆਈਆਂ ਹਨ, ਇਹ ਸਾਰੀਆਂ ਸ੍ਰੀ ਗੁਰੂ ਰਵਿਦਾਸ ਬਾਣੀ ਦੀ ਦੇਣ ਹਨ। ਦਲਿਤਾਂ ਦੀ ਬੌਧਿਕ ਸ਼ਕਤੀ ਵਿੱਚ ਵਾਧਾ ਹੋਇਆ ਹੈ, ਹੀਣ ਭਾਵਨਾ ਉੱਤੇ ਕਾਬੂ ਕੀਤਾ ਜਾ ਰਿਹਾ ਹੈ- ਅਤੇ ''ਜੀਣ ਭਾਵਨਾ'' ਦਾ ਪਰਗਾਸ!

''ਰਵਿਦਾਸ ਜੀਓ'' ਕੀ ਬਾਣੀ ਨੂੰ ਅਜੇ ਹੋਰ ਵਿਚਾਰਨ ਅਤੇ ਪ੍ਰਚਾਰਨ ਦੀ ਜ਼ਰੂਰਤ ਹੈ, ਤਾਂ ਹੀ ਹੋਰ ਕਈ ਸਮਾਜਕ ਬੁਰਾਈਆਂ ਉੱਤੇ ਕਾਬੂ ਪਾਇਆ ਜਾ ਸਕਦਾ ਹੈ। ਗੁਰੂ ਜੀ ਕਹਿੰਦੇ ਹਨ -'*ਉਪਜਿਓ ਗਿਆਨ ਹੂਆ ਪਰਗਾਸ*'' ਭਾਵ, ਜਿਵੇਂ ਜਿਵੇਂ ਗਿਆਨ ਵਿੱਚ ਵਾਧਾ ਹੋਇਆ ਹੈ, ਆਉਣ ਵਾਲੇ ਸਮੇਂ ਵਿਚ ਤਿਵੇਂ ਤਿਵੇਂ ਪਰਗਾਸ (ਚਾਨਣ) ਹੋਵੇਗਾ। ਬੌਧਿਕ ਸ਼ਕਤੀ ਵਧੇਗੀ; ਹੀਣ ਭਾਵਨਾ ਦੌੜ ਜਾਏਗੀ; ਜੀਣ ਭਾਵਨਾ ਦਾ ਵਿਕਾਸ ਹੋਵੇਗਾ।

ਇਹ ਰਵਿਦਾਸ ਬਾਣੀ ਨੂੰ ਵਿਚਾਰਨ ਦਾ ਹੀ ਸਮਾਂ ਹੈ।

sikhchic.com

98884-05888 18/2, ਕੋਹਨੂਰ ਇਨਕਲੇਵ, ਡਾਕ. ਲੱਧੇਵਾਲੀ, ਜਲੰਧਰ

# ਜ਼ਿੰਦਗੀ, ਕਲਾ ਦਾ ਇਕ ਟੁੱਕੜਾ



**ਖ਼ੂਬਸੂਰਤੀ** ਦੇ ਕਿਆਸ, ਵਿਕਾਸ ਤੇ ਪ੍ਰਕਾਸ਼ ਨੇ ਹੈਵਾਨੀ ਦੁਨੀਆ ਵਿੱਚੋਂ ਇਨਸਾਨੀ ਦੁਨੀਆ ਦੀ ਇਕ ਛੋਟੀ ਜਿਹੀ ਸ਼ਾਖ ਕੱਢੀ। ਪਰ ਪੰਜਾਹ ਸਾਲਾਂ ਦੇ ਥੋੜੇ ਜਿੰਨੇ ਸਮੇਂ ਵਿੱਚ ਇਹ ਛੋਟੀ ਜਿਹੀ ਸ਼ਾਖ ਲੱਖਾਂ ਸਦੀਆਂ ਦੀ ਹੈਵਾਨੀ ਤਾਰੀਖ਼ ਉਤੇ ਛਾ ਗਈ।

ਅੱਜ ਵੀ ਹੈਵਾਨੀ ਦੁਨੀਆ ਭਾਵੇਂ ਇਨਸਾਨੀ ਦੁਨੀਆ ਦੇ ਮੁਕਾਬਲੇ ਵਿੱਚ ਬੇ-ਸ਼ੁਮਾਰ ਹੈ, ਤਾਂ ਵੀ ਸਿਰਫ਼ ਦੋ ਤਿੰਨ ਅਰਬ ਗਿਣਤੀ ਦੇ ਇਨਸਾਨ (ਉਸ ਵੇਲੇ ਦੇ-ਸੰ.) ਸਾਰੇ ਬ੍ਰਹਮੰਡ ਉਤੇ ਹਾਵੀ ਹੋ ਗਏ ਹਨ। ਇਹਨਾਂ ਨੇ ਸਿਤਾਰਿਆਂ ਦੀ ਇਕੱਲਤਾ ਨੂੰ ਲਲਕਾਰ ਦਿੱਤਾ ਹੈ, ਕੁਦਰਤ ਦੀ ਖ਼ੁਦ-ਮੁਖ਼ਤਾਰੀ ਨੂੰ ਵੰਗਾਰ ਦਿੱਤਾ ਹੈ।

ਇਨਸਾਨ ਤੇ ਹੈਵਾਨ ਵਿੱਚ ਫ਼ਰਕ ਹੈ, ਸਿਰਫ਼ ਕਲਾ ਦਾ।

ਅਸਾਂ ਸੱਸੀਆਂ, ਸੁਹਣੀਆਂ ਦੀਆਂ ਕਹਾਣੀਆਂ ਪੜ੍ਹੀਆਂ ਸੁਣੀਆਂ ਹੋਈਆਂ ਸਨ। ਉਹਨਾਂ ਦਾ ਹੁਸਨ ਸਾਡੇ ਸੁਪਨਿਆਂ ਵਿੱਚ ਸਮਾਇਆ ਹੋਇਆ ਸੀ, ਪਰ ਸਾਡੀਆਂ ਅੱਖਾਂ ਦਾ ਹੁਸਨ-ਤਰਸੇਵਾਂ ਜ਼ਿੰਦਗੀ ਦੀਆਂ ਖਾਲੀ ਝਾਤੀਆਂ ਉਤੇ ਝਮਕ-ਝਮਕ ਕੇ ਹੰਭ ਗਿਆ ਸੀ।

ਇਕ ਚਿੱਤਰਕਾਰ (ਸ.ਸੋਭਾ ਸਿੰਘ ਵੱਲ ਇਸ਼ਾਰਾ ਲੱਗਦਾ ਹੈ-ਸੰ.) ਸਾਡੇ ਨਗਰ ਵਿੱਚ ਆ ਕੇ ਰਿਹਾ। ਉਹ ਸਾਨੂੰ ਆਪਣੀਆਂ ਤਸਵੀਰਾਂ ਵਿਖਾਣ ਲਈ ਕਦੇ-ਕਦੇ ਬੁਲਾ ਲੈਂਦਾ ਸੀ। ਸਾਡੇ ਸੁਪਨਿਆਂ ਦਾ ਹੁਸਨ ਚੌਖਟਿਆਂ ਵਿੱਚ ਜੜਿਆ ਹੋਇਆ ਸੀ। ਘੜੇ ਉਤੇ ਤਰਦੀ ਸੁਹਣੀ ਦੇ ਕਪੜੇ ਤ੍ਰਿਪ-ਤ੍ਰਿਪ ਕਰ ਰਹੇ ਸਨ। ਕੰਢੇ ਉਤੇ ਬਲਦੀ ਢਾਂਡਰੀ ਦੀ ਲੋਅ ਨਾਲ ਮਹੀਂਵਾਲ ਦਾ ਮੂੰਹ ਭਖ਼ ਰਿਹਾ ਸੀ। ਚਿੱਤਰਕਾਰ ਦੇ ਹੱਥ ਚੁੰਮਣ ਨੂੰ ਜੀਅ ਕਰਦਾ ਸੀ, ਜਿਦ੍ਹੇ ਪੋਟਿਆਂ ਵਿੱਚ ਸਦੀਆਂ ਦਾ ਹੁਸਨ ਧੜਕ ਰਿਹਾ ਸੀ।

ਲਿਵਰਪੂਲ ਦੇ ਇਕ ਹਾਲ ਵਿੱਚ ਸਰੋਜਿਨੀ ਨਾਇਡੂ ਬੋਲ ਰਹੀ ਸੀ— ਨਹੀਂ, ਸੰਗੀਤ ਦੀ ਕੋਈ ਲੈਅ ਮਚਲ ਰਹੀ ਸੀ, ਤੇ ਪਿਛੋਂ ਆਉਣ ਕਰਕੇ ਅਖ਼ੀਰ ਖਲੋਤਾ ਮੈਂ ਸਾਰੇ ਸਰੋਤਿਆਂ ਨੂੰ ਸਰੋਜਿਨੀ ਦੇ ਇਸ਼ਾਰਿਆਂ ਉਤੇ ਹਿਲਦੇ ਵੇਖ ਰਿਹਾ ਸਾਂ। ਲਫ਼ਜ਼ਾਂ ਵਿੱਚ ਕੋਈ ਜਾਦੂ ਸੀ, ਅਦਾ ਵਿੱਚ ਕੋਈ ਮਸਤੀ ਸੀ।

ਵਿਕਟਰ ਹੀਓਗੋ (ਫ਼ਰਾਂਸੀਸੀ ਕਵੀ ਤੇ ਨਾਵਲਕਾਰ) ਦੇ ਨਾਵਲ "ਦੁਖੀਏ", "ਸਮੁੰਦਰੀ ਕਾਮੇ" ਤੇ "ਕੁਬੇ"" ਪੜ੍ਹੇ। ਸਤਰ-ਸਤਰ ਉਤੇ ਦਿਲ ਧੜਕਿਆ, ਤੇ ਜਦੋਂ ਮੈਂ ਪੈਰਿਸ ਗਿਆ ਤਾਂ ਵਿਕਟਰ ਹੀਓਗੋ ਦੀ ਗਲੀ ਢੂੰਡ ਕੇ ਉਹਦੇ ਵਿੱਚ ਕਮਲਿਆਂ ਵਾਂਗ ਅਨੇਕਾਂ ਫੇਰੇ ਮਾਰੇ। ਉਹਦੇ ਬੁੱਤ ਦੇ ਪੈਰਾਂ ਵਿੱਚ ਕਿੰਨਾ ਚਿਰ ਬੈਠਾ ਰਿਹਾ। ਜਿਹੜੀ ਵਡੀ ਜੇਲ੍ਹ ਦਾ ਉਹਦੇ ਨਾਵਲ "ਦੁਖੀਏ" ਵਿੱਚ ਜ਼ਿਕਰ ਸੀ, ਉਹਦਾ ਸਥਾਨ ਪੁਛ ਕੇ ਪਹੁੰਚਿਆ ਤੇ ਮੈਨੂੰ ਮਹਿਸੂਸ ਹੋਇਆ ਮੇਰੇ ਅੰਦਰੋਂ ਉਹੋ ਆਹਾਂ ਉਠ ਰਹੀਆਂ ਸਨ, ਜਿਹੜੀਆਂ ਉਥੋਂ ਉਠਿਆ ਕਰਦੀਆਂ ਸਨ।

ਟੈਗੋਰ ਦੇ ਸੁਨਹਿਰੀ ਸ਼ਬਦਾਂ ਨੇ ਮੇਰੀ ਆਤਮਾ ਮਲ ਲਈ, ਉਹ ਜਦੋਂ ਅਮਰੀਕਾ ਗਏ ਤਾਂ ਮੈਂ ਉਥੇ ਸਾਂ। ਅਖ਼ਬਾਰਾਂ ਵਿੱਚ ਉਹਨਾਂ ਦੀਆਂ ਤਕਰੀਰਾਂ ਦੀਆਂ ਸੂਚਨਾਵਾਂ ਛਪਦੀਆਂ ਸਨ, ਮੇਰੇ ਦਿਲ ਦੀਆਂ ਪਿਆਸੀਆਂ ਕਲੀਆਂ ਉਤੇ ਤ੍ਰੇਲ ਝਰਦੀ ਸੀ। ਉਹ ਬੋਲਦੇ ਸਨ, ਸੁਖਾਲੀਆਂ ਤਹਿਆਂ ਵਿੱਚ ਡਿਗਦੇ ਲੰਮੇ ਚੋਲੇ ਵਿੱਚੋਂ ਜਾਪਦਾ ਸੀ ਕਿ ਕੋਈ ਫ਼ਰਿਸ਼ਤਾ ਧਰਤੀ ਲਈ ਸ਼ੁਭ ਇੱਛਾ ਦਾ ਸੰਦੇਸ਼ ਖਿਲਾਰਦਾ ਉਡਦਾ ਜਾ ਰਿਹਾ ਸੀ, ਲੋਕ ਉਹਨਾਂ ਦੇ ਆਕਾਸ਼ੀ ਨਕਸ਼ਾਂ ਨੂੰ ਵੇਖ-ਵੇਖ ਆਪਾ ਭੁਲ ਜਾਂਦੇ ਸਨ।

ਮੈਂ ਅੱਠ ਵਰ੍ਹੇ ਦਾ ਬਾਲ ਸਾਂ। ਸਾਡੇ ਗੁਆਂਢ ਇਕ ਕੂਚਗਰ ਰਹਿੰਦਾ ਸੀ, ਉਹਦੇ ਹੁਨਰ ਦੀਆਂ ਧੁੰਮਾਂ ਸਾਰੇ ਇਲਾਕੇ ਵਿੱਚ ਸਨ। ਘਰੋਂ ਮੈਂ ਸਕੂਲ ਜਾਂਦਾ ਸਾਂ, ਪਰ ਅੱਖ ਬਚਾ ਕੇ ਕੂਚਗਰ ਦੇ ਰੰਗੀਨ ਵਿਹੜੇ ਵਿੱਚ ਜਾ ਵੜਦਾ ਸਾਂ। ਆਪਣੀ ਗੱਦੀ ਉਤੇ ਬੈਠਾ, ਉਹ ਗੋਈ ਹੋਈ ਮਿੱਟੀ ਦੀ ਢੇਰੀ 'ਚੋਂ ਚੱਪਾ ਭਰਦਾ, ਤੇ ਦੂਜੀ ਘੜੀ ਤੋਤੇ, ਮੋਰ ਤੇ ਪਰੀਆਂ ਬਣਾ ਦੇਂਦਾ ਸੀ। ਰਾਂਗਲੇ ਗਲਾਂ ਵਿੱਚ ਗਾਨੀਆਂ, ਪਰਾਂ ਉਤੇ ਚੰਨ, ਤੇ ਪਤਲੀਆਂ ਕਮਰਾਂ ਦੁਆਲੇ ਸਾੜ੍ਹੀਆਂ ਚਿੱਤਰ ਦੇਂਦਾ ਸੀ। ਉਹਦਾ ਭਰਵਾਂ ਮੂੰਹ ਡੂੰਘੇ ਭਰੋਸੇ ਨਾਲ ਇਕਸਾਰ ਸੀ। ਮੈਂ ਸੁਣਿਆ ਹੋਇਆ ਸੀ, ਬੰਦਿਆਂ ਨੂੰ ਰੱਬ ਬਣਾਂਦਾ ਹੈ, ਏਸ ਰੱਬ ਦੀ ਤਸਵੀਰ ਕਈ ਵਰ੍ਹੇ ਮੇਰੇ ਮਨ ਵਿੱਚ ਏਸ ਕੂਚਗਰ ਨਾਲ ਮਿਲਦੀ ਜੁਲਦੀ ਰਹੀ।

ਇਕ ਤਰਖਾਣ ਆਪਣੇ ਅੱਡੇ ਉਤੇ ਬੈਠਾ ਕੰਮ ਕਰ ਰਿਹਾ ਸੀ। ਉਹਦੇ ਇਕ ਪਾਸੇ ਗਟੂਆਂ ਗੇਲੀਆਂ ਦਾ ਢੇਰ ਸੀ। ਇਹਨਾਂ 'ਚੋਂ ਗੰਢਾਂ ਕੱਢ ਕੇ, ਉਹ ਸ਼ਾਹ ਕਾਰੀਗਰ ਸ਼ਿੰਗਾਰ-ਮੇਜ਼ ਬਣਾਂਦਾ ਸੀ। ਆਹ ਕਿਹੋ ਜਿਹੇ ਮੇਜ਼— ਕਿ ਇਨਸਾਨੀ ਹੁਸਨ ਵੀ ਉਹਨਾਂ ਦੇ ਸਾਹਮਣੇ ਲਾ-ਜਵਾਬ ਖਲੋ ਜਾਂਦਾ ਸੀ!

ਇਹ ਜਮਾਂਦਰੂ ਕਲਾਕਾਰ ਹਨ— ਜ਼ਿੰਦਗੀ ਦੇ ਜਾਦੂਗਰ! ਪਿਆਰੇ ਤੇ ਪੂਜ। ਇਹ ਪ੍ਰੇਰਦੇ ਤੇ ਜ਼ਿੰਦਗੀ ਵਿੱਚ ਖ਼ੁਸ਼ੀ ਵਧਾਂਦੇ ਹਨ। ਇਹਨਾਂ ਦੇ ਸਾਹਮਣੇ ਸਾਡੀ ਬੁਰਾਈ ਬੇ-ਹਰਕਤ ਤੇ ਹੁਸਨ ਦੀ ਤ੍ਰਿਸ਼ਨਾ ਧ੍ਰੂ ਬਣ ਜਾਂਦੀ ਹੈ।

ਪਰ ਅਸੀਂ ਸਾਰੇ, ਸਾਧਾਰਨ ਮਿੱਟੀ ਦੇ ਬਣੇ ਹੋਏ, ਇਹੋ ਜਿਹੇ ਕਲਾਕਾਰ ਨਹੀਂ ਬਣ ਸਕਦੇ। ਸਿਰਫ਼ ਕੋਈ-ਕੋਈ ਅਕਾਸ਼ੀ ਨਗ਼ਮਿਆਂ ਦੀ ਉਡਦੀ ਤਾਲ ਨਾਲ ਆਪਣਾ ਮਨ ਇਕ-ਸੁਰ ਕਰ ਸਕਦਾ ਹੈ, ਸਿਰਫ਼ ਕੋਈ-ਕੋਈ ਪੌਣ ਵਿੱਚ ਥਰਕਦੀਆਂ ਤਾਨਾਂ ਨੂੰ ਆਪਣੀਆਂ ਮਨ ਤਾਰਾਂ 'ਤੇ ਟੁਣਕਾ ਸਕਦਾ ਹੈ।

ਤਾਂ ਵੀ ਆਪਣੀ ਛੋਟੀ ਜਿਹੀ ਜ਼ਿੰਦਗੀ ਦੇ ਕਲਾਕਾਰ ਅਸੀਂ ਸਾਰੇ ਬਣ ਸਕਦੇ ਹਾਂ, ਮਿਹਨਤ ਤੇ ਸਬਰ ਨਾਲ ਅਸੀਂ ਸਾਰੇ ਕਲਾ ਦਾ ਇਕ ਟੁੱਕੜਾ ਬਣ ਸਕਦੇ ਹਾਂ।

ਗ਼ਰੀਬ ਜਾਂ ਅਮੀਰ, ਸਾਧਾਰਨ ਜਾਂ

ਵਿਸ਼ੇਸ਼, ਛੋਟਾ ਜਾਂ ਲੰਮਾ, ਹੌਲਾ ਜਾਂ ਸੁਹਣਾ, ਹਰ ਕੋਈ ਕਿਸੇ ਨਾ ਕਿਸੇ ਦਿਲ-ਕੋਠੜੀ ਵਿੱਚ ਲਟਕਣ ਜੋਗੀ ਤਸਵੀਰ ਬਣ ਸਕਦਾ ਹੈ।

ਸੁਹਣੇ ਮੂੰਹ ਅਨੇਕਾਂ ਹੁੰਦੇ ਹਨ, ਪਰ ਹੁਸਨ ਨੂੰ ਕਲਾ ਬਣਾਨ ਵਾਲੇ ਦਾ ਦ੍ਰਿਸ਼ ਅਨੂਪਮ ਹੁੰਦਾ ਹੈ। ਉਹ ਹੁਸੀਨ ਕਲਾਕਾਰ ਜਿਦ੍ਹੀ ਛੁਹ ਹਰ ਚੀਜ਼ ਨੂੰ ਸੁਹਣਾ ਬਣਾ ਦੇਂਦੀ ਹੈ ਤੇ ਜਿਸ ਦਾ ਕਿਸੇ ਕੋਝੀ ਚੀਜ਼ ਨਾਲ ਸਰੋਕਾਰ ਨਹੀਂ ਹੁੰਦਾ।

ਤੇ ਉਹਨਾਂ ਅਨੋਖੇ ਕਲਾਕਾਰਾਂ ਨੂੰ ਕਿਹੜਾ ਦਰਜਾ ਦਿਆਂ, ਜਿਨ੍ਹਾਂ ਦਾ ਕੋਈ ਸਰੀਰਕ ਨਕਸ਼ ਸੁਹਣਾ ਨਹੀਂ ਹੁੰਦਾ, ਪਰ ਫੇਰ ਵੀ ਉਹਨਾਂ ਦੇ ਦੁਆਲੇ ਕਿਸੇ ਲਾਸਾਨੀ ਹੁਸਨ ਦਾ ਪ੍ਰਭਾਵ ਹੁੰਦਾ ਹੈ—ਰਹਿਣੀ, ਫੱਬਣੀ ਸਭੋ ਅਤਿ ਸੁਹਣੀਆਂ, ਤੇ ਦਿਲ ਦੇ ਹੁਸਨ ਦਾ ਕੋਈ ਪਾਰਾਵਾਰ ਹੀ ਨਹੀਂ।

ਛੋਟੇ ਕੱਦਾਂ ਵਾਲੇ, ਸਾਂਵਲੇ ਰੰਗਾਂ ਵਾਲੇ, ਗ਼ਰੀਬੀ ਦੇ ਕੰਢਿਆਂ ਉਤੇ ਵੱਸਣ ਵਾਲੇ, ਯੂਸਫ਼ ਸਾਨੀਆਂ ਤੇ ਸ਼ਾਹ ਬਹਿਰਾਮਾਂ ਨੂੰ ਮਾਤ ਪਾਂਦੇ ਵੇਖੇ ਹਨ।

ਇਸ ਤੋਂ ਮੈਂ ਇਸ ਨਤੀਜੇ ਉਤੇ ਪਹੁੰਚਿਆ ਹਾਂ ਕਿ ਨਿਰਮਾਣ ਤੋਂ ਨਿਰਮਾਣ ਇਨਸਾਨੀ ਜ਼ਿੰਦਗੀ ਹੁਨਰ ਦਾ ਟੁੱਕੜਾ ਬਣਾਈ ਜਾ ਸਕਦੀ ਹੈ, ਜੇ ਸ਼ੁਰੂ ਤੋਂ ਸੁਹਣੀ ਜ਼ਿੰਦਗੀ ਦਾ ਨਿਸ਼ਾਨਾ ਸਾਹਮਣੇ ਰਖਿਆ ਜਾਏ।

ਹੁਸਨ ਨਕਸ਼ਾਂ ਦੀ ਇਤਫ਼ਾਕੀਆ ਸਡੋਲਤਾ ਨਹੀਂ, ਹੁਸੀਨ ਆਦਤਾਂ ਦਾ ਸੰਗ੍ਰਹਿ ਹੈ। ਸੁਹਣੀਆਂ ਆਦਤਾਂ ਬੜੀ ਮਿਹਨਤ ਨਾਲ ਪੈਂਦੀਆਂ, ਤੇ ਕੋਝੀਆਂ ਆਦਤਾਂ ਬੜੀ ਮਿਹਨਤ ਨਾਲ ਹਟਦੀਆਂ ਹਨ।

ਇਹਨਾਂ ਸਾਰੀਆਂ ਆਦਤਾਂ ਦਾ ਮੁੱਢ ਬਚਪਨ ਵਿੱਚ ਬੱਝਦਾ ਹੈ।

ਏਸ ਲਈ ਜਿਸ ਕਿਸੇ ਨੂੰ ਹੁਸਨ ਦੀ ਤ੍ਰਿਸ਼ਨਾ ਹੈ, ਉਹ ਬੱਚਿਆਂ ਦੇ ਬਚਪਨ ਨੂੰ ਸੁਹਣਾ ਤੇ ਪਵਿੱਤਰ ਰਖਣ ਦਾ ਜਤਨ ਕਰੇ। ਉਹਨਾਂ ਦੀ ਖ਼ਾਤਰ ਘਰ ਵਿੱਚੋਂ ਹਰ ਕਿਸਮ ਦਾ ਕੋਝ ਬਾਹਰ ਕੱਢੇ। ਕੁਰੱਖ਼ਤ ਬੋਲੀ ਦੀ, ਹੁਸਨ-ਅਭਿਲਾਖੀ ਘਰ ਵਿੱਚ ਕੋਈ ਥਾਂ ਨਹੀਂ।

ਕਿਸ ਤਰ੍ਹਾਂ ਹੁਸਨ ਦੀ ਅਪਾਰ ਸੰਭਾਵਨਾ ਬਚਪਨ ਵਿੱਚ ਕੋਝ ਨਾਲ ਝਰੀਟੀ ਜਾਂਦੀ ਹੈ—ਹੇਠਲੀ ਦਰਦਨਾਕ ਘਟਨਾ ਦੱਸੇਗੀ :-

ਇਕ ਨੌਜਵਾਨ ਮੈਨੂੰ ਮਿਲਣ ਆਇਆ। ਮੈਂ ਪੁੱਛਿਆ, "ਕਿਥੋਂ ਆਏ ਹੋ" ਉਸ ਉੱਤਰ ਦਿੱਤਾ: "ਕਿਥੋਂ ਦਸਾਂ?" ਮੈਂ ਗੱਲ ਵਟਾ ਕੇ ਪੁੱਛਿਆ, "ਕੀ ਕੰਮ ਕਰਦੇ ਹੋ?' ਉਸ ਰੁਕ ਕੇ ਆਖਿਆ: "ਇਹ ਵੀ ਨਾ ਪੁੱਛੋ।" ਮੈਂ ਪਤਾ ਕਰਨਾ ਚਾਹਿਆ, ਉਹ ਹਿੰਦੂ ਸੀ ਕਿ ਮੁਸਲਮਾਨ। "ਤੁਹਾਡਾ ਨਾਂ ਕੀ ਹੈ?" ਉਹ ਸ਼ਰਮਾ ਜਿਹਾ ਗਿਆ ਤੇ ਕਹਿਣ ਲੱਗਾ: "ਕਿਹੜਾ ਦੱਸਾਂ, ਮੇਰੇ ਨਾਂ ਵੀ ਕਈ ਹਨ।"

ਹਾਰ ਕੇ ਮੈਂ ਪੁੱਛਿਆ, "ਫ਼ਰਮਾਓ, ਮੈਂ ਤੁਹਾਡੇ ਲਈ ਕੀ ਕਰ ਸਕਦਾ ਹਾਂ?"

"ਨਿਵੇਕਲਿਆਂ ਬਹਿ ਕੇ ਮੇਰੀ ਕਹਾਣੀ ਸੁਣ ਲਓ।" ਉਸ ਉੱਤਰ ਦਿੱਤਾ। ਮੈਂ ਰੋਟੀ ਖਾਣ ਲਈ ਸਾਥੀਆਂ ਨਾਲ ਖੜੋਤਾ ਸਾਂ। ਉਹਦੇ ਨਾਲ ਬਾਹਰ ਚਲਾ ਗਿਆ। ਰਾਤ ਹਨੇਰੀ ਸੀ, ਵਰਾਂਡੇ ਦੀ ਕੁਰਸੀ ਉਤੇ ਲੱਤਾਂ ਲਮਕਾ ਕੇ ਅਸੀਂ ਬਹਿ ਗਏ ਤੇ ਮੇਰੇ ਦਰਸ਼ਕ ਨੇ ਦੱਸਿਆ:

"ਮੈਂ ਜੇਲ੍ਹ ਤੋਂ ਛੁੱਟ ਕੇ ਸਿੱਧਾ ਤੁਹਾਡੇ ਕੋਲ ਆਇਆ ਹਾਂ। ਪਹਿਲੀ ਵਾਰੀ ਮੈਂ ਮਹੀਨੇ ਲਈ, ਦੂਜੀ ਵਾਰੀ ਇਕ ਵਰ੍ਹੇ ਲਈ, ਤੇ ਤੀਜੀ ਵਾਰੀ ਚਾਰ ਵਰ੍ਹੇ ਜੇਲ੍ਹ ਵਿੱਚ ਰਿਹਾ ਹਾਂ। ਮੈਂ ਦਸ ਜਮਾਤਾਂ ਪਾਸ ਹਾਂ—ਮੇਰਾ ਪਿਓ ਚੰਗੇ ਅਹੁਦੇ ਉਤੇ ਹੈ— ਮੈਂ ਜੇਲ੍ਹ ਵਿੱਚ 'ਪ੍ਰੀਤ-ਲੜੀ' ਪੜ੍ਹੀ ਹੈ—ਮੈਂ ਪੁੱਛਣ ਆਇਆ ਹਾਂ, ਮੇਰਾ ਜੀਵਨ ਬਦਲ ਸਕਦਾ ਹੈ???"

ਮੈਂ ਉਸ ਦੇ ਬਚਪਨ ਦਾ ਹਾਲ ਪੁੱਛਿਆ। "ਮੇਰੇ ਪਿਤਾ ਜੀ ਦੇ ਘਰ ਕੋਲ ਸਬਜ਼ੀ ਦਾ ਖੇਤ ਹੁੰਦਾ ਸੀ। ਉਹ ਮੈਨੂੰ ਕਹਿੰਦੇ ਤੇ ਮੈਂ ਰਾਤੀਂ ਸਬਜ਼ੀ ਚੁਰਾ ਲਿਆਉਂਦਾ ਸਾਂ। ਮੈਂ ਸਰਕਾਰੀ ਗੁਦਾਮ ਵਿੱਚੋਂ ਘਰ ਵਾਸਤੇ ਕੋਇਲੇ ਵੀ ਚੁਰਾ ਲਿਆਉਂਦਾ ਸਾਂ। ਪਿਤਾ ਜੀ ਖੁਸ਼ ਹੁੰਦੇ ਸਨ—ਤੇ ਮੈਨੂੰ ਕਈ ਗੱਲਾਂ ਸੁੱਝ ਪੈਂਦੀਆਂ ਸਨ।"

"ਮੈਂ ਕਾਲਜ ਵਿੱਚ ਦਾਖ਼ਲ ਹੋਇਆ। ਮੈਂ ਬੜਾ ਚਾਲਾਕ ਹੋ ਗਿਆ ਸਾਂ, ਬਿਨਾਂ ਲੋੜ ਮੁੰਡਿਆਂ ਦੀਆਂ ਚੀਜ਼ਾਂ ਚੁੱਕ ਲੈਂਦਾ ਸਾਂ। ਛੁਪਾ ਛੱਡਦਾ ਸਾਂ, ਕਦੇ ਦੇ ਦੇਂਦਾ ਤੇ ਬਹੁਤੀ ਵਾਰੀ ਨਹੀਂ ਸਾਂ ਦੇਂਦਾ। ਮੈਂ ਕਿਸੇ ਦਾ ਬਾਈਸਿਕਲ ਚੁਰਾ ਲਿਆ। ਪੁਲਿਸ ਨੇ ਮੈਨੂੰ ਤਾੜਨਾ ਦਿੱਤੀ। ਰੇਲ ਵਿੱਚ ਕਿਸੇ ਹਮ-ਸਫ਼ਰ ਦੀ ਚੋਰੀ ਕਰ ਲਈ, ਕੈਦ ਹੋ ਗਿਆ। ਜੇਲ੍ਹ ਵਿੱਚ ਮੈਂ ਜੰਦਰੇ ਤੋੜਨੇ ਸਿੱਖੇ। ਬਾਹਰ ਆ ਕੇ ਮੈਂ ਕਈ ਹਜ਼ਾਰ ਦੀ ਚੋਰੀ ਕੀਤੀ। ਮੈਂ ਚਾਰ ਸਾਲ ਲਈ ਕੈਦ ਹੋ ਗਿਆ।"

"ਹੁਣ ਮੈਂ ਏਸ ਜ਼ਿੰਦਗੀ ਤੋਂ ਬੇਜ਼ਾਰ ਹਾਂ—ਪਰ ਮੈਂ ਚੋਰੀ ਕਰਨ ਲਈ ਸੁਭਾਵਕ ਹੀ ਪ੍ਰੇਰਿਆ ਜਾਂਦਾ ਹਾਂ। ਜੇ ਮੇਰਾ ਕੋਈ ਇਲਾਜ ਨਹੀਂ—ਤਾਂ ਮੈਂ ਖ਼ੁਦਕਸ਼ੀ ਕਰਨਾ ਚਾਹੁੰਦਾ ਹਾਂ।"

ਇਹ ਨੌਜਵਾਨ ਬੜਾ ਸੁਹਣਾ ਤੇ ਤੰਦਰੁਸਤ ਸੀ। ਇਹਦੇ ਵਿੱਚ ਆਦਰਸ਼ ਵੱਲ ਝੁਕਾ ਵੀ ਚੋਖਾ ਸੀ। ਪਰ ਉਹਨਾਂ ਆਦਤਾਂ ਤੋਂ ਮਜਬੂਰ ਸੀ, ਜਿਹੜੀਆਂ ਉਹਦੇ ਬੇ-ਚੱਜੇ ਪਿਓ ਦੀ ਗਲਤੀ ਨਾਲ ਪੈ ਗਈਆਂ।

ਇਕ ਬੜੇ ਵਿਦਵਾਨ ਮੇਰੇ ਦੋਸਤ ਸਨ। ਬੜਾ ਚੰਗਾ ਦਿਲ ਰਖਦੇ ਹਨ, ਪਰ ਗੱਲਾਂ ਵਿੱਚ ਕਿਤੇ ਬੜੀ ਕੋਝੀ ਗਾਲ੍ਹ ਕੱਢ ਦੇਂਦੇ ਸਨ। ਇਹ ਕੋਝੀ ਆਦਤ ਇਹਨਾਂ ਦੀ ਸ਼ਖ਼ਸੀਅਤ ਦੇ ਸੁਹਣੇ ਖ਼ਾਕੇ ਉਤੇ ਕਾਲਾ ਜਿਹਾ ਧੱਬਾ ਹੈ। ਪਰ ਜਦੋਂ ਮੈਂ ਇਹਨਾਂ ਨੂੰ ਯਾਦ ਕਰਾਂਦਾ ਹਾਂ ਤਾਂ ਇਹਨਾਂ ਨੂੰ ਆਪਣੇ ਮੂੰਹੋਂ ਕੱਢੀ ਗਾਲ ਦਾ ਪਤਾ ਵੀ ਨਹੀਂ ਹੁੰਦਾ। ਬਚਪਨ ਵਿੱਚ ਇਹ ਕਾਲੀ ਰਗ ਚਿੱਟੀ ਆਤਮਾ ਵਿੱਚ ਧੱਸ ਗਈ।

ਇਕ ਸੱਜਣ ਲਿਖਦੇ ਹਨ ਕਿ ਸੁਹਣੀ ਪਤਨੀ ਦਾ ਵਫ਼ਾਦਾਰ ਪਤੀ ਹੁੰਦਿਆਂ ਹੋਇਆਂ, ਜਦੋਂ ਕਦੇ ਟਾਂਗੇ ਜਾਂ ਰੇਲ ਵਿੱਚ ਕਿਸੇ ਇਸਤਰੀ ਨੂੰ ਦੇਖ ਲੈਂਦਾ ਹਾਂ, ਤਾਂ ਉਹਦੇ ਵੱਲ ਬਿੱਟ-ਬਿੱਟ ਤੱਕਣੋਂ ਆਪਣੇ ਆਪ ਨੂੰ ਰੋਕ ਨਹੀਂ ਸਕਦਾ। ਮੈਂ ਬੜਾ ਸ਼ਰਮਿੰਦਾ ਹਾਂ।

ਲੰਡਨ ਦੇ ਵੱਡੇ ਸੌਦਾਗਰ-ਸਟੋਰਾਂ ਵਿੱਚ ਕਈ ਮੁਲਾਜ਼ਮ ਸਿਰਫ਼ ਉਹਨਾਂ

# ਗੁਰਬਖ਼ਸ਼ ਸਿੰਘ

ਗਾਹਕਾਂ ਦੀ ਤਾੜ ਉਤੇ ਲੱਗੇ ਰਹਿੰਦੇ ਹਨ, ਜਿਹੜੇ ਚੋਰੀ ਦੀ ਆਦਤ ਤੋਂ ਬੇ-ਵਸ ਹਨ। ਕਈ ਅਮੀਰ ਇਸਤਰੀਆਂ ਇਸ ਰੋਗ ਦੀਆਂ ਸ਼ਿਕਾਰ ਹਨ। ਰੁਪਈਆਂ ਦੀ ਉਹਨਾਂ ਨੂੰ ਕੋਈ ਪਰਵਾਹ ਨਹੀਂ, ਪਰ ਜਦੋਂ ਵੀ ਦੁਕਾਨ ਤੋਂ ਉਹ ਕੁਝ ਖ਼ਰੀਦਦੀਆਂ ਹਨ, ਤਾਂ ਨਾਲ ਕੁਝ ਚੁਰਾ ਕੇ ਰਲਾ ਲੈਂਦੀਆਂ ਹਨ। ਦੁਕਾਨ ਵਾਲੇ ਉਹਨਾਂ ਦਾ ਨਿਰਾਦਰ ਨਹੀਂ ਕਰਦੇ। ਉਹਨਾਂ ਦੇ ਪਤੀਆਂ ਨਾਲ ਉਹਨਾਂ ਦਾ ਸਮਝੌਤਾ ਹੁੰਦਾ ਹੈ। ਪਤੀ ਚੋਰੀ ਦੇ ਮਾਲ ਦਾ ਬਿਲ ਵੀ ਅਦਾ ਕਰ ਦੇਂਦੇ ਹਨ।

ਖ਼ੂਬਸੂਰਤੀ ਦੇ ਆਸ਼ਕਾਂ ਲਈ ਇਹਨਾਂ ਮਿਸਾਲਾਂ ਵਿੱਚ ਤਾੜਨਾ ਹੈ। ਇਕਦਮ ਇਰਾਦਾ ਕੀਤਿਆਂ ਕੋਈ ਖ਼ੂਬਸੂਰਤ ਨਹੀਂ ਬਣ ਸਕਦਾ। ਸਾਲਾਂ ਦੀ ਠੀਕ ਮਿਹਨਤ ਹੀ ਚਿਹਰੇ ਦੇ ਨਕਸ਼ਾਂ ਨੂੰ ਸੁਹਲ ਕਰ ਸਕਦੀ ਹੈ। ਨਕਸ਼ ਭਾਵੇਂ ਕਿੰਨੇ ਚਿੱਟੇ ਕਿੰਨੇ ਸੁਹਣੇ ਹੋਣ, ਜੇ ਉਹ ਮਿਹਨਤ ਤੇ ਹੁਸਨ-ਤ੍ਰਿਸ਼ਨਾ ਨਾਲ ਸੁਹਲ ਨਹੀਂ ਬਣਾਏ ਗਏ, ਤਾਂ ਉਹਨਾਂ ਵਿੱਚੋਂ ਕਈ ਵਾਰੀ ਇਹੋ ਜਿਹੀ ਕਠੋਰਤਾ ਝਾਕਦੀ ਵੇਖੀ ਜਾਂਦੀ ਹੈ, ਕਿ ਉਹਨਾਂ ਵੱਲ ਕੋਈ ਅੱਖ ਭਰ ਕੇ ਵੇਖ ਨਹੀਂ ਸਕਦਾ।

ਇਸ ਦੇ ਉਲਟ ਇਕ ਇਸਤਰੀ ਮੇਰੇ ਤਜਰਬੇ ਵਿੱਚ ਆਈ। ਬੜੇ ਛੋਟੇ ਕੱਦ ਵਾਲੀ, ਤੇ ਅਮੀਰੀ ਦੀ ਵਡਿੱਤਣ ਤੋਂ ਬਿਲਕੁਲ ਖਾਲੀ। ਇਕ ਵੀਹ ਲੱਖ ਆਬਾਦੀ ਵਾਲੇ ਅਮੀਰ ਤਿਜਾਰਤੀ ਸ਼ਹਿਰ ਵਿੱਚ ਉਹ ਰਹਿੰਦੀ ਸੀ। ਉਹਦੇ ਘਰ ਦੇ ਆਸ ਪਾਸ ਦੇ ਸਾਰੇ ਮਕਾਨ ਮਹਿਲਾਂ ਵਰਗੇ ਸਨ। ਪਰ ਉਹਦੀ ਕੁਟੀਆ ਦੇ ਸਿਰਫ਼ ਤਿੰਨ ਹੀ ਕਮਰੇ ਸਨ। ਸਾਰੇ ਸ਼ਹਿਰ ਵਿੱਚ ਠੰਡੇ ਤੱਤੇ ਪਾਣੀ ਦੇ ਨਲਕੇ ਚਲਦੇ ਸਨ, ਪਰ ਉਹਦੇ ਘਰ ਵਿੱਚ ਸਿਰਫ਼ ਹੱਥ-ਨਲਕਾ ਸੀ। ਏਸੇ ਹੱਥ ਨਲਕੇ ਨਾਲ ਉਹ ਇਕ ਨਿੱਕੀ ਜਹੀ ਫੁਲਵਾੜੀ ਨੂੰ ਸਿੰਜਦੀ ਸੀ। ਫੁੱਲ ਬੂਟਿਆਂ ਦੀ ਗੋਡੀ ਉਹ ਆਪ ਕਰਦੀ ਸੀ। ਉਸ ਦੀ ਉਮਰ ਪਚਵੰਜਾ ਸਾਲ ਦੀ ਸੀ, ਪਰ ਚਿਹਰੇ ਦੇ ਤੇਜ ਤੋਂ ਉਹ ਆਪਣੀ ਧੀ ਨਾਲੋਂ ਛੋਟੀ ਜਾਪਦੀ ਸੀ। ਉਹ ਲਿਖਾਰਨ ਸੀ, ਖਿਡਾਰਣ ਸੀ, ਉਹਦੀ ਲਾਇਬ੍ਰੇਰੀ ਰਸ਼ਕ-ਯੋਗ ਸੀ, ਉਹ ਸ਼ਤਰੰਜ ਖੇਡਦੀ ਸੀ, ਕਪੜੇ ਉਹ ਆਪ ਸਿਉਂ ਕੇ ਪਾਂਦੀ ਸੀ, ਕਿਉਂਕਿ ਉਹਦੇ ਵਰਗੇ ਨਮੂਨੇ ਕੋਈ ਨਹੀਂ ਸੀ ਬਣਾਂਦਾ। ਜਦੋਂ ਪਾਰਕ ਵਿੱਚ ਉਹ ਟੈਨਿਸ ਖੇਡਦੀ ਸੀ, ਬਿਜਲੀ ਦੀ ਜੀਉਂਦੀ ਤਾਰ ਵਾਂਗ ਉਹਦੇ ਮੂੰਹ ਤੋਂ ਲਿਸ਼ਕਾਂ ਉਠਦੀਆਂ ਸਨ। ਉਹਦੇ ਘਰ ਦੀ ਹਰ ਚੀਜ਼ ਪ੍ਰਛਾਂ ਮੰਗਦੀ ਸੀ; ਉਹ ਬੇ-ਪਰਵਾਹ, ਬੇ-ਮੁਥਾਜ, ਸਵਾਧੀਨ, ਹੱਥੀਂ ਕੰਮ ਕਰ ਕੇ ਰੋਜ਼ੀ ਕਮਾਣ ਵਾਲੀ—ਉਹਦੇ ਦੁਆਲੇ, ਜੀਕਰ ਚੰਦ ਦੁਆਲੇ ਦੋਸਤਾਂ ਦਾ ਪਰਵਾਰ ਪਿਆ ਰਹਿੰਦਾ ਸੀ। ਉਹਦੇ ਵਿੱਚ ਕੋਈ ਭੁਲੇਖਾ ਨਹੀਂ ਸੀ, ਕੋਈ ਝੂਠੀ ਆਸ ਨਹੀਂ ਸੀ, ਕੋਈ ਤਅੱਸਬ ਨਹੀਂ ਸੀ। ਉਹਦੀ ਦੋਸਤੀ ਲਈ ਧਨ ਦੀ ਲੋੜ ਨਹੀਂ ਸੀ। ਸਾਰੇ ਆਪਣੇ ਦੋਸਤਾਂ ਦੀ ਉਹ ਸਦੀਵੀ ਪ੍ਰੇਰਨਾ ਸੀ। ਜਦੋਂ ਉਹ ਸਿਰਹਾਣੇ ਬੈਠੀ ਹੁੰਦੀ ਤਾਂ ਬੀਮਾਰੀ ਵਿੱਚ ਤੰਦਰੁਸਤੀ ਦਾ ਨਸ਼ਾ ਆ ਜਾਂਦਾ। ਉਹਦੀ ਹਮਦਰਦੀ ਹੁੰਦੀ ਤਾਂ ਮੁਸੀਬਤਾਂ ਕੀਮਤੀ ਤਜਰਬੇ ਬਣ ਜਾਂਦੀਆਂ। ਉਹਦਾ ਸਾਥ ਵਡਿਆਈਆਂ ਟੁੰਬਦਾ ਸੀ। ਜਿਸ ਨੌਜਵਾਨ ਦਾ ਲੇਖ ਉਹ ਸਲਾਹ ਦੇਂਦੀ, ਉਹ ਲਿਖਾਰੀ ਬਣ ਜਾਂਦਾ, ਜਿਦ੍ਹੀ ਕਵਿਤਾ ਨੂੰ ਲਟਕ ਨਾਲ ਉਹ ਪੜ੍ਹ ਛੱਡਦੀ, ਉਹ ਕਵੀ ਬਣ ਜਾਂਦਾ।

ਪਤਲੀ ਜਿਹੀ, ਛੋਟੀ, ਬਹੁਤ ਛੋਟੀ, ਕੰਮਾਂ ਨਾਲ ਲੱਦੀ ਉਹ ਇਸਤਰੀ ਮਹਿਲਾਂ ਵਾਲਿਆਂ ਦੀ ਚਰਚਾ ਸੀ। ਲੱਖ-ਪਤੀ ਇਸਤਰੀਆਂ ਸਹਿਕਦੀਆਂ ਸਨ, ਕਦੇ ਉਹਨਾਂ ਕੋਲੋਂ ਕੋਈ ਤੁਹਫ਼ਾ ਪਰਵਾਨ ਕਰ ਲਵੇ।
ਹਰ ਕੋਈ ਕਵੀ ਨਹੀਂ ਬਣ ਸਕਦਾ, ਲਿਖਾਰੀ ਨਹੀਂ ਬਣ ਸਕਦਾ। ਪਰ ਆਪਣੇ ਥੋੜੇ ਜਾਂ ਬਹੁਤੇ ਵਰ੍ਹਿਆਂ ਨੂੰ ਸਾਵਿਆਂ ਪਧਰਿਆਂ ਕਰ ਕੇ, ਸਿਖਾ ਸੋਧ ਕੇ ਹੁਨਰ ਦਾ ਇਕ ਟੁੱਕੜਾ ਜ਼ਰੂਰ ਘੜ ਸਕਦਾ ਹੈ।

ਅਸੀਂ ਆਪਣੇ ਨਕਸ਼ਾਂ ਦੀ ਡੌਲ ਨਹੀਂ ਬਦਲ ਸਕਦੇ, ਪਰ ਇਹ ਜ਼ਰੂਰ ਕਰ ਸਕਦੇ ਹਾਂ ਕਿ ਸਾਡੀ ਕੋਈ ਚੀਜ਼ ਗ਼ਲਤ ਨਾ ਹੋਵੇ, ਬੇ-ਨਿਸਬਤ, ਕੋਝੀ, ਖਰਵੀ, ਤੇ ਬੇ-ਤਾਲ ਨਾ ਹੋਵੇ।
ਇਹ ਠੀਕ ਹੈ, ਕਿ ਸਿਰਫ਼ ਇਰਾਦੇ ਸਾਨੂੰ ਨਿਸ਼ਾਨੇ ਉਤੇ ਨਹੀਂ ਪੁਚਾ ਸਕਦੇ, ਕਿਉਂਕਿ ਅਸੀਂ ਹਾਲਾਤ ਦੀ ਪੈਦਾਵਾਰ ਹਾਂ। ਪਰ ਇਹ ਵੀ ਠੀਕ ਹੈ ਕਿ ਇਨਕਲਾਬ ਪਹਿਲੋਂ ਸ਼ਖ਼ਸਾਂ ਦੇ ਇਰਾਦਿਆਂ ਵਿੱਚ ਹੀ ਉਠਦਾ ਹੈ। ਇਹ ਸ਼ਖ਼ਸ ਆਪਣੀ ਹੁਸਨ-ਤ੍ਰਿਸ਼ਨਾ ਦੇ ਅਧੀਨ ਜ਼ਿੰਦਗੀ ਦੇ ਹਰ ਕੋਝ ਨਾਲ ਸੰਗ੍ਰਾਮ ਛੇੜਦੇ ਹਨ, ਤੇ ਆਪਣੀ ਦੁਨੀਆ ਨੂੰ ਸੁਹਣਿਆਂ ਬਣਾਨ ਲਈ ਹਰ ਬੇ-ਇਨਸਾਫ਼ੀ, ਹਰ ਬਦ-ਸੂਰਤੀ, ਹਰ ਰੁਕਾਵਟ ਦਾ ਮੁਕਾਬਲਾ ਕਰਦੇ ਹਨ।

ਸ਼ੁਰੂ ਵਿੱਚ ਇਹ ਹੁਸਨ-ਤ੍ਰਿਸ਼ਨਾ ਨਿੰਜੀ ਹੁਸਨ ਨਾਲ ਤ੍ਰਿਪਤ ਹੋ ਜਾਂਦੀ ਹੈ, ਪਰ ਵਧਦੀ-ਵਧਦੀ ਓੜਕ ਇਹ ਅੱਖਾਂ, ਬੁਲਾਂ ਹੀ ਨਹੀਂ, ਸਗੋਂ ਦਿਲ ਦਿਮਾਗ਼ ਦੀ ਹਰ ਨੁੱਕਰ ਮੱਲ ਲੈਂਦੀ ਹੈ। ਓਦੋਂ ਸਾਥੀਆਂ ਦੀ ਗ਼ਰੀਬੀ, ਬੇ-ਵਸੀ, ਬੀਮਾਰੀ ਤੇ ਬਦ-ਸੂਰਤੀ, ਨਿੱਜੀ ਕਮਾਲ ਦੀਆਂ ਵਲਗਣਾਂ ਢਾਹ ਦੇਂਦੀਆਂ ਹਨ ਤੇ ਵੱਡੇ ਤੋਂ ਵੱਡਾ ਕਲਾਕਾਰ ਵੀ, ਭੁੱਖੀ ਨੰਗੀ, ਕੋਝੀ ਜਨਤਾ ਵਿੱਚ ਗੁਆਚ ਜਾਂਦਾ ਹੈ।

ਪਰ ਗੁਆਚ ਸਦਾ ਲਈ ਕੁਝ ਨਹੀਂ ਸਕਦਾ। ਹਰੇਕ ਗੁਆਚਿਆ ਕਲਾਕਾਰ ਦਸ ਨਵੇਂ ਕਲਾਕਾਰਾਂ ਵਿੱਚ ਲੱਭਦਾ ਹੈ ਤੇ ਇਕ ਦਿਨ ਬੰਦ ਜ਼ਿੰਦਗੀ ਵਿੱਚੋਂ ਕਲਾ ਦੇ ਸੋਮੇ ਆਪ-ਮੁਹਾਰੇ ਫੁੱਟ ਪੈਂਦੇ ਹਨ, ਹੜ੍ਹ ਆਉਂਦਾ ਤੇ ਦੁਨੀਆ ਬਦਲ ਜਾਂਦੀ ਹੈ।

---

ਉਹ ਭੁੱਲ ਗਈ ਸੀ
ਹਾਰ ਸ਼ਿੰਗਾਰ ਦੇ ਬੂਟੇ ਕੋਲੋਂ
ਉਨ੍ਹਾਂ ਚਿੜੀਆਂ ਦਾ ਪਤਾ ਪੁੱਛਣਾ
ਜਿਹੜੀਆਂ ਚੇਤਰ ਦੇ ਚੇਤਰ
ਫੇਰਾ ਪਾਉਂਦੀਆਂ
ਤੇ ਅੰਦਰਾਂ ਵਿਚ ਸੱਤ-ਰੰਗੀਆਂ
ਖ਼ੁਸ਼ਬੂਆਂ ਜਗਾਉਂਦੀਆਂ ਸਨ
ਅਸੀਂ ਜਾਣਦੇ ਸਾਂ
ਪਖੇਰੂਆਂ ਦੀ ਉਡਾਣ ਵਿਚ
ਕੁਝ ਲਿਖਤਾਂ
ਹੁੰਦੀਆਂ ਨੇਂ
ਜਿਹੜੀਆਂ
ਪਿੰਜਰਿਆਂ ਵਿਚ ਬੰਦ ਪੰਛੀ ਹੀ
ਪੜ੍ਹ ਸਕਦੇ ਨੇ
ਸਾਡੀ ਚਾਲ ਵਿਚ
ਕੋਈ ਉਡਾਨ ਨਹੀਂ ਸੀ

–ਰਾਜਾ ਸਾਦਿਕੁੱਲਾ

''ਕਾਗਤ ਦੀਆਂ ਬੇੜੀਆਂ'', ''ਪਹਿਲਾ ਪੂਰ''

# ਸੰਮਨ ਬੁਰਜ* ਦੇ ਨਾਂ

## ਰਾਜਾ ਸਾਦਿਕੱਲਾ

(*ਮਹਾਰਾਜਾ ਰਣਜੀਤ ਸਿੰਘ ਦੀ ਵਜ਼ੀਰਾਬਾਦ
ਵਿਚ ਕਿਲੇ ਰੂਪੀ ਹਵੇਲੀ)

ਖੁੱਲ੍ਹੇ ਕਮਰੇ
ਛੱਤ ਅਸਮਾਨ ਤੱਕੇ
ਕੰਧਾਂ ਵਿੱਚੋਂ ਸਿੰਮਦੀ ਨਿੰਮ੍ਹੀ ਨਿੰਮ੍ਹੀ ਸਿੱਲ੍ਹ
ਕਿਧਰੇ ਕਿਧਰੇ ਮੀਨਾਕਾਰੀ ਬਾਹਰ ਝਾਤੀ ਪਾ ਲੈਂਦੀ ਏ
ਤਖ਼ਤ ਵਿਛਾਵਣ ਵਾਲ਼ੇ ਟੁਰ ਗਏ
ਕੀ ਤਖ਼ਤਾਂ ਤੇ ਜਾਜ਼ਮ* ਡਾਹੁਣੇ (ਕਾਲੀਨਾਂ 'ਤੇ ਵਿਛੀ ਮਲਮਲ )
ਕਾਹਦੇ ਹੁਕਮ ਸੁਣਾਉਣੇ
ਲੋਕ ਫ਼ਸੀਲਾਂ ਵਿੱਚੋਂ ਇੱਟਾਂ ਕੱਢ ਕੇ ਲੈ ਗਏ
ਬੂਹੇ ਤੇ ਦਰਬਾਨ ਅਜੇ ਵੀ ਬੈਠਾ ਏ
ਸ਼ਹਿ-ਨਸ਼ੀਨਾਂ* ਉੱਤੇ ਬਹਿ ਕੇ (ਬਾਦਸ਼ਾਹੀ ਉੱਚਾ ਚਬੂਤਰਾ)
ਭਾਵੇਂ ਲੱਖ ਦਲੀਲਾਂ ਕਰੀਏ
ਧੁਰ ਅੰਦਰਾਂ ਵਿਚ ਰਹੀਏ
ਬਾਰਾਂ ਬੂਹੇ ਬੰਦ ਕਰ ਲਈਏ
ਬਾਹਰ ਝੁੱਲੀ ਤੇਜ਼ ਹਵਾ ਨੇ
ਦਰਜ਼ਾਂ ਵਿੱਚੋਂ ਲੰਘ ਆਉਣਾ ਏ
ਅੰਦਰ ਖਿੱਲਰੀ ਸ਼ਾਮ ਹਨੇਰੀ
ਹੋਰ ਵੀ ਗੂੜ੍ਹੀ
ਹੋ ਜਾਣੀ ਏਂ

ਨਵੀਂ ਕਿਤਾਬ "ਪਹਿਲਾ ਪੂਰ" ਵਿੱਚੋਂ

TO SAMAN BURJ*, WAZIRABAD
Wide rooms
Roofs looking at the sky
From the walls there is an imperceptible seepage
With random imprinting peeping outside
Gone are the ones who laid the throne
To what end do we put up the big floral spread
What orders are there to be issued
People have stolen bricks from the walls of the fort
Watchman is still present at the door
Perched at the royal couch
We may put forward hundreds of arguments
We may live in an abyss
With all the twelve doors shut
Wind blowing outside will inevitably enter through the crevices
Inside is a dark evening
That would become still darker

* Samman Burj, Maharaja Ranjit Singh's fort like haveli.

Translated into English by Dr. Munawar A. Anees


# ਸ਼ੁਕਰੀਆ ਪ੍ਰੀਤ ਲੜੀ!

ਮੈਂ ਕੁਝ ਸਾਲਾਂ ਤੋਂ "ਪ੍ਰੀਤ ਲੜੀ" ਦੀ ਨਿਯਮਿਤ ਪਾਠਕ ਹਾਂ ਅਤੇ ਸੰਪਾਦਕਾ ਪੂਨਮ ਸਿੰਘ ਨੂੰ ਫ਼ੇਸਬੁਕ 'ਤੇ ਜੌਇਨ ਕੀਤਾ ਹੋਇਆ ਹੈ। ਉਹ ਅਕਸਰ ਹੀ ਆਪਣੀ ਫ਼ੇਸ ਬੁੱਕ ਵੱਾਲ 'ਤੇ ਨਵੀਆਂ ਹੋ ਰਹੀਆਂ ਖੋਜਾਂ ਬਾਰੇ ਪੋਸਟ ਕਰਦੇ ਰਹਿੰਦੇ ਹਨ। ਮੈਂ ਉਨ੍ਹਾਂ ਪੋਸਟਾਂ ਨੂੰ ਜ਼ਰੂਰ ਪੜ੍ਹਦੀ ਹਾਂ।
ਇੱਕ ਦਿਨ ਮੇਰੇ ਸਕੂਲ ਵਿੱਚ ਸਾਇੰਸ ਵਿਸ਼ੇ ਲਈ ਇੱਕ ਮਾਡਲ ਤਿਆਰ ਕਰਨਾ ਸੀ ਅਤੇ ਮੇਰੇ ਮਨ ਵਿੱਚ ਇੱਕ ਆਈਡੀਆ ਸੀ ਜੋ ਮੈਂ ਇਨ੍ਹਾਂ ਪੋਸਟਾਂ ਤੋਂ ਹੀ ਲਿਆ ਸੀ। ਸੋਚਿਆ, ਇਸੇ ਵਿਸ਼ੇ 'ਤੇ ਮਾਡਲ ਤਿਆਰ ਕੀਤਾ ਜਾਵੇ। ਉਹ ਪੋਸਟ ਤਾਂ ਦੁਬਾਰਾ ਨਾ ਲੱਭੀ- ਜਿੰਨਾ ਯਾਦ ਸੀ, ਉਸ ਛੋਟੇ ਜਿਹੇ ਆਈਡੀਏ ਤੋਂ ਹੀ ਮੈਂ ਮਾਡਲ ਬਨਾਉਣ ਦੀ ਸੋਚੀ। ਵਿਦਿਆਰਥੀਆਂ ਦੀ ਮਦਦ ਨਾਲ ਮਾਡਲ ਤਿਆਰ ਕਰ ਲਿਆ। ਬਹੁਤ ਸਾਰੇ ਪ੍ਰਸ਼ਨ ਅਜੇ ਮਨ ਵਿੱਚ ਸਨ ਪਰ ਫਿਰ ਵੀ ਅਸੀਂ ਉਸ ਮਾਡਲ ਨੂੰ "ਵਿਗਿਆਨ ਐਗਜ਼ੀਬਿਸ਼ਨ" 'ਚ ਲੈ ਗਏ। ਮੈਂ ਪੂਰੀ ਚੜ੍ਹਦੀ ਕਲਾ ਵਿੱਚ ਸੀ- ਪੱਕਾ ਯਕੀਨ ਸੀ ਕਿ ਅੱਜ ਕੁਝ ਵਧੀਆ ਹੋਵੇਗਾ!
ਅਖੀਰ, ਉੱਥੇ ਇੱਕ ਅਧਿਆਪਕ ਮਿਲੇ ਜੋ ਕਹਿਣ ਲੱਗੇ- ਕੋਹਾੜਾ ਸਕੂਲ ਤੋਂ ਤੁਸੀਂ ਹੀ ਹੋ? ਮੈਂ ਕਿਹਾ, ਹਾਂ ਜੀ। ਉਹ ਕਹਿੰਦੇ -ਤੁਹਾਡਾ ਮਾਡਲ ਕਿਸੇ ਹੋਰ ਕੈਟਾਗਰੀ ਵਿੱਚ ਸਿਲੈਕਟ ਕਰ ਲਈਏ? ਉਨ੍ਹਾਂ ਕਿਹਾ -ਮਾਡਲ ਤੁਹਾਡਾ ਬਹੁਤ ਵਧੀਆ ਹੈ, ਉਹਨੂੰ ਗਰੀਨ ਐਨਰਜੀ ਕੈਟਾਗਰੀ ਵਿੱਚ ਰੱਖ ਲਈਏ? ਮੈਂ ਕਿਹਾ -ਜੀ, ਠੀਕ ਹੈ।
ਦੁਪਹਿਰ 3 ਵਜੇ ਜਦੋਂ ਨਤੀਜੇ ਐਲਾਨੇ ਗਏ ਤਾਂ ਸਾਡੇ ਸਕੂਲ ਦਾ ਮਾਡਲ ਫ਼ੱਸਟ ਆਇਆ ਸੀ! ਮੈਨੂੰ ਨੋਬੇਲ ਪ੍ਰਾਈਜ਼ ਜਿੱਤਣ ਵਰਗੀ ਖ਼ੁਸ਼ੀ ਸੀ! ਜੱਜ ਵੀ ਕੋਲ ਆਏ ਅਤੇ ਉਨ੍ਹਾਂ ਕਿਹਾ -ਤੁਹਾਡਾ ਆਈਡੀਆ ਬਹੁਤ ਯੂਨੀਕ ਸੀ।
ਹੁਣ ਮੈਂ ਪੂਨਮ ਸਿੰਘ ਦਾ ਧੰਨਵਾਦ ਕਰਨਾ ਸੀ - ਜੋ ਇਸ ਚਿੱਠੀ ਨਾਲ ਕਰ ਰਹੀ ਹਾਂ। ਉਨ੍ਹਾਂ ਦੀ ਉਹ ਪੋਸਟ ਕੀ ਸੀ? ਕਾਈ, ਆਲੇ ਦੁਆਲੇ ਦੇ ਰੌਲ਼ੇ ਨੂੰ, ਆਪਣੇ ਅੰਦਰ ਸਮੋਅ ਲੈਂਦੀ ਹੈ। ਇਸ ਤਰ੍ਹਾਂ ਅਵਾਜ਼-ਪ੍ਰਦੂਸ਼ਣ ਨੂੰ ਘੱਟ ਕਰਨ ਵਿਚ ਮਦਦਗਾਰ ਹੈ। ਦਫ਼ਤਰਾਂ, ਘਰਾਂ ਵਿਚ ਹਵਾ ਨੂੰ ਸਾਫ਼- ਅਤੇ ਆਵਾਜਾਈ ਦੇ ਰੌਲ਼ੇ ਨੂੰ ਘੱਟ ਕਰਨ ਲਈ ਸੜਕਾਂ ਉੱਤੇ ਵੀ ਸਵਿੱਟਜ਼ਰਲੈਂਡ ਵਰਗੇ ਯੋਰਪੀ ਮੁਲਕਾਂ ਵਿਚ ਇਸ ਨੂੰ ਵਰਤਿਆ ਜਾ ਰਿਹਾ ਹੈ- ਇਹੀ ਅਸੀਂ ਮੱਡਲ ਵਿੱਚ ਦਿਖਾਇਆ ਸੀ।

**ਜਸ਼ਨ**, ਲੁਧਿਆਣਾ

# ਰੇਡੀਓ ਦੀਆਂ ਯਾਦਾਂ: ਦੇਵਿੰਦਰ ਮਹੇਂਦ੍ਰੂ

## ਸੀਜ਼ਨ 2 ਐਪੀਸੋਡ (24)




**ਸਾਡੇ** ਵੇਲਿਆਂ ਵਿੱਚ "ਸਪੂਲ" ਉੱਤੇ ਰਿਕਾਰਡਿੰਗ ਹੁੰਦੀ ਸੀ। ਇੱਕ ਗੱਤੇ ਦੇ ਬੌਕਸ ਵਿੱਚ ਇਹ ਟੇਪ ਰੱਖੀ ਜਾਂਦੀ। ਰਿਕਾਰਡਿੰਗ ਤੋਂ ਬਾਅਦ ਉਸ ਵਿੱਚ "ਕਿਊ-ਸ਼ੀਟ" ਰੱਖੀ ਜਾਂਦੀ, ਜਿਸ ਵਿੱਚ ਉਸ ਰਿਕਾਰਡਿੰਗ ਦਾ ਪੂਰਾ ਵੇਰਵਾ ਹੁੰਦਾ ਸੀ: ਪ੍ਰੋਗਰਾਮ ਦਾ ਨਾਂ, ਡਿਊਰੇਸ਼ਨ (ਕਿੰਨੇਂ ਸਮੇਂ ਦੀ ਹੈ), ਕਿਸ ਨੇ ਲਿਖਿਆ; ਨਿਰਦੇਸ਼ਕ, ਪ੍ਰਸਾਰਣ ਦੀ ਮਿਤੀ, ਪ੍ਰਸਾਰਣ ਦਾ ਵਕਤ, ਆਦਿ। ਪ੍ਰੋਗਰਾਮ ਪ੍ਰਸਾਰਤ ਕਰਨ ਵੇਲੇ ਅਨਾਊਂਸਰ ਸ਼ੁਰੂ ਵਿੱਚ ਪ੍ਰੋਗਰਾਮ ਦਾ ਨਾਂ ਦੱਸਦੇ ਤੇ ਪ੍ਰਸਾਰਣ ਤੋਂ ਬਾਅਦ ਪੂਰੇ ਵੇਰਵੇ- ਪ੍ਰੋਗਰਾਮ ਦਾ ਕੀ ਨਾਂ ਸੀ, ਕਿਸ ਨੇ ਲਿਖਿਆ, ਕਿਸ ਨੇ ਨਿਰਦੇਸ਼ਿਤ ਕੀਤਾ, ਹਿੱਸਾ ਲੈਣ ਵਾਲੇ ਕੌਣ ਸਨ... ਅਨਾਊਂਸਮੈਂਟ ਵਿੱਚ ਇਹ ਸਭ ਦੱਸਿਆ ਜਾਂਦਾ।

ਸ਼ਿਮਲਾ ਰੇਡੀਓ ਸਟੇਸ਼ਨ ਦੀ ਗੱਲ ਹੈ। ਬਹੁਤ ਸਾਰੇ ਪ੍ਰੋਗਰਾਮਾਂ ਦੇ ਨਾਲ ਨਾਲ, ਡਿਊਟੀ ਰੂਮ ਵੀ ਮੇਰੇ ਕੋਲ ਸੀ, ਮਤਲਬ - ਅਨਾਊਂਸਰ, ਡਿਊਟੀ ਅਫ਼ਸਰ ਜਿਹੜੀਆਂ ਸੇਵਾਵਾਂ ਨਿਭਾਅ ਰਹੇ ਹਨ, ਉਹ ਮੈਂ ਦੇਖਣਾ ਹੁੰਦਾ ਸੀ ਕਿ ਠੀਕ ਠਾਕ ਕੰਮ ਹੋਵੇ, ਸਾਰਾ।
ਪੌੜੀਆਂ ਚੜ੍ਹ ਕੇ ਡਿਊਟੀ ਰੂਮ ਦੇ ਬਾਹਰੋਂ ਲੰਘ ਰਹੀ ਸੀ, ਸਟੂਡੀਓ ਜਾਣ ਲਈ। ਡਿਊਟੀ ਰੂਮ ਵਿੱਚੋਂ ਜ਼ੋਰ ਜ਼ੋਰ ਦੀਆਂ ਆ ਰਹੀਆਂ ਅਵਾਜ਼ਾਂ ਨੇ ਰੋਕ ਲਿਆ। ਸੋਚਿਆ ਜਾ ਕੇ ਦੇਖਾਂ ਕਿ ਕੀ ਐਮਰਜੈਂਸੀ ਆ ਗਈ, ਕਿ, ਪ੍ਰੋਗਰਾਮ ਐਗਜ਼ੀਕਿਊਟਿਵ ਡਾਕਟਰ ਰਵੀ ਸ੍ਰੀ ਬਾਲਾ ਦੀ ਅਵਾਜ਼ ਸੁਣੀ। ਉਹ ਬਹੁਤ ਗੁੱਸੇ ਵਿੱਚ ਬੋਲ ਰਹੇ ਸਨ, "ਉਸ ਕੇ ਨਾਮ ਕੇ ਸਾਥ ਤੋ ਡਾਕਟਰ ਲਗਾਨਾ ਕਭੀ ਨਹੀਂ ਭੂਲੇ, ਮੇਰੇ ਨਾਮ ਕੇ ਸਾਥ ਕਿਉਂ ਨਹੀਂ ਬੋਲਾ ਗਿਆ? ਜੇਐਨਯੂ ਸੇ ਪੜ੍ਹੀ ਹੂੰ ਮੈਂ, ਉਸ ਕੀ ਤਰਹ ਘਰ ਬੈਠ ਕਰ ਨਹੀਂ।"

ਗੱਲ ਮੇਰੀ ਹੋ ਰਹੀ ਸੀ। ਲੱਗਾ, ਜਵਾਬ ਦੇਣਾ ਜ਼ਰੂਰੀ ਹੈ। ਮੈਂ ਡਿਊਟੀ ਰੂਮ ਵਿੱਚ ਚਲੀ ਗਈ।
"ਬੈਠੋ ਮੈਡਮ," ਕਹਿ ਕੇ ਮੈਂ ਵੀ ਬੈਠ ਗਈ।
ਅਨਾਊਂਸਰ ਤੇ ਡਿਊਟੀ ਅਫ਼ਸਰ ਦੋਵ੍ਹੇਂ ਉੱਥੇ ਸਨ।
"ਧਿਆਨ ਰੱਖਿਆ ਕਰੋ। ਅੱਗੇ ਤੋਂ ਅਜਿਹੀ ਕੋਈ ਸ਼ਿਕਾਇਤ ਨਹੀਂ ਆਉਣੀ ਚਾਹੀਦੀ," ਮੈਂ ਪਿਆਰ ਨਾਲ ਦੋਵ੍ਹਾਂ ਨੂੰ ਸਮਝਾਇਆ।
ਫੇਰ ਡਾਕਟਰ ਸ੍ਰੀ ਬਾਲਾ ਵੱਲ ਮੁੜੀ, "ਮੈਡਮ, ਇਨ੍ਹਾਂ ਤੋਂ ਗ਼ਲਤੀ ਹੋ ਗਈ, ਅੱਗੇ ਤੋਂ ਧਿਆਨ ਰੱਖਣਗੇ। ..ਪਰ ਇੱਕ ਗੱਲ ਤੁਹਾਨੂੰ ਦੱਸ ਦੇਵਾਂ। ਅੱਛੀ ਗੱਲ ਹੈ ਤੁਸੀਂ ਜੇਐਨਯੂ ਤੋਂ ਪੀ ਐਚਡੀ ਕੀਤੀ ਹੈ, ਪਰ ਮੈਨੂੰ ਆਪਣੇ ਆਪ 'ਤੇ ਇਸ ਗੱਲ ਦਾ ਮਾਣ ਹੈ ਕਿ ਮੈਂ ਘਰ ਬੈਠੇ ਬਿਠਾਏ, ਸਾਧਨਾਂ ਦੀ ਅਣਹੋਂਦ ਦੇ ਬਾਵਜੂਦ, ਆਪਣੀ ਪੀ ਐਚਡੀ ਪੂਰੀ ਕੀਤੀ।"
ਡਾਕਟਰ ਬਾਲਾ ਉੱਥੋਂ ਚੁੱਪਚਾਪ ਉੱਠ ਕੇ ਚਲੇ ਗਏ। ਫੇਰ ਮੈਂ ਆਪਣੇ ਸਟਾਫ਼ ਨੂੰ ਕਿਹਾ, "ਮੇਰੇ ਨਾਂ ਨਾਲ ਬੇਸ਼ੱਕ ਨਾ ਬੋਲਿਆ ਕਰੋ ਡਾਕਟਰ, ਮੈਡਮ ਦੇ ਨਾਂ ਨਾਲ ਸ਼ੁਰੂ ਤੇ ਅਖੀਰ ਦੋਨੋਂ ਵਾਰ ਡਾਕਟਰ ਬੋਲ ਦਿਆ ਕਰੋ।

"ਕਿਊ-ਸ਼ੀਟ ਤੋਂ ਯਾਦ ਆਇਆ ਹੈ," ਪਰਮਜੀਤ ਤੇ ਪ੍ਰਭਜੋਤ ਕਹਿ ਰਹੇ ਸਨ, "ਡਿਜਿਟਾਈਜ਼ ਕਰਨ ਵੇਲੇ "ਕਥਾ ਲੋਕ" ਪ੍ਰੋਗਰਾਮ ਦੀਆਂ ਟੇਪਾਂ ਦੀਆਂ ਕਿਊ-ਸ਼ੀਟਾਂ ਇੱਧਰ ਓਧਰ ਹੋ ਗਈਆਂ- ਤੁਸੀਂ ਵਕਤ ਕੱਢ ਕੇ ਕੁਝ ਦਿਨ ਆ ਸਕਦੇ ਹੋ, ਜਲੰਧਰ ਰੇਡੀਓ? ਤੇ ਰਿਕਾਰਡਿੰਗਜ਼ ਸੁਣ ਕੇ ਦੱਸ ਸਕਦੇ ਹੋ ਕਹਾਣੀ ਦਾ ਨਾਂ ਕੀ ਹੈ, ਲੇਖਕ ਕੌਣ ਹਨ, ਹਿੱਸਾ ਲੈਣ ਵਾਲੇ ਕਲਾਕਾਰਾਂ ਦੇ ਨਾਂ ਵੀ?"
ਮੈਂ ਕਿਹਾ "ਕਿਉਂ ਨਹੀਂ? ਦੱਸੋ ਕਦੋਂ ਆਵਾਂ? ਤੁਸੀਂ ਕਦੋਂ ਮੈਨੂੰ ਰਿਕਾਰਡਿੰਗਜ਼ ਸੁਣਾਅ ਸਕਦੇ ਹੋ, ਦੱਸ ਦੇਵੋ।" ਪਰਮਜੀਤ ਨੇ ਆਪਣਾ ਤੌਖ਼ਲਾ ਦੱਸਿਆ, "ਅਸੀਂ ਕੋਈ ਪੇਮੈਂਟ ਨਹੀਂ ਕਰ ਸਕਾਂਗੇ।" ਮੈਂ ਹੱਸ ਪਈ, "ਮੈਨੂੰ ਪੈਨਸ਼ਨ ਦੇ ਰਹੀ ਹੈ ਸਰਕਾਰ, ਪਰਮਜੀਤ। ਹੋਰ ਕਿਹੜੀ ਪੇਮੈਂਟ ਕਰਨੀ ਤੁਸੀਂ?"

# ਉਹ ਜਿਊਂਦੀ ਹੈ....- 30

# ਡਾ.ਉਮਾ ਤ੍ਰਿਲੋਕ

## ਨਵੀਂ ਅੰਗ੍ਰੇਜ਼ੀ ਕਿਤਾਬ

ਅਨੁਵਾਦ: ਪੂਨਮ ਸਿੰਘ

**ਇਮਰੋਜ਼** ਨੇ ਇੱਕ ਵਾਰ ਮੈਨੂੰ ਦੱਸਿਆ ਸੀ ਕਿ ਉਨ੍ਹਾਂ ਨੂੰ ਪੀਲੇ ਫੁੱਲ ਖ਼ਾਸ ਪਸੰਦ ਹਨ, ਉਨ੍ਹਾਂ ਵਿੱਚੋਂ ਵੀ ਖ਼ਾਸ ਤੌਰ 'ਤੇ ਅਮਲਤਾਸ, ਜਿਹੜੇ ਭਾਰਤ ਦੇ ਉੱਤਰੀ ਹਿੱਸਿਆਂ ਵਿਚ ਮਈ ਜੂਨ ਦੀ ਗਰਮੀ ਵਿਚ ਖਿੜਦੇ ਹਨ।
ਜੂਨ 1956 ਦੀ ਗੱਲ ਹੈ, ਅੰਮ੍ਰਿਤਾ ਨੇ ਇਮਰੋਜ਼ ਤੋਂ ਉਸਦੀ ਜ਼ਿੰਦਗੀ ਦੇ ਤਿੰਨ ਦਿਨ ਆਪਣੇ ਲਈ ਮੰਗੇ ਜਿਹੜੇ ਉਹ ਸਿਰਫ਼ ਇੱਕ ਦੂਜੇ ਨਾਲ ਬਿਤਾਉਣਗੇ।

ਇਹ ਬਹੁਤਾ ਸਮਾਂ ਉਨ੍ਹਾਂ ਅਮਲਤਾਸ ਦੇ ਰੁੱਖਾਂ ਥੱਲੇ ਹੀ ਬਿਤਾਇਆ।

ਮੌਸਮ ਰੁੱਖਾਂ ਥੱਲੇ ਲੇਟੇ ਆਸ਼ਕਾਂ ਲਈ ਆਪਣਾ ਚਾਅ ਖਲੇਰ ਰਿਹਾ ਸੀ...
ਹਵਾ ਵਗਦੀ ਅਤੇ ਉਨ੍ਹਾਂ ਉੱਤੇ ਫੁੱਲ ਸੁੱਟ ਜਾਂਦੀ।
ਜਵਾਨ ਆਸ਼ਕਾਂ ਨੂੰ ਕੱਜਦੀ ਹੋਈ ਅਤੇ ਉਨ੍ਹਾਂ ਦੀ ਰਾਖੀ ਕਰਦੀ ਹੋਈ, ਜਿਹੜੇ ਕਿ ਕੁਦਰਤ ਦੇ ਹੁਕਮ ਮੁਤਾਬਕ ਝੂਮੇ ਹੋਏ ਸਨ।

ਉਹ ਇਕੱਠੇ ਸਨ ਅਤੇ ਇਹੀ ਉਨ੍ਹਾਂ ਦੋਹਾਂ ਲਈ ਬਥੇਰਾ ਸੀ।

ਉਨ੍ਹਾਂ ਫੁੱਲਾਂ ਦੀ ਮੱਠੀ ਮੱਠੀ ਖ਼ੁਸ਼ਬੋਈ ਨੂੰ ਸਾਹ ਨਾਲ ਆਪਣੇ ਅੰਦਰ ਲਿਜਾਅ ਕੇ,
ਜੋ ਕਿ ਪ੍ਰੇਮ-ਦੇਵਤਾ ਬਣੀ ਹੋਈ ਸੀ, ਉਹ ਆਲੇ ਦੁਆਲੇ ਦੀ ਰੌਂਅ ਵਿਚ ਰਚ ਗਏ।
ਆਸ਼ਕ ਚੁੱਪ ਸਨ ਪਰ ਉਨ੍ਹਾਂ ਦੀ ਚੁੱਪੀ ਉਨ੍ਹਾਂ ਦੀ ਇੱਕ ਦੂਜੇ ਲਈ ਡੂੰਘੀ ਵਚਨਬੱਧਤਾ ਨੂੰ ਉਘਾੜ ਰਹੀ ਸੀ, ਜ਼ਿੰਦਗੀ ਦਰ ਜ਼ਿੰਦਗੀ ਦਰ ਜ਼ਿੰਦਗੀ।

ਇੱਕ ਹੋਰ ਮੌਕੇ, ਅੰਮ੍ਰਿਤਾ ਲਈ ਆਪਣੇ ਪਿਆਰ ਅਤੇ ਆਪਣੀ ਜ਼ਿੰਦਗੀ ਦੇ ਇੱਕ ਵੱਖਰੇ ਨਜ਼ਰੀਏ ਬਾਰੇ ਗੱਲ ਕਰਦਿਆਂ, ਉਨ੍ਹਾਂ ਕਿਹਾ,
"ਕੁਝ ਲੋਕ ਕਹਿੰਦੇ ਹਨ, ਜੇ ਤੁਹਾਡੇ ਪਿਆਰੇ ਵੱਲੋਂ ਤੁਹਾਡਾ ਪਿਆਰ ਪਰਤਾਇਆ ਨਹੀਂ ਜਾ ਰਿਹਾ, ਇਹ ਸੁੱਕ-ਮੁੱਕ ਜਾਂਦਾ ਹੈ। ਮੈਂ ਨਹੀਂ ਮੰਨਦਾ ਇਹ।
ਜਦੋਂ ਤੁਸੀਂ ਵਾਪਸੀ ਵਿਚ ਕੁਝ ਮਿਲਣ ਦੀ ਆਸ ਕਰਦੇ ਹੋ, ਇਹ ਪਿਆਰ ਨਹੀਂ ਹੁੰਦਾ...ਇਹ ਵੱਟਾ ਸੱਟਾ ਹੁੰਦਾ ਹੈ...ਇੱਕ ਵਪਾਰ।
ਜਦੋਂ ਤੁਸੀਂ ਸਲਾਹੇ ਜਾਣ ਜਾਂ ਮੰ ਲਏ ਜਾਣ ਦੀ ਆਸ ਰੱਖਦੇ ਹੋ...ਤੁਸੀਂ ਸਿਰਫ਼ ਸ਼ਿਸ਼ਟਾਚਾਰੀ ਅਤੇ ਰਸਮੀ-ਉਚੇਚ ਕਰ ਰਹੇ ਹੁੰਦੇ ਹੋ।
ਮੇਰਾ ਮੰਨਣਾ ਹੈ ਕਿ ਮੁਹੱਬਤ ਕਰਨਾ ਤਾਂ ਬੱਸ ਚੁੱਪੀ ਵਿਚ ਫੁੱਲਾਂ ਦੇ ਖਿੜਣ ਵਾਂਗ ਹੈ...
ਮੁਹੱਬਤ ਕਰਨਾ ਨਾ ਵਾਅਦਾ ਕਰਨਾ ਹੁੰਦਾ ਹੈ ਅਤੇ ਨਾ ਸ਼ਿਕਾਇਤ ਕਰਨਾ...
ਮੁਹੱਬਤ ਕਰਨਾ ਤਾਂ ਬੱਸ ਇੱਕ ਦੂਜੇ ਦੀ ਮਹਿਕਦੀ ਹਾਜ਼ਰੀ ਹੁੰਦੀ ਹੈ...
ਇਸ ਤੋਂ ਬੰਧਨ ਦਾ ਇਸ਼ਾਰਾ ਨਹੀਂ ਮਿਲਦਾ, ਇਸ ਦੀ ਬਜਾਇ, ਇਹ ਤੁਹਾਨੂੰ ਸਾਰੇ ਬੰਧਨਾਂ ਤੋਂ ਅਜ਼ਾਦ ਕਰ ਦਿੰਦੀ ਹੈ।"

ਕੁਝ ਹੋਰ ਲੋਕਾਂ ਬਾਰੇ ਕੁਝ ਹੋਰ ਉਦਾਹਰਣਾਂ ਦੇ ਕੇ , ਉਹ ਕਹਿੰਦੇ ਗਏ
"ਅੰਮ੍ਰਿਤਾ ਅਤੇ ਮੈਂ ਕਦੇ ਵੀ ਇੱਕ ਦੂਜੇ ਨੂੰ ਕਿਸੇ ਰਿਸ਼ਤੇ ਵਿਚ ਬੰਨ੍ਹਣਾ ਨਹੀਂ ਚਾਹਿਆ ਸੀ...
ਵਿਆਹ ਵਿਚ ਤਾਂ ਕੀ ਬੰਨ੍ਹਣਾ ਸੀ।
ਆਖਿਰ ਵਿਆਹ ਨਾਲ ਅਸੀਂ ਕੀ ਹਾਸਲ ਕਰ ਲੈਣਾ ਸੀ?
ਕਿਉਂਕਿ ਜੇ ਤੁਹਾਨੂੰ ਮੁਹੱਬਤ ਨਹੀਂ ਹੈ, ਇੱਕ ਦੂਜੇ ਨਾਲ ਬੰਧਨ ਇੱਕ ਬੋਝ ਹੈ।
ਅਤੇ ਜੇ ਤੁਸੀਂ ਮੁਹੱਬਤ ਕਰਦੇ ਹੋ, ਤੁਹਾਨੂੰ ਕਿਸੇ ਬੰਧਨ ਦੀ ਲੋੜ ਨਹੀਂ..
ਜਿੱਥੋਂ ਤੱਕ ਪਿਆਰ ਦੀ ਗੱਲ ਹੈ, ਨਾ ਕੋਈ ਧਾਰਮਕ ਰਸਮ ਅਤੇ ਨਾ ਕੋਈ ਕਨੂੰਨੀ ਕਾਰਵਾਈ ਹੀ ਤੁਹਾਡੇ ਕੰਮ ਆਉਂਦੀ ਹੈ।
ਇੱਕ ਰਸਮ ਵਾਂਗ ਵਿਆਹ ਦਾ ਕੋਈ ਅਰਥ ਨਹੀਂ ਜੇ ਮਨ ਨਹੀਂ ਪਰਨਾਏ ਗਏ।
ਵਿਆਹ ਤੁਹਾਨੂੰ ਇੱਕ ਦੂਜੇ ਨੂੰ ਵੱਧ ਜਾਂ ਘੱਟ ਪਿਆਰ ਕਰਨ ਨਹੀਂ ਲਾ ਸਕਦੇ।"

ਗੱਲ ਨੂੰ ਹੋਰ ਅਗਾਂਹ ਖੋਲ੍ਹਦਿਆਂ, ਉਹ ਕਹਿੰਦੇ ਗਏ,

"ਮੇਰਾ ਖ਼ਿਆਲ ਹੈ ਕਿ ਬਹੁਤ ਵਿਆਹ ਮੁਖੌਟੇ ਹਨ। ਇਹ ਬੰਧੇਜਾਂ ਹਨ, ਜਿੱਥੇ ਬੋਝ ਅਤੇ ਕਲੇਸ਼ ਬਹੁਤਾ ਹੈ।
ਅਸਲ ਵਿਚ ਕਿਸੇ ਕਨੂੰਨੀ ਜਾਂ ਧਾਰਮਕ ਰੀਤ-ਰਸਮ ਦੀ ਥਾਂ ਮੈਂ ਤਾਂ ਅਨੰਦ-ਹੁੱਲਾਸ ਦੀ ਸ਼ਾਹਦੀ ਭਰਾਂਗਾ।
ਮੈਂ ਇਹ ਵੀ ਮੰਨਦਾ ਹਾਂ ਕਿ ਵਿਆਹ ਇੱਕ ਬਹੁਤ ਹੀ ਪਵਿੱਤਰ ਅਤੇ ਅਹਿਮ, ਗੰਭੀਰ ਸੰਸਥਾ ਹੈ, ਪਰ ਮੁਹੱਬਤ ਦੇ ਬਿਨਾ ਇਹ ਇੱਕ ਸਮਾਜਕ ਤਬਾਹੀ ਹੈ।"

ਖ਼ੁਦ ਆਪਣੇ ਤਜਰਬੇ ਬਾਰੇ ਮੁੜ ਗੱਲ ਕਰਦਿਆਂ, ਉਨ੍ਹਾਂ ਕਿਹਾ
"ਅਸੀਂ ਕਦੇ ਵਿਆਹ ਨਾ ਕਰਾਇਆ।
ਅਸੀਂ ਮੁਹੱਬਤ ਅਤੇ ਖ਼ੁਸ਼ੀਆਂ ਮਾਨਣ ਦੀ ਜ਼ਿੰਦਗੀ ਜੀਵੀ।
ਅਸੀਂ ਇੱਕ ਦੂਜੇ ਦਾ ਖ਼ਿਆਲ ਰੱਖਿਆ।
ਅਸੀਂ ਆਪਣਾ ਬਿਹਤਰੀਨ ਇੱਕ ਦੂਜੇ ਨੂੰ ਦਿੱਤਾ।
ਅਸੀਂ ਕਦੇ ਸੁਆਲ ਨਹੀਂ ਪੁੱਛਦੇ ਸੀ।
ਕੋਈ ਕਿਉਂ ਨਹੀਂ ਸੀ।
ਨਾ ਹੀ ਕਦੇ ਕੋਈ 'ਨਾਂਹ' ਸੀ।

ਅੰਮ੍ਰਿਤਾ ਨੇ ਮੈਨੂੰ ਉਸ ਨਾਲ ਉਸੇ ਦੀ ਰਿਹਾਇਸ਼ ਵਿਚ ਆ ਕੇ ਰਹਿਣ ਬਾਰੇ ਪੁੱਛਿਆ।
ਮੈਂ ਕਿਹਾ, ਹਾਂ।
ਉਹ ਚਾਹੁੰਦੀ ਸੀ ਕਿ ਮੈਂ ਉਸ ਨਾਲ ਹੋਵਾਂ ਅਤੇ ਦਿੱਲੀ ਪਰਤ ਆਵਾਂ।
ਮੈਂ ਕਿਹਾ, ਠੀਕ।
ਉਸ ਦੇ ਮੇਰੇ ਤੋਂ ਕੁਝ ਚਾਹੁਣ ਤੋਂ ਪਹਿਲਾਂ ਹੀ,
ਮੈਂ ਉਸ ਨੂੰ ਕਦੇ ਵੀ 'ਨਾਂਹ' ਨਹੀਂ ਕੀਤੀ।
ਇੱਥੋਂ ਤੱਕ ਕਿ ਜਦੋਂ ਉਸ ਇਸ ਫਾਨੀ ਦੁਨੀਆ ਨੂੰ ਮੇਰੇ ਤੋਂ ਪਹਿਲਾਂ ਛੱਡਣਾ ਚਾਹਿਆ,
ਮੈਂ ਕਿਹਾ, 'ਠੀਕ।'
ਹੁਣ ਮੈਂ ਹਰ ਰਾਤ ਉਸ ਲਈ ਦੀਵੇ ਬਾਲਦਾ ਹਾਂ।
ਅਤੇ, ਉਹ ਮੇਰੇ ਦਿਨਾਂ ਨੂੰ ਰੰਗਦੀ ਹੈ।
ਸਾਡੇ ਲਈ ਹਰ ਰੋਜ਼ ਦੀਵਾਲੀ ਹੈ।
ਸਾਡੇ ਲਈ ਹਰ ਰੋਜ਼ ਹੋਲੀ ਹੈ।"

# ਗੱਦਾਰ ਕਿ ਦੇਸ਼ ਭਗਤ

## ਇੱਕ ਯਾਦ - ਆਮ ਅਸ਼ੁੱਧ ਜਿਹੀ ਬੋਲੀ ਵਿੱਚ ਹੀ ਪੜ੍ਹੋ

ਮੇਰੇ ਕੋਲ਼ ਦਫ਼ਤਰ ਦੇ ਕੋਰਟ ਕੇਸ- ਕਾਫ਼ੀ ਮਾਸਟਰਾਂ ਨੇ ਗ਼ਲਤ ਜਾਣਕਾਰੀ ਦੇ ਕੇ, ਗ਼ਲਤ ਤਨਖਾਹਾਂ ਫ਼ਿਕਸ ਕਰਾਈਆਂ ਹੋਈਆਂ--!! ਉਨ੍ਹਾਂ ਮਾਸਟਰਾਂ ਨੂੰ ਨੋਟਿਸ ਜਾਰੀ ਕਰਨੇ ਸੀ।

ਨੋਟਿਸ ਟਾਈਪ ਕਰਨ ਲਈ, ਅਫ਼ਸਰ ਨੇ, ਆਪੇ-ਬਣੀ ਦਫ਼ਤਰੀ-ਪ੍ਰਧਾਨ ਇੰਦਰਾ ਦੀ ਰਿਸ਼ਤੇਦਾਰ-ਕੁੜੀ ਦੀ ਡਿਊਟੀ, ਮੇਰੇ ਨਾਲ਼ ਲਾ ਦਿੱਤੀ।
ਅਖੌਤੀ 'ਝਾਂਸੀ ਦੀ ਰਾਣੀ', ਇੰਦਰਾ, ਆ ਚੜ੍ਹੀ ਮੇਰੇ 'ਤੇ ਬ੍ਰਿਗੇਡ ਲੈ ਕੇ। ਅਖੇ, ਤੂੰ ਜਾਣ-ਬੁਝ ਕੇ ਇਹਦੀ ਡਿਊਟੀ ਆਪਣੇ ਨਾਲ਼ ਲਵਾਈ ਆ। ਮੈਨੂੰ ਤੇਰੀ ਨੀਤ 'ਤੇ ਸ਼ੱਕ ਏ। ਤੂੰ ਕੁੜੀ-ਚਿੜੀ ਸਮਝ ਕੇ.....
ਅਖੇ, ''ਖਬਰਦਾਰ ਜੇ ਇਸ ਕੁੜੀ ਕੋਲ਼ੋਂ ਟਾਈਪ ਕਰਾਇਆ ਤਾਂ ... ਜਿਹੜੇ ਹੋਰ ਪੱਕੇ ਟਾਈਪਿਸਟ, ਨਮੇ ਕੰਪਿਊਟਰ ਉਪਰੇਟਰ, ਉਨ੍ਹਾਂ ਤੋਂ ਕਰਵਾਅ....ਨਾਲ਼ੇ ਅੱਗੇ ਲਈ ਹੋਰ ਸੁਣ ਲਾ। ਜੇ ਕਿਸੇ ਤੋਂ ਕੋਈ ਮਦਦ ਲੈਣੀ ਆ, ਅਫ਼ਸਰ ਤੋਂ ਆਰਡਰ ਕਰਾਣ ਦੀ ਮੁੜ ਭੁੱਲ ਨਾ ਕਰੀਂ। ਆਪਣੀ ਪੱਧਰ 'ਤੇ ਬੇਨਤੀ ਕਰਨੀ।''

ਹੁਣ ਇਸ ਮੂਰਖ ਜਨਾਨੀ ਨੂੰ ਕੋਈ ਕੀ ਸਮਝਾਏ! ਆਪਾਂ ਸੁਣ ਕੇ ਚੁੱਪ ਹੋ ਗਏ।
ਅਖੇ, ''ਅਫ਼ਸਰ, ਜਿਹਨੇ ਇਹਦੀ ਡਿਊਟੀ ਤੇਰੇ ਨਾਲ਼ ਲਾਈ ਏ, ਉਹਦੇ ਨਾਲ਼ ਮੈਂ ਆਪੇ ਸਿੱਝ ਲਊਂ।''

ਹੋਰ ਨਾਲ਼ ਦੀ ਕੋਈ ਨਾ ਬੋਲੀ। 'ਭੌਂਅ-ਭੌਂਅ' ਕਰਦੀ ਆਈ ਸੀ, 'ਫੂੰ-ਫਾਂ' ਕਰਦੀ ਚਲੀ ਗਈ।

ਹਾਲਾਂਕਿ ਉਹ ਕੁੜੀ ਟਾਈਪ ਕਰਨ ਨੂੰ ਵੀ ਤਿਆਰ! -ਇਹਨੇ ਉਹਦੇ ਹੱਥ ਬੰਨ੍ਹ ਦਿੱਤੇ।

ਚਲੋ, ਫੇਰ ਮੈਨੂੰ ਇਕ ਪੁਰਸ਼ ਟਾਈਪਿਸਟ ਨੂੰ ਅਰਜ਼ ਕਰਨੀ ਪਈ।

ਉਹਨੇ ਦਿਨੇ ਪੀਤੀ ਹੋਈ, ਹੱਥ ਕੰਬਣ। ਉਂਝ ਮੈਨੂੰ ਕਹਿਰੀਆਂ ਅੱਖਾਂ ਕਰ ਕੇ ਘੂਰੇ, ਜਿਵੇਂ ਕਹਿ ਰਿਹਾ ਹੋਵੇ- 'ਤੇਰੀ ਮੈਨੂੰ ਟਾਈਪ ਕਰਨ ਨੂੰ ਕੈਣ੍ਹ ਦੀ ਹਿੰਮਤ ਕਿੱਦਾਂ ਹੋਈ'।

ਮੈਂ ਆਪੇ ਹਊ-ਪਰੇ ਕਰ ਦਿੱਤਾ, ਕਿ ਇਹਨੂੰ 'ਸੱਪ' ਨੂੰ ਕਾਹਨੂੰ ਗਲ਼ ਪਾਣਾ; ਇਹ ਡਿਊਟੀ ਸਮੇਂ ਦੋ ਕੁਰਸੀਆਂ 'ਤੇ ਲੱਤਾਂ ਪਸਾਰ ਕੇ ਪਿਆ, ਘੁਰਾੜੇ ਮਾਰਦਾ ਰਹਿੰਦਾ। ਘਰ ਦੇ ਸਵੇਰੇ-ਸਾਝਰੇ, ਇਹਨੂੰ, ਘਰੋਂ ਦਫ਼ਾ ਕਰ ਦਿੰਦੇ। ਸਵੇਰੇ-ਸਵੇਰੇ ਸ਼ਰਾਬ ਦੇ ਠੇਕੇ 'ਤੇ ਜਾ, ਉਹਦੇ ਕਰਿੰਦੇ ਨੂੰ ਆਪ ਉਠਾਉਂਦਾ। ਫੇਰ ਦਫ਼ਤਰ ਦੇ ਚੌਕੀਦਾਰ ਤੋਂ ਆ ਕੇ ਗੇਟ ਖੁਲ੍ਹਵਾਉਂਦਾ। ਕਈ ਵਾਰ ਸ਼ਰਾਬੀ ਹੋਇਆ, ਗੇਟ ਮੋਰ੍ਹੇ ਡਿੱਗਿਆ ਹੁੰਦਾ।
ਕੁੱਤੇ ਇਹਦਾ ਮੂੰਹ ਚੱਟ ਕੇ ਸਾਫ਼ ਕਰ ਰਹੇ ਹੁੰਦੇ। ਚੌਕੀਦਾਰ ਵਿਚਾਰਾ ਧੂਅ ਕੇ ਅੰਦਰ ਕਰਦਾ। ਨੀਂਦ ਇਹਦੀ ਦਫ਼ਤਰ ਆ ਕੇ ਪੂਰੀ ਹੁੰਦੀ।

ਇਕ ਹੋਰ ਸਿਆਣੀ ਬੀਬੀ, ਟਾਈਪਿਸਟ। ਉਹ ਬਾਹਰ, ਬਰਾਂਡੇ ਦੇ ਬੂਹੇ 'ਚ ਲੱਤਾਂ ਅੜਾਈ, ਸਿਆਲ੍ਹ-ਧੁੱਪ ਦਾ ਨਿੱਘ ਮਾਣੇ। ਉਹਨੂੰ ਮਿੰਨਤ-ਤਰਲੇ ਨਾਲ ਬੇਨਤੀ ਕੀਤੀ। ਮੇਰੀ ਬੇਨਤੀ ਦਾ ਜਵਾਬ ਉਹਨੇ ਇਸ ਤਰ੍ਹਾਂ ਦਿੱਤਾ- ''ਨਾ ਜੀ ਨਾ, ਮੈਂ ਨਈਂ ਕਰ ਸਕਦੀ ਟਾਈਪ। ਮੇਰਾ ਤਾਂ ਸਿਰ ਬਹੁਤ ਭਾਰੀ-ਭਾਰੀ, ਚੱਕਰ ਆਂਦੇ ਪਏ। ਮੇਰੀ ਉਂਝ ਵੀ ਰਟੈਰਮੈਂਟ ਨੇੜੇ ਵੇ। ਤੁਸੀਂ ਜਾਨ-ਬੁੱਝ ਕੇ ਮੈਨੂੰ ਕਿਉਂ ਪਰੇਸ਼ਾਨ ਕਰਦੇ ਜੇ? ਆਹ ਹੋਰ ਐਨੇ ਨਮੇ ....ਇਨ੍ਹਾਂ ਨੂੰ ਚਾਲੂ ਕਰੋ। ਮੈਂ ਈ ਥੋੜ੍ਹੋ ਹੁਣ ਕੰਮ ਕਰੀ ਜਾਣਾ।''

ਕੌਣ ਕਹੇ ਉਹਨੂੰ ਕਿ 'ਬੀਬੀ, ਫੇ' ਤੂੰ ਛੁੱਟੀ ਲੇ ਕੇ ਘਰ ਬਹਿ'।
ਜੇ ਕਿਤੇ ਮੇਰੇ ਵਰਗੇ ਦੇ ਮੂੰਹੋਂ ਭੁੱਲ-ਭੁਲੇਖੇ ਨਿੱਕਲ਼ ਗਿਆ, ਇਹ ਤਾਂ ਥੁਆਨੂੰ ਪੜ੍ਹਨੇ ਪਾ ਦਊ।
ਕਹੂਗੀ- 'ਤੁਸੀਂ ਕੌਣ ਜੇ, ਮੈਨੂੰ ਘਰ ਬਠਾਣੇ ਵਾਲੇ'।

ਮੈਂ ਸੋਚਿਆ, ਚਲੋ ਇਕ ਨਵੇਂ ਨੂੰ ਟੋਹ ਕੇ ਦੇਖ ਲੈਨਾਂ। ਉਹ ਆਪਣੇ ਮੋਬਾਈਲ 'ਤੇ ਪਤਾ ਨਈਂ ਕੀ ਕੱਢ ਕੇ ਦੇਖਦਾ- ਆਪੇ ਹੱਸੀ ਜਾ ਰਿਹਾ।

ਅਜੇ ਮੈਂ ਉਹਨੂੰ 'ਬੱਚਾ-ਬੇਟਾ' ਕਹਿ ਕੇ ਪਤਿਆ ਹੀ ਰਿਹਾ ਸੀ, ਉਹ ਤਾਂ ਮੇਰੀ ਅੱਧੀ ਕੁ ਗੱਲ ਸੁਣ ਕੇ ਜਾਣੀ ਰੋਣ ਹੀ ਬਹਿ ਗਿਆ। ਅਖੇ, 'ਤੁਸੀਂ ਮੈਨੂੰ ਨਮਾ ਸਮਝ ਕੇ....'

ਮੈਖਿਆ, ''ਕਾਕਾ, ਤੁਸੀਂ ਸਗੋਂ ਕੰਮ ਕਰਨਾ ਸਿੱਖੋ, ਨਮਾ ਖ਼ੂਨ ਏ। ਨਾਲ਼ੇ ਮੁਖ਼ਤ ਦੇ ਪੈਸੇ ਪਚਦੇ ਨ੍ਹੀਂ ਹੁੰਦੇ।''

ਬਣਾਅ-ਸੁਆਰ ਕੇ ਕਹਿੰਦਾ ਕਿ, 'ਪੈਸੇ ਤੁਸੀਂ ਮੈਨੂੰ ਆਪਣੀ ਜੇਬ 'ਚੋਂ ਦਿੰਨੇ ਆਂ?'
ਅਖੇ, 'ਸਾਨੂੰ ਨ੍ਹੀਂ ਸਿੱਖਣ ਦੀ ਲੋੜ। ਜਦ ਲੋੜ ਹੋਈ ਸਿੱਖ ਲਾਂ'ਗੇ'। ਕਹਿ ਕੇ ਖਿਸਕਦਾ ਬਣਿਆ।

ਫਿਰ ਮੈਨੂੰ ਦੋ ਬੀਬੀਆਂ-ਰਾਣੀਆਂ ਮੈਡਮਾਂ ਤੁਰੀਆਂ ਆਉਂਦੀਆਂ ਨਜ਼ਰ ਆਈਆਂ, ਜਿਨ੍ਹਾਂ ਨੂੰ ਮੈਂ ਚਿਰਾਂ ਤੋਂ ਲੱਭਣ ਡਿਹਾ ਸੀ।
ਇਹ ਵੀ ਵਧੀਆ ਟਾਈਪ ਕਰ ਲੈਂਦੀਆਂ।
ਇਹ ਰੋਜ਼ ਹੀ 2-3 ਘੰਟੇ ਦਫ਼ਤਰੋਂ ਗਾਇਬ ਰਹਿੰਦੀਆਂ। ਇੱਥੇ ਕੋਲ਼ ਹੀ ਮੰਦਰ ਏ। ਉੱਥੇ ਅਵਾਰਾ ਗਊਆਂ, ਵੱਛੇ, ਸਾਨ੍ਹ ਆਮ ਹੀ ਘੁੰਮਦੇ -ਉਨ੍ਹਾਂ ਨੂੰ ਚੂਰੀ ਖਲਾਉਣ ਜਾਂਦੀਆਂ। ਨਾਲ਼ੇ ਮੰਦਰ ਮੱਥਾ ਟੇਕ ਆਉਂਦੀਆਂ ਤੇ ਆਉਂਦੀਆਂ ਹੋਈਆਂ ਉੱਥੋਂ ਫੁੱਲੀਆਂ ਲਿਆ ਕੇ, ਸਟਾਫ਼ ਨੂੰ ਵੰਡ ਦਿੰਦੀਆਂ। ਜੋ ਉਨ੍ਹਾਂ ਖਿਲਾਫ਼ ਕੋਈ ਕੁੜ-ਕੁੜ ਕਰਦਾ

ਜੋਗੇ ਭੰਗਲ



ਹੁੰਦਾ, ਫੁੱਲੀਆਂ ਲੈ ਕੇ ਖੰਭ ਖਲਾਰਦਾ ਉਹਨਾਂ ਅੱਗੇ ਸਿਰ ਨਿਵਾਅ ਦਿੰਦਾ। ਪ੍ਰਸ਼ਾਦ ਲੈ ਕੇ ਮੇਰਾ ਸਿਰ ਵੀ...।.... ਆਪਣੀ ਟਾਈਪ ਵਾਲ਼ੀ ਗੱਲ ਕਹਿਣ ਲਈ ਮੈਂ ਅਜੇ ਜੇ-ਜਕਾਂ 'ਚ ਹੀ ਸੀ ਕਿ ਉਨ੍ਹਾਂ ਦੀ 'ਸ਼ਰਧਾ' 'ਚ ਵਿਘਨ ਪਾਵਾਂ ਕਿ ਨਾ ..... ਮੇਰੇ ਸੋਚਦਿਆਂ-ਸੋਚਦਿਆਂ ਹੀ ਉਨ੍ਹਾਂ ਦੇ ਜਿਵੇਂ ਸਿੰਗ ਨਿੱਕਲ਼ ਆਏ। ਉਹ ਮੈਨੂੰ ਮਾਰਨ ਲਈ ਦੌੜ ਰਹੀਆਂ। ਮੈਂ ਮੋਰ੍ਹੇ-ਮੋਰ੍ਹੇ.... ਮੈਂ, ਸੋਚਦੇ-ਸੋਚਦੇ ਨੇ, ਉਹਨਾਂ ਨੂੰ ਕਹਿਣ ਤੋਂ ਪਹਿਲਾਂ ਹੀ ਆਪਣਾ ਸਟੱਪ ਲਾ ਲਿਆ।

ਫੇਰ ਇਕ ਕੋਈ ਡਿਪਟੀ ਸੀਈਓ, ਜੁਝਾਰ ਸਿੰਘ, ਦਫ਼ਤਰ 'ਚ ਨਵਾਂ ਆ ਗਿਆ। ਇਹਤੋਂ ਬੜਾ ਅਫ਼ਸਰ ਸੀਈਓ ਤਾਂ ਦਫ਼ਤਰ ਕਦੀ-ਕਦਾਈਂ ਹੀ ਗੇੜਾ ਮਾਰਦਾ। ਉਹ ਰਟੈਰਮੈਂਟ ਦੇ ਨੇੜੇ ਕਰਕੇ ਘੱਟ ਹੀ .... ਮੈਨੂੰ ਆਪਣੇ ਅਧੂਰੇ ਪਏ ਕੰਮ ਦਾ ਫਿਕਰ। ਸੋਚਦਿਆਂ-ਸੋਚਦਿਆਂ, ਮੇਰੇ ਮਨ 'ਚ ਖਿਆਲ ਆਇਆ, 'ਕਿਉਂ ਨਾ ਆਹ ਨਮੇ ਆਏ ਡਿਪਟੀ ਨੂੰ ਕਹਿ ਕੇ '.....ਮਨੋ-ਮਨੀ ਡਰਾਂ ਵੀ ਕਿ ਇਹ ਡਿਪਟੀ ਨਮਾ-ਨਮਾ ਆਇਆ, ਕਿਤੇ ਦਫ਼ਤਰ ਦੇ 'ਸੱਪ' ਹੋਰ ਈ ਜਹਿਰ ਨਾ ਉੱਗਲ਼ ਦੇਣ। ਫਿਰ ਕੀ ਸੀ, ਮੈਂਖਿਆ 'ਚਲੋ, ਦੇਖੀ ਜਾਊ, ਹੁਣ ਜੋ ਹਊ'।
ਮੈਂ ਵੀ ਰੱਬ ਆਸਰੇ ਛੱਡ, ਹੱਥ 'ਤੇ ਹੱਥ ਧਰ ਕੇ ਬਹਿਣਾ ਚਾਹਿਆ ਪਰ ਬੈਠ ਨਾ ਹੋਵੇ।
.....ਜਾਂ ਕਹਾਂ ਕਿ ਆਪਣੇ ਪੱਲਿਉਂ ਪੈਸੇ ਖਰਚ ਕੇ ਬਾਰ੍ਹੋਂ ਟਾਈਪ ਕਰਵਾਅ ਲਮਾਂ।

ਮੇਰੇ ਤਾਂ ਯਾਦ ਨਾ ਚਿੱਤ। ਬੈਠਾ ਸੋਚੀ ਚੱਲਾਂ ਕਿ ਹੁਣ ਕਰੀਏ ਤਾਂ ਕਰੀਏ ਕੀ। ਕੰਮ ਕਰਨਾ ਵੀ ਜਰੂਰੀ ਏ, ਨਈਂ ਤਾਂ ਕੋਰਟ, ਸਕੱਤਰ ਨੇ ਤਾਂ ਬਖਸ਼ਣਾ ਨਈਂ। ਹੋਰ ਕਿਹੜੇ ਰਾਜੇ ਕੋਲ਼ ਜਾਈਏ ਫ਼ਰਿਆਦ ਲੈ ਕੇ। ਰਾਜੇ ਮਿੱਟੀ ਦੇ ਮਾਧੋ ਬਣੇ ਆਪਣਾ ਵਕਤ ਲੰਘਾਅ ਰਹੇ।

ਉਦੋਂ ਕੁ ਹੀ ਕਿਸੇ ਨੇ ਮੈਨੂੰ ਹੋਰ ਪਰੇਸ਼ਾਨ ਕਰਨ ਲਈ ਨਵੀਂ ਸ਼ਰਾਰਤ ਕਰ ਦਿੱਤੀ।
ਮੈਂ ਸਵੇਰੇ-ਸਵੇਰੇ ਆਪਣੇ ਕਮਰੇ 'ਚ ਜਾ ਕੇ, ਅਜੇ ਆਪਣਾ ਟੇਬਲ-ਕੁਰਸੀ ਸਾਫ਼ ਕਰਨ ਲਈ, ਦਰਾਜ 'ਚੋਂ ਕੱਪੜੇ ਦਾ ਟੁਕੜਾ ਕੱਢਣ ਹੀ ਲੱਗਾ ਸੀ ਕਿ ਮੇਰੀ ਨਿਗਾਹ ਸ਼ੀਸ਼ੇ ਥੱਲੇ ਰੱਖੇ ਪੇਪਰ 'ਤੇ ਪਈ।

**'ਗੱਦਾਰ ਸਾਬ੍ਹ ! ਤਹਾਡਾ ਦਫ਼ਤਰ 'ਚ ਆਉਣ 'ਤੇ ਸਵਾਗਤ ਹੈ।'**

ਇਕ ਇਨ੍ਹਾਂ ਸਾਜ਼ਿਸ਼ਾਂ ਕਰਕੇ, ਦੂਜਾ ਆਪਣੇ ਅਧੂਰੇ ਪਏ ਕੰਮ ਦੀ ਟੈਂਸ਼ਨ ਮਾਰਾ, ਮੈਂ ਸੋਚਾਂ 'ਚ ਪਿਆ ਹੋਇਆ। ਪਤਾ ਹੀ ਨਾ ਲੱਗਾ- ਕਦੋਂ ਕਰਿਸ਼ਮਾ ਹੋ ਗਿਆ!

"ਲਿਆਉ ਅੰਕਲ ਜੀ! ਕੀ ਆ? .... ਤੁਸੀਂ ਵੀ ਕੀ ਯਾਦ ਕਰੂੰਗੇ। ਆਪਾਂ ਹੁਣ ਵੇਲ੍ਹੀਆਂ ਨਈਂ ਖਾਣੀਆਂ। ਜਦ ਤੱਕ ਥੁਆਡਾ ਕੰਮ ਨਈਂ ਹੁੰਦਾ, ਮੈਂ ਨਾ ਉੱਠੂੰ।"

ਨਵੇਂ ਆਏ ਮੁੰਡੇ ਨਵਰਾਜ ਨੇ ਤਾਂ ਜਿਵੇਂ ਕੋਈ ਅਣਹੋਣੀ, ਨਵੀਂ ਗੱਲ ਕਰ ਦਿੱਤੀ।
"ਕਾਕਾ! ਤੂੰ ਕਿਤੇ ਮੈਨੂੰ ਮਖੌਲ ਤਾਂ ਨਈਂ ....!" ਮੈਨੂੰ ਤਾਂ ਜਾਣੀ ਵਿਸ਼ਵਾਸ ਨਾ ਆਏ।
"ਅੰਕਲ ਜੀ ! ਆਪਣਾ ਟਾਈਪ ਕਰਨ ਵਾਲ਼ਾ ਮਟੀਰੀਅਲ ਕੱਢੋ। ਬਾਕੀ ਸਪਸ਼ਟੀਕਰਨ ਫੇ' ਕਿਤੇ...।"
ਖ਼ੈਰ, ਮੈਂ ਉਹਨੂੰ ਥਾਪੀ ਦੇ ਕੇ ਕੰਮ ਸ਼ੁਰੂ ਕਰ ਦਿੱਤਾ.....ਮੁੰਡੇ ਨੇ ਸੱਚੀਂ ਮੇਰੇ ਕੰਮ ਦੀ ਚੁਕ ਲਉ, ਚੁੱਕ ਲਉ ਕਰ ਦਿੱਤੀ।
ਮਜਾਲ ਕੇ ਉਹਨੇ ਕੰਮ ਮੁੱਕਣ ਤੱਕ ਹਿੱਲਣ ਦਾ ਵੀ ਨਾਂ ਲਿਆ ਹੋਏ। ਕਈਆਂ ਨੇ ਉਹਨੂੰ ਸਨੇਹੇ ਭੇਜੇ। ਆ ਕੇ ਮੇਰੇ ਖਲਾਫ਼ ਉਹਦੇ ਕੰਨ 'ਚ ਘੁਸਰ-ਮੁਸਰ ਕੀਤੀ। ਉਹਨੇ ਨਾ ਮੰਨੀ। ਉਹ 'ਨਾਂਹ-ਨਾਂਹ' 'ਚ ਸਿਰ ਹਿਲਾਉਂਦਾ ਡਟਿਆ ਰਿਹਾ। ਤਰ੍ਹਾਂ-ਤਰ੍ਹਾਂ ਦੇ ਤਾਨ੍ਹੇ ਵੀ ਕੱਸੇ।
ਉਨ੍ਹਾਂ ਦਾ ਮਤਲਬ ਸੀ ਕਿ ਕੰਮ ਕਿਸੇ ਤਰ੍ਹਾਂ ਵੀ ਸਿਰੇ ਨਾ ਚੜ੍ਹੇ ਤੇ ਮੇਰੇ 'ਤੇ ਕੋਈ ਐਕਸ਼ਨ ਹੋ ਜਾਏ।
ਜਿਸ ਤੋਂ ਜਿੰਨੀ ਵਾਹ ਲੱਗੀ, ਮੇਰੇ ਖਲਾਫ਼ ਨਵਰਾਜ ਦੇ ਕੰਨ ਭਰੇ। ਉਹਨੂੰ ਡਰਾਉਣ ਤੱਕ ਗਏ ਪਰ ਉਹ ਨਾ ਮੰਨਿਆ, ਅੜਿਆ ਰਿਹਾ।

ਹੋਰ ਕਿਸੇ ਕੋਲ਼ੋਂ ਗੱਲ ਨਾ ਬਣਦੀ ਦੇਖ ਕੇ, ਆਖ਼ਰ ਆਪੇ ਲੀਡਰ ਬਣੀ ਇੰਦਰਾ ਆਪਣੀ ਬ੍ਰਿਗੇਡ ਸਮੇਤ ਖ਼ੁਦ ਆ ਧਮਕੀ।
"ਉਏ ! ਤੂੰ ਹੋਰ ਜੰਮ ਪਿਆ ਨਮਾ ਗੱਦਾਰ!" ਉਹਨੇ ਮੁੰਡੇ ਨਵਰਾਜ ਨੂੰ ਖਿਝ ਕੇ ਦਬਕਾ ਮਾਰਿਆ, ਜਿਵੇਂ ਉਹ ਕੋਈ ਅੰਗਰੇਜਾਂ ਦਾ ਪਿੱਠੂ ਹੋਵੇ।

ਨਵਰਾਜ ਨੇ ਵੀ ਜਿਵੇਂ ਪਹਿਲਾਂ ਹੀ ਜਵਾਬ ਘੜ ਕੇ ਰੱਖਿਆ ਹੋਇਆ। ਉਸੇ ਅੰਦਾਜ਼ 'ਚ ਜਵਾਬ ਦਿੱਤਾ, "ਹਾਂ, ਜੰਮ ਪਿਆ, ਕਰੋ ਕੀ ਕਰਨਾ? .... ਮੈਨੂੰ ਨਈਂ ਚਾਈਦੀ ਤੁਹਾਡੇ ਜਿਹੀ ਦੇਸ਼-ਭਗਤੀ!"


ਮੁੰਡੇ ਨੇ ਇਹ ਕਹਿ ਕੇ 'ਝਾਂਸੀ ਦੀ ਰਾਣੀ' ਦੀ ਸਲਤਨਤ ਹੀ ਜਿਵੇਂ ਢਹਿ-ਢੇਰੀ ਕਰ ਦਿੱਤੀ ਤੇ ਉਹ ਆਪਣੀ ਬ੍ਰਿਗੇਡ ਲੈ ਕੇ ਢਹਿੰਦਿਆਂ ਵਾਂਗ ਚੱਲਦੀ ਬਣੀ।

9194659-52938
bhangalys@gmail.com

# ਪਿਆਰ ਵਿੱਚ ਪਾਸਵਰਡ ਦੀ ਮੰਗ: ਭਰੋਸੇ ਦੀ ਨਿਸ਼ਾਨੀ ਜਾਂ ਨਿੱਜੀ ਹੱਦਾਂ ਦੀ ਉਲੰਘਣਾ?

ਰੁਪਿੰਦਰ ਸਿੰਘ ਢੀਂਡਸਾ, ਬਠਿੰਡਾ





Lucas Grigos Cybersecurity

**ਅੱਜ** ਦੇ ਡਿਜ਼ੀਟਲ ਯੁੱਗ ਵਿੱਚ ਪਿਆਰ ਸਿਰਫ਼ ਮਿਲਣ-ਜੁਲਣ ਤੱਕ ਸੀਮਿਤ ਨਹੀਂ ਰਹਿ ਗਿਆ। ਵਟਸਐਪ, ਇੰਸਟਾਗ੍ਰਾਮ ਅਤੇ ਫ਼ੇਸਬੁੱਕ ਵਰਗੇ ਪਲੈਟਫ਼ਾਰਮ ਰਿਸ਼ਤਿਆਂ ਦਾ ਹਿੱਸਾ ਬਣ ਚੁੱਕੇ ਹਨ। ਇਨ੍ਹਾਂ ਦੇ ਨਾਲ ਹੀ ਇੱਕ ਨਵਾਂ ਸਵਾਲ ਜਨਮ ਲੈ ਚੁੱਕਾ ਹੈ—ਕੀ ਪਿਆਰ ਵਿੱਚ ਇੱਕ ਦੂਜੇ ਤੋਂ ਸੋਸ਼ਲ ਮੀਡੀਆ ਦਾ ਪਾਸਵਰਡ ਮੰਗਣਾ ਸਹੀ ਹੈ ਜਾਂ ਗਲਤ? ਕੁਝ ਲੋਕ ਇਸਨੂੰ ਭਰੋਸੇ ਦੀ ਪਰਖ ਮੰਨਦੇ ਹਨ, ਜਦਕਿ ਹੋਰ ਇਸਨੂੰ ਨਿੱਜੀ ਆਜ਼ਾਦੀ ਵਿੱਚ ਦਖ਼ਲ ਸਮਝਦੇ ਹਨ। ਇਸ ਮੁੱਦੇ ਨੂੰ ਸਿਰਫ਼ ਭਾਵਨਾਵਾਂ ਨਾਲ ਨਹੀਂ, ਸਗੋਂ ਸਮਾਜਕ ਅਤੇ ਮਨੋਵਿਗਿਆਨਕ ਸੰਦਰਭ ਵਿੱਚ ਸਮਝਣਾ ਲਾਜ਼ਮੀ ਹੈ।

ਪਾਸਵਰਡ ਮੰਗਣ ਦੇ ਹੱਕ ਵਿੱਚ ਦਲੀਲ ਦੇਣ ਵਾਲੇ ਕਹਿੰਦੇ ਹਨ ਕਿ ਜੇ ਰਿਸ਼ਤੇ ਵਿੱਚ ਕੁਝ ਛੁਪਾਉਣ ਵਾਲਾ ਨਹੀਂ, ਤਾਂ ਡਰ ਕਿਸ ਗੱਲ ਦਾ? ਉਨ੍ਹਾਂ ਲਈ ਪਾਸਵਰਡ ਸਾਂਝਾ ਕਰਨਾ ਪਾਰਦਰਸ਼ਤਾ ਅਤੇ ਨਿਭਾਅ ਦੀ ਨਿਸ਼ਾਨੀ ਹੈ। ਕਈ ਜੋੜੇ ਇਹ ਵੀ ਮੰਨਦੇ ਹਨ ਕਿ ਪਾਸਵਰਡ ਜਾਣਨ ਨਾਲ ਈਰਖਾ ਘਟਦੀ ਹੈ ਅਤੇ ਗ਼ਲਤਫ਼ਹਿਮੀਆਂ ਤੋਂ ਬਚਾਅ ਹੁੰਦਾ ਹੈ। ਅੱਜ ਦੇ ਸਮੇਂ ਵਿੱਚ, ਜਦੋਂ ਔਨਲਾਈਨ ਧੋਖੇ ਅਤੇ ਗੁਪਤ ਗੱਲਬਾਤਾਂ ਦੀਆਂ ਕਹਾਣੀਆਂ ਆਮ ਹਨ, ਇਹ ਸੋਚ ਆਮ ਮਨੁੱਖ ਨੂੰ ਸਹੀ ਵੀ ਲੱਗ ਸਕਦੀ ਹੈ।

ਪਰ ਦੂਜੇ ਪਾਸੇ ਇੱਕ ਗੰਭੀਰ ਸਵਾਲ ਖੜ੍ਹਾ ਹੁੰਦਾ ਹੈ—ਕੀ ਭਰੋਸਾ ਮੰਗਣ ਨਾਲ ਬਣਦਾ ਹੈ ਜਾਂ ਦੇਣ ਨਾਲ? ਮਨੋਵਿਗਿਆਨਕ ਤੌਰ 'ਤੇ ਵੇਖਿਆ ਜਾਵੇ, ਤਾਂ ਪਾਸਵਰਡ ਮੰਗਣਾ ਅਕਸਰ ਅਸੁਰੱਖਿਆ ਅਤੇ ਡਰ ਤੋਂ ਜਨਮ ਲੈਂਦਾ ਹੈ। ਜਦੋਂ ਇੱਕ ਵਿਅਕਤੀ ਦੂਜੇ ਦੇ ਹਰ ਮੈਸੇਜ, ਲਾਈਕ ਅਤੇ ਫ਼ਾਲੋਅਰ 'ਤੇ ਨਿਗਾਹ ਰੱਖਣ ਲੱਗ ਪੈਂਦਾ ਹੈ, ਤਾਂ ਰਿਸ਼ਤਾ ਸਾਂਝ ਤੋਂ ਹਟ ਕੇ ਨਿਯੰਤਰਣ, ਕੰਟ੍ਰੋਲ ਵੱਲ ਵਧ ਜਾਂਦਾ ਹੈ। ਇਹ ਨਿਗਰਾਨੀ ਪਿਆਰ ਨੂੰ ਹੌਲੀ-ਹੌਲੀ ਘੁੱਟਣ ਲੱਗ ਪੈਂਦੀ ਹੈ।

ਸਮਾਜਕ ਪੱਖੋਂ ਵੀ ਇਹ ਮੁੱਦਾ ਅਹਿਮ ਹੈ। ਪੰਜਾਬੀ ਸਮਾਜ ਵਿੱਚ ਅਜੇ ਵੀ ਰਿਸ਼ਤਿਆਂ ਵਿੱਚ ਅਧਿਕਾਰ ਦੀ ਸੋਚ ਕਈ ਵਾਰ ਹਾਵੀ ਰਹਿੰਦੀ ਹੈ। ਕੁਝ ਮੁੰਡੇ ਇਹ ਸਮਝ ਲੈਂਦੇ ਹਨ ਕਿ ਪਿਆਰ ਕਰਨ ਨਾਲ ਕੁੜੀ ਦੀ ਨਿੱਜੀ ਜ਼ਿੰਦਗੀ 'ਤੇ ਹੱਕ ਮਿਲ ਜਾਂਦਾ ਹੈ, ਜਦਕਿ ਕਈ ਕੁੜੀਆਂ ਵੀ ਪਿਆਰ ਦੇ ਨਾਂ 'ਤੇ ਆਪਣੀ ਆਜ਼ਾਦੀ ਛੱਡ ਦਿੰਦੀਆਂ ਹਨ। ਇਹ ਰੁਝਾਨ ਖ਼ਤਰਨਾਕ ਹੈ, ਕਿਉਂਕਿ ਇਹ ਅਸਮਾਨਤਾ ਅਤੇ ਮਨੋਵਿਗਿਆਨਕ ਦਬਾਅ ਨੂੰ ਜਨਮ ਦਿੰਦਾ ਹੈ।

ਕਨੂੰਨੀ ਅਤੇ ਡਿਜੀਟਲ ਸੁਰੱਖਿਆ ਦੇ ਨਜ਼ਰੀਏ ਤੋਂ ਵੀ ਪਾਸਵਰਡ ਸਾਂਝਾ ਕਰਨਾ ਸਹੀ ਨਹੀਂ ਮੰਨਿਆ ਜਾਂਦਾ। ਸੋਸ਼ਲ ਮੀਡੀਏ ਦਾ ਖਾਤਾ ਵਿਅਕਤੀ ਦੀ ਨਿੱਜੀ ਪਹਿਚਾਣ ਹੁੰਦਾ ਹੈ। ਉਸ ਵਿੱਚ ਨਿੱਜੀ ਗੱਲਬਾਤ, ਤਸਵੀਰਾਂ ਅਤੇ ਸੰਪਰਕ ਹੁੰਦੇ ਹਨ। ਜੇ ਰਿਸ਼ਤਾ ਟੁੱਟ ਜਾਂਦਾ ਹੈ, ਤਾਂ ਇਹੀ ਪਾਸਵਰਡ- ਬਦਲੇ, ਬਲੈਕਮੇਲ ਜਾਂ ਬਦਨਾਮੀ ਦਾ ਹਥਿਆਰ ਬਣ ਸਕਦਾ ਹੈ। ਅਜਿਹੀਆਂ ਕਈ ਘਟਨਾਵਾਂ ਸਮਾਜ ਵਿੱਚ ਪਹਿਲਾਂ ਹੀ ਵਾਪਰ ਚੁੱਕੀਆਂ ਹਨ।

ਇਹ ਵੀ ਸਮਝਣਾ ਜ਼ਰੂਰੀ ਹੈ ਕਿ ਪਿਆਰ ਦਾ ਮਤਲਬ ਇੱਕ-ਦੂਜੇ ਵਿੱਚ ਘੁਲ ਜਾਣਾ ਨਹੀਂ, ਸਗੋਂ ਇੱਕ-ਦੂਜੇ ਦੀਆਂ ਹੱਦਾਂ ਦਾ ਆਦਰ ਕਰਨਾ ਹੈ। ਹਰ ਵਿਅਕਤੀ ਦੀ ਆਪਣੀ ਨਿੱਜੀ ਜਗ੍ਹਾ ਹੁੰਦੀ ਹੈ, ਚਾਹੇ ਉਹ ਔਨਲਾਈਨ ਹੋਵੇ ਜਾਂ ਅਸਲ ਜ਼ਿੰਦਗੀ ਵਿੱਚ। ਜੇ ਰਿਸ਼ਤਾ ਸੱਚੇ ਭਰੋਸੇ 'ਤੇ ਟਿਕਿਆ ਹੋਵੇ, ਤਾਂ ਪਾਸਵਰਡ ਦੀ ਲੋੜ ਆਪੇ ਹੀ ਖਤਮ ਹੋ ਜਾਂਦੀ ਹੈ।

ਨੌਜਵਾਨਾਂ ਲਈ ਇਹ ਗੱਲ ਖ਼ਾਸ ਤੌਰ 'ਤੇ ਮਹੱਤਵਪੂਰਨ ਹੈ। ਪਿਆਰ ਦੇ ਸ਼ੁਰੂਆਤੀ ਦੌਰ ਵਿੱਚ ਭਾਵਨਾਵਾਂ ਤੇਜ਼ ਹੁੰਦੀਆਂ ਹਨ ਅਤੇ ਕਈ ਵਾਰ ਹੱਦਾਂ ਦਾ ਅਹਿਸਾਸ ਨਹੀਂ ਰਹਿੰਦਾ। ਪਰ ਸਮੇਂ ਦੇ ਨਾਲ ਇਹੀ ਛੋਟੀਆਂ ਗੱਲਾਂ ਵੱਡੇ ਝਗੜਿਆਂ ਦਾ ਕਾਰਨ ਬਣ ਜਾਂਦੀਆਂ ਹਨ। ਇਸ ਲਈ ਲੋੜ ਹੈ ਕਿ ਨੌਜਵਾਨ ਪਿਆਰ ਨੂੰ ਮਲਕੀਅਤ ਨਹੀਂ, ਸਾਂਝ ਵਜੋਂ ਸਮਝਣ।

ਅੰਤ ਵਿੱਚ ਇਹ ਕਹਿਣਾ ਗ਼ਲਤ ਨਹੀਂ ਹੋਵੇਗਾ ਕਿ ਪਿਆਰ ਵਿੱਚ ਪਾਸਵਰਡ ਮੰਗਣਾ ਨਾ ਪੂਰੀ ਤਰ੍ਹਾਂ ਸਹੀ ਹੈ, ਨਾ ਹੀ ਹਰ ਹਾਲਤ ਵਿੱਚ ਗਲਤ। ਅਸਲ ਮਾਪਦੰਡ ਨੀਅਤ ਅਤੇ ਸੰਤੁਲਨ ਹੈ। ਜੇ ਦੋਵੇਂ ਪੱਖ ਪੂਰੀ ਸਹਿਮਤੀ, ਆਦਰ ਅਤੇ ਸਮਝ ਨਾਲ ਕੁਝ ਸਾਂਝਾ ਕਰਦੇ ਹਨ, ਤਾਂ ਉਹ ਉਨ੍ਹਾਂ ਦੀ ਨਿੱਜੀ ਚੋਣ ਹੈ। ਪਰ ਜਿੱਥੇ ਦਬਾਅ, ਸ਼ੱਕ ਅਤੇ ਨਿਯੰਤਰਣ ਸ਼ੁਰੂ ਹੋ ਜਾਂਦਾ ਹੈ, ਓਥੇ ਪਿਆਰ ਆਪਣੀ ਰਾਹ ਭੁੱਲ ਜਾਂਦਾ ਹੈ। ਸਿਹਤਮੰਦ ਰਿਸ਼ਤਾ ਉਹ ਹੈ ਜਿੱਥੇ ਭਰੋਸਾ ਪਾਸਵਰਡ ਨਾਲ ਨਹੀਂ, ਵਰਤਾਰੇ ਨਾਲ ਬਣਦਾ ਹੈ।

62839-26296
ਸੋਸ਼ਲ ਵਰਕ ਵਿਦਿਆਰਥੀ
ਪੰਜਾਬੀ ਯੂਨੀਵਰਸਿਟੀ ਪਟਿਆਲਾ

# ਆਰਗੈਨਿਕ ਫੂਡ ਦੇ ਨਾਮ ‘ਤੇ ਚੱਲਦਾ ਅਰਬਾਂ ਖ਼ਰਬਾਂ ਦਾ ਗੋਰਖ ਧੰਦਾ

ਬਲਰਾਜ ਸਿੰਘ ਸਿੱਧੂ ਏ.ਆਈ.ਜੀ (ਰਿਟਾ.)



/agriculturepost.com

ਭਾਰਤ ਵਿੱਚ ਇਸ ਸਮੇਂ ਆਰਗੈਨਿਕ ਫੂਡ ਦੇ ਨਾਮ ‘ਤੇ ਲੋਕਾਂ ਨੂੰ ਰੱਜ ਕੇ ਬੇਵਕੂਫ਼ ਬਣਾਇਆ ਜਾ ਰਿਹਾ ਹੈ। ਕਈ ਚਲਾਕ ਕਿਸਮ ਦੇ ਲੋਕ ਇਸ ਫ਼ਰਾਡ ਤੋਂ ਕਰੋੜਾਂ ਰੁਪਏ ਦੀ ਕਮਾਈ ਕਰ ਰਹੇ ਹਨ ਕਿਉਂਕਿ ਆਰਗੈਨਿਕ ਸ਼ਬਦ ਸੁਣਦੇ ਸਾਰ ਅਮੀਰ ਲੋਕ ਕੋਈ ਵੀ ਕੀਮਤ ਦੇਣ ਨੂੰ ਤਿਆਰ ਹੋ ਜਾਂਦੇ ਹਨ। ਪੇਂਡੂ ਬੰਦਾ ਤਾਂ ਸ਼ਾਇਦ ਇਹ ਪਹਿਚਾਣ ਕਰ ਲਵੇ ਕਿ ਇਹ ਅਨਾਜ (ਕਣਕ, ਚਾਵਲ, ਮੱਕੀ ਆਦਿ) ਜਾਂ ਸਬਜ਼ੀਆਂ ਆਰਗੈਨਿਕ ਨਹੀਂ ਹਨ ਪਰ ਸ਼ਹਿਰੀਏ ਇਹ ਪਹਿਚਾਣ ਕਦੇ ਵੀ ਨਹੀਂ ਕਰ ਸਕਦੇ ਕਿਉਂਕਿ ਉਨ੍ਹਾਂ ਨੇ ਤਾਂ ਕਦੇ ਖੇਤਾਂ ਵਿੱਚ ਪੈਰ ਵੀ ਨਹੀਂ ਪਾਇਆ ਹੁੰਦਾ। ਆਰਗੈਨਿਕ ਅਨਾਜ ਤੇ ਸਬਜ਼ੀਆਂ ਪੈਦਾ ਕਰਨਾ ਬਹੁਤ ਹੀ ਮੁਸ਼ਕਿਲ ਅਤੇ ਘਾਟੇ ਵਾਲਾ ਸੌਦਾ ਹੈ। ਆਪਾਂ ਕਣਕ ਦੀ ਹੀ ਮਿਸਾਲ ਲੈ ਲੈਂਦੇ ਹਾਂ। ਖਾਦਾਂ, ਨਦੀਨ ਨਾਸ਼ਕ ਤੇ ਕੀਟ ਨਾਸ਼ਕਾਂ ਦੀ ਵਰਤੋਂ ਕਰ ਕੇ ਤਿਆਰ ਕੀਤੀ ਗਈ ਕਣਕ ਦਾ ਔਸਤ ਝਾੜ 20 ਕਵਿੰਟਲ (50 ਮਣ, 2000 ਕਿੱਲੋ) ਦੇ ਕਰੀਬ ਨਿੱਕਲਦਾ ਹੈ। ਪਰ ਜੇ ਕੋਈ ਕਿਸਾਨ ਕਣਕ ਨੂੰ ਰਸਾਇਣਕ ਖਾਦਾਂ, ਆਦਿ, ਦੀ ਬਜਾਏ ਪਸ਼ੂਆਂ ਦਾ ਗੋਹਾ ਜਾਂ ਮੁਰਗੀਆਂ ਦੀਆਂ ਵਿੱਠਾਂ ਵਰਤਦਾ ਹੈ ਤੇ ਸੋਸ਼ਲ ਮੀਡੀਆ ’ਤੇ ਖ਼ੂਬ ਪ੍ਰਚਾਰੇ ਜਾ ਰਹੇ ਗਾਂ ਦੇ ਮੂਤਰ ਅਤੇ ਖੱਟੀ ਲੱਸੀ ਤੋਂ ਤਿਆਰ ਕੀਤੇ ਕੀਟਨਾਸ਼ਕ ਦੀ ਵਰਤੋਂ ਕਰਦਾ ਹੈ ਤਾਂ ਕਿਸੇ ਵੀ ਹਾਲਤ ਵਿੱਚ ਵੀ ਝਾੜ 5-6 ਕਵਿੰਟਲ (500, 600 ਕਿੱਲੋ) ਤੋਂ ਵੱਧ ਨਹੀਂ ਨਿਕਲ ਸਕਦਾ। ਅਜਿਹੇ ਕਿਸਾਨ ਦਾ ਸਿਰਫ਼ ਗੁਡਾਈ ਉੱਪਰ ਹੀ ਨੌਂ, ਦਸ ਹਜ਼ਾਰ ਪ੍ਰਤੀ ਏਕੜ ਲੱਗ ਜਾਣਾ ਹੈ। ਸ਼ਾਇਦ 5-6 ਕਵਿੰਟਲ ਵੀ ਝਾੜ ਨਾ ਨਿਕਲੇ ਕਿਉਂਕਿ ਕਣਕ ਨੂੰ ਪੈਣ ਵਾਲੇ ਦੁਸ਼ਮਣ ਕੀੜੇ (ਤੇਲਾ, ਆਦਿ) ਦਾ ਸਰੀਰਕ ਸਿਸਟਮ ਕੀਟਨਾਸ਼ਕਾਂ ਪ੍ਰਤੀ ਐਨਾ ਪ੍ਰਤੀਰੋਧਕ ਹੋ ਚੁੱਕਾ ਹੈ ਕਿ ਬੇਹੱਦ ਜ਼ਹਿਰੀਲੀਆਂ ਦਵਾਈਆਂ ਦੀਆਂ ਚਾਰ ਚਾਰ ਸਪਰੇਆਂ ਕਰਨ ’ਤੇ ਵੀ ਪੂਰੀ ਤਰ੍ਹਾਂ ਨਹੀਂ ਮਰਦੇ। ਹੁਣ ਤੁਸੀ ਸੋਚ ਲਉ ਕਿ ਗਾਂ ਮੂਤਰ, ਨਿੰਮ ਅਤੇ ਖੱਟੀ ਲੱਸੀ ਤੋਂ ਤਿਆਰ ਕੀਤੇ ਗਏ ਜੈਵਿਕ ਕੀਟ ਨਾਸ਼ਕ ਉਸ ’ਤੇ ਕੀ ਅਸਰ ਕਰਨਗੇ?

ਇਸ ਵੇਲੇ ਕਣਕ ਦਾ ਸਰਕਾਰੀ ਰੇਟ ਸਾਲ 2025- 2026 ਲਈ 2425 ਰੁਪਏ ਪ੍ਰਤੀ ਕਵਿੰਟਲ ਹੈ। ਇਸ ਦਾ ਮਤਲਬ ਇਹ ਹੈ ਕਿ ਆਰਗੈਨਿਕ ਕਣਕ ਉਗਾਉਣ ਵਾਲੇ ਕਿਸਾਨ ਨੂੰ ਜੇ ਆਮ ਕਣਕ ਨਾਲੋਂ 5 ਗੁਣਾ ਵੱਧ ਰੇਟ ਜੋ ਕਿ 12000 ਦੇ ਕਰੀਬ ਬਣਦਾ ਹੈ, ਮਿਲੇ ਤਾਂ ਕਿਤੇ ਉਸ ਦਾ ਘਾਟਾ ਪੂਰਾ ਹੋ ਸਕਦਾ ਹੈ। ਪਰ ਦੂਸਰੇ ਪਾਸੇ ਰਾਜਸਥਾਨੀ ਦੇਸੀ ਅਤੇ ਆਰਗੈਨਿਕ ਦੱਸ ਕੇ ਵੇਚੀ ਜਾ ਰਹੀ ਕਣਕ 4, 5 ਹਜ਼ਾਰ ਪ੍ਰਤੀ ਕਵਿੰਟਲ ਅਰਾਮ ਨਾਲ ਜਿੰਨੀ ਚਾਹੋ ਮਿਲ ਜਾਂਦੀ ਹੈ। ਐਨੀ ਕਣਕ ਕਿੱਥੋਂ ਆ ਰਹੀ ਹੈ? ਇਹ ਅਸਲ ਵਿੱਚ ਪੰਜਾਬ ਦੀ ਹੀ ਕਣਕ ਹੈ ਜਿਸ ਨੂੰ ਧੋਅ ਸਵਾਰ ਕੇ ਰਾਜਸਥਾਨੀ ਕਣਕ ਦੇ ਨਾਮ ‘ਤੇ ਲੋਕਾਂ ਨੂੰ ਠੱਗਿਆ ਜਾ ਰਿਹਾ ਹੈ।

ਕੁਝ ਸਾਲ ਪਹਿਲਾਂ ਮੈਂ ਬਤੌਰ ਐੱਸ.ਪੀ. ਸਬ ਡਵੀਜ਼ਨ ਅਬੋਹਰ ਲੱਗਾ ਹੋਇਆ ਸੀ। ਉਥੇ ਇੱਕ ਨਜ਼ਦੀਕ ਦੇ ਪਿੰਡ ਵਿੱਚ ਇੱਕ ਕਿਸਾਨ ਦੀ ਬੜੀ ਚਰਚਾ ਸੀ ਕਿ ਉਹ ਆਰਗੈਨਿਕ ਫ਼ਸਲਾਂ ਬੀਜਦਾ ਹੈ। ਜਦੋਂ ਮੈਂ ਉਸ ਦੇ ਫ਼ਾਰਮ ’ਤੇ ਗਿਆ ਉਦੋਂ ਕਣਕ ਨਿੱਸਰੀ ਹੋਈ ਸੀ। ਮੈਂ ਉਸਨੂੰ ਪੁੱਛਿਆ ਕਿ ਕਣਕ ਲਈ ਖਾਦ ਜਾਂ ਕੀਟ ਨਾਸ਼ਕ ਜਾਂ ਨਦੀਨ ਨਾਸ਼ਕ ਵਰਤਦੇ ਓ? ਉਹ ਤੜਾਕ ਦੇਣੀ ਬੋਲਿਆ ਕਿ ਮਤਲਬ ਈ ਨਹੀਂ, ਸਿਰਫ਼ ਆਰਗੈਨਿਕ ਵਸਤੂਆਂ ਦੀ ਵਰਤੋਂ ਹੀ ਖਾਦ ਅਤੇ ਸਪਰੇਅ ਵਾਸਤੇ ਕੀਤੀ ਜਾਂਦੀ ਹੈ। ਮੇਰੇ ਕੋਲੋਂ ਰਿਹਾ ਨਾ ਗਿਆ, ਮੈਂ ਕਿਹਾ ਕਿ ਭਾਈ ਸਾਹਿਬ ਤੁਸੀਂ ਇਨ੍ਹਾਂ ਗੱਲਾਂ ਨਾਲ ਸ਼ਹਿਰੀਆਂ ਨੂੰ ਬੇਵਕੂਫ਼ ਬਣਾ ਸਕਦੇ ਓ ਪਰ ਕਿਸੇ ਕਿਸਾਨ ਨੂੰ ਨਹੀਂ। ਤੇਰੀ ਤਕਰੀਬਨ 40, 50 ਏਕੜ ਕਣਕ ਕਾਲੀ ਸ਼ਾਹ ਖੜ੍ਹੀ ਆ ਅਤੇ ਤੂੰ ਲੋਕ ਵਿਖਾਵਾ ਕਰਨ ਲਈ ਇਸ ਚੁਬੱਚੇ ਵਿੱਚ 8-10 ਲੀਟਰ ਲੱਸੀ ਵਾਲਾ ਕੀਟ ਨਾਸ਼ਕ ਰੱਖਿਆ ਹੋਇਆ ਹੈ। ਤੇਰੇ ਖੇਤਾਂ ਵਿੱਚ ਜੌਂਧਰ ਵਰਗੇ ਕਰੜੇ ਨਦੀਨ ਸਮੇਤ ਕਿਸੇ ਨਦੀਨ ਦਾ ਨਾਮੋ ਨਿਸ਼ਾਨ ਨਹੀਂ ਹੈ। ਗਾਵਾਂ ਤੇਰੇ ਕੋਲ ਸਿਰਫ਼ ਚਾਰ ਖੜ੍ਹੀਆਂ ਨੇ, ਇਹ ਤੀਹ ਚਾਲੀ ਖੇਤਾਂ ’ਤੇ ਸਪਰੇਅ ਕਰਨ ਜੋਗਾ ਮੂਤਰ ਕਿਵੇਂ ਪੈਦਾ ਕਰ ਸਕਦੀਆਂ ਹਨ? ਬਿਨਾਂ ਰਸਾਇਣਕ ਖਾਦ ਜਾਂ ਸਪਰੇਅ ਤੋਂ ਇਸ ਤਰ੍ਹਾਂ ਦੀ ਸ਼ਾਨਦਾਰ ਕਣਕ ਹੋ ਹੀ ਨਹੀਂ ਸਕਦੀ। ਕੁਝ ਦੇਰ ਤਾਂ ਉਹ ਬਹਿਸ ਕਰਦਾ ਰਿਹਾ ਪਰ ਅਖੀਰ ਉਸ ਨੂੰ ਮੰਨਣਾ ਪਿਆ ਕਿ ਸੋਸ਼ਲ ਮੀਡੀਆ ’ਤੇ ਕੀਤੇ ਜਾ ਰਹੇ ਧੂੰਆਂਧਾਰ ਪ੍ਰਚਾਰ ਕਾਰਨ ਉਸ ਦਾ ਠੱਕ ਠਕਾ ਵਧੀਆ ਚੱਲ ਰਿਹਾ ਹੈ। ਖਾਦ, ਨਦੀਨ ਨਾਸ਼ਕ ਅਤੇ ਕੀਟ ਨਾਸ਼ਕ ਤਾਂ ਵਰਤਣੇ ਹੀ ਪੈਂਦੇ ਹਨ, ਉਹ ਗੱਲ ਵੱਖਰੀ ਹੈ ਕਿ ਮੈਂ ਬਾਕੀ ਲੋਕਾਂ ਤੋਂ ਥੋੜ੍ਹੇ ਬਹੁਤੇ ਘੱਟ ਵਰਤਦਾ ਹਾਂ।

ਮੇਰਾ ਇੱਕ ਦੋਸਤ ਮੋਹਾਲੀ ਰਹਿੰਦਾ ਹੈ ਅਤੇ ਸਰਕਾਰੀ ਨੌਕਰੀ ਕਰਦਾ ਹੈ। ਉਸ ਦੀ ਆਪਣੇ ਮਹਿਕਮੇ ਦੇ ਅਫ਼ਸਰਾਂ ਨਾਲ ਬਹੁਤ ਬਣਦੀ ਹੈ

ਜਿਸ ਦੀ ਬਦੌਲਤ ਉਹ ਮਨਮਰਜ਼ੀ ਦੀ ਪੋਸਟਿੰਗ ਕਰਵਾਅ ਲੈਂਦਾ ਹੈ। ਇੱਕ ਦਿਨ ਮੈਂ ਉਸ ਨੂੰ ਮਿਲਣ ਲਈ ਗਿਆ ਤਾਂ ਅੱਗੇ ਉਹ ਲਾਅਨ ਵਿੱਚ ਅੱਠ ਦਸ ਤਰ੍ਹਾਂ ਦੀਆਂ ਸਬਜ਼ੀਆਂ ਦੀਆਂ ਬੋਰੀਆਂ ਖੋਲ੍ਹੀ ਬੈਠਾ ਸੀ ਜਿਨ੍ਹਾਂ ਨੂੰ ਕੁਝ ਮਜ਼ਦੂਰ ਧੋ ਸੁਕਾਅ ਕੇ ਲਿਫ਼ਾਫ਼ਿਆਂ ਵਿੱਚ ਪੈਕ ਕਰ ਰਹੇ ਸਨ। ਮੈਂ ਜਦੋਂ ਉਸ ਨੂੰ ਇਸ ਤਮਾਸ਼ੇ ਬਾਰੇ ਪੁੱਛਿਆ ਤਾਂ ਉਸ ਨੇ ਦੱਸਿਆ ਕਿ ਉਹ ਅਫ਼ਸਰਾਂ ਵਾਸਤੇ ਆਪਣੇ ਫ਼ਾਰਮ ਦੀ ਆਰਗੈਨਿਕ ਸਬਜ਼ੀ ਪੈਕ ਕਰਵਾਅ ਰਿਹਾ ਹੈ।
ਮੈਂ ਉਸ ਨੂੰ ਪੁੱਛਿਆ ਕਿ ਕਿੱਥੇ ਆ ਤੇਰਾ ਫ਼ਾਰਮ, ਕਦੇ ਵਿਖਾਇਆ ਹੀ ਨਹੀਂ। ਉਹ ਹੱਸ ਕੇ ਬੋਲਿਆ ਕਿ ਕਿਹੜਾ ਫ਼ਾਰਮ? ਮੈਂ ਆਪਣੇ ਅਫ਼ਸਰਾਂ ਨੂੰ ਦੱਸਿਆ ਹੋਇਆ ਹੈ ਕਿ ਖਰੜ ਵੱਲ ਮੇਰਾ ਇੱਕ ਫ਼ਾਰਮ ਹੈ ਜਿੱਥੇ ਮੈਂ ਆਰਗੈਨਿਕ ਸਬਜ਼ੀਆਂ ਦੀ ਖੇਤੀ ਕਰਦਾ ਹਾਂ। ਦਸੀਂ ਪੰਦਰੀਂ ਦਿਨੀਂ ਚੰਡੀਗੜ੍ਹ ਦੀ ਸਬਜ਼ੀ ਮੰਡੀ ਤੋਂ ਸਬਜ਼ੀਆਂ ਲੈ ਆਉਂਦਾ ਹਾਂ ਤੇ ਧੋਅ ਸਵਾਰ ਕੇ ਉਨ੍ਹਾਂ ਦੇ ਘਰੀਂ ਪਹੁੰਚ ਦਿੰਦਾ ਹਾਂ। ਅਫ਼ਸਰਾਂ ਦੀਆਂ ਪਤਨੀਆਂ ਮੇਰੇ ਪਿੱਛੇ ਪਈਆਂ ਰਹਿੰਦੀਆਂ ਹਨ ਕਿ ਬਜ਼ਾਰ ਵਿੱਚੋਂ ਖਰੀਦੀ ਹੋਈ ਸਬਜ਼ੀ ਤੇਰੀ ਆਰਗੈਨਿਕ ਸਬਜ਼ੀ ਵਰਗੀ ਸਵਾਦ ਨਹੀਂ ਬਣਦੀ, ਦੁਬਾਰਾ ਦੇ ਕੇ ਜਾਉ। ਬੱਸ ਇਸੇ 'ਆਰਗੈਨਿਕ ਸਬਜ਼ੀ' ਦੇ ਸਿਰ 'ਤੇ ਮਨਮਰਜ਼ੀ ਦੀ ਪੋਸਟਿੰਗ ਹੋ ਜਾਂਦੀ ਹੈ।

ਆਪਣੀ ਘਰੇਲੂ ਵਰਤੋਂ ਵਾਸਤੇ ਤਾਂ ਕਿਚਨ ਗਾਰਡਨ ਵਿੱਚ ਆਰਗੈਨਿਕ ਸਬਜ਼ੀ, ਆਦਿ, ਉਗਾਈ ਜਾ ਸਕਦੀ ਹੈ ਪਰ ਕਮਰਸ਼ੀਅਲ ਤੌਰ 'ਤੇ ਇਸ ਨੂੰ ਉਗਾਉਣਾ ਘਾਟੇਵੰਦਾ ਸੌਦਾ ਹੈ। ਜੇ ਤੁਸੀਂ ਜਰੂਰ ਹੀ ਆਰਗੈਨਿਕ ਸਬਜ਼ੀਆਂ ਜਾਂ ਆਟਾ, ਚਾਵਲ, ਆਦਿ, ਲੈਣੇ ਹਨ ਤਾਂ ਬਹੁਤ ਹੀ ਭਰੋਸੇਯੋਗ ਵਿਅਕਤੀ ਕੋਲੋਂ ਲਉ ਨਹੀਂ ਤਾਂ ਆਪ ਉਗਾਅ ਲਉ। ਅੱਜ ਕੱਲ੍ਹ ਸੈਂਕੜੇ ਮਿਹਨਤੀ ਲੋਕ ਆਪਣੇ ਜੋਗੀ ਸਬਜ਼ੀ ਘਰ ਦੀਆਂ ਛੱਤਾਂ ਉੱਪਰ ਹੀ ਗਮਲਿਆਂ ਵਿੱਚ ਉਗਾਅ ਰਹੇ ਹਨ।

## 2. ਇੱਕ ਕਿੱਸਾ

# ਬ੍ਰਿਗੇਡੀਅਰ ਚਾਂਦਪੁਰੀ ਕੌਣ ਸੀ?



ਉਸ ਵੇਲੇ ਮੈਨੂੰ ਪਤਾ ਹੀ ਨਹੀਂ ਸੀ ਕਿ ਬਰਗੇਡੀਅਰ ਕੁਲਦੀਪ ਸਿੰਘ ਚਾਂਦਪੁਰੀ ਕੌਣ ਹੈ?
ਕਈ ਵਿਅਕਤੀ ਐਨੇ ਨਿਮਰ ਅਤੇ ਮਿੱਠ ਬੋਲੇ ਹੁੰਦੇ ਹਨ ਕਿ ਤੁਸੀਂ ਪਹਿਚਾਣ ਹੀ ਨਹੀਂ ਸਕਦੇ ਕਿ ਇਸ ਨੇ ਕੀ ਕਾਰਨਾਮੇ ਕੀਤੇ ਹੋਏ ਹਨ। ਉਹ ਕਦੇ ਵੀ ਆਪਣੇ ਬਾਰੇ ਫੜ੍ਹਾਂ ਨਹੀਂ ਮਾਰਦੇ।
1996-97 ਵਿੱਚ ਮੈਂ ਥਾਣਾ ਮੋਹਾਲੀ ਫ਼ੇਜ਼ 1 ਵਿੱਚ ਬਤੌਰ ਐਸ.ਐਚ.ਓ. ਤਾਇਨਾਤ ਸੀ। ਉਸ ਵੇਲੇ ਮੋਹਾਲੀ ਵਿੱਚ ਸਿਰਫ਼ ਦੋ ਥਾਣੇ ਹੁੰਦੇ ਸਨ, ਫ਼ੇਜ਼ 1 ਅਤੇ ਫ਼ੇਜ਼ 8. ਫ਼ੇਜ਼ 8 ਉਪਰੇਸ਼ਨਲ ਥਾਣਾ ਸੀ ਅਤੇ ਉਸ ਦੀ ਐਫ਼.ਆਈ.ਆਰ. ਫ਼ੇਜ਼ 1 ਵਿਖੇ ਦਰਜ ਹੁੰਦੀ ਸੀ।
ਮੈਂ ਜਿੰਨੇ ਵੀ ਥਾਣਿਆਂ ਵਿੱਚ ਤਾਇਨਾਤ ਰਿਹਾ, ਥਾਣਾ ਫ਼ੇਜ਼ 1 ਸਭ ਤੋਂ ਵੱਡੀ ਸਿਰਦਰਦੀ ਸੀ। ਨਾ ਦਿਨੇ ਚੈਨ ਮਿਲਦਾ ਸੀ ਅਤੇ ਨਾ ਰਾਤ ਨੂੰ। ਇੱਕ ਰਾਤ ਵਿੱਚ 3-3, 4-4 ਚੋਰੀਆਂ ਹੁੰਦੀਆਂ ਸਨ ਅਤੇ ਚੰਡੀਗੜ੍ਹ ਬੈਠੇ ਅਫ਼ਸਰਾਂ ਦੀਆਂ ਵਗਾਰਾਂ ਵੱਖ ਪੈਂਦੀਆਂ ਸਨ। ਕਦੇ ਕਿਸੇ ਦਾ ਕੁੱਤਾ ਬਿਮਾਰ ਹੋ ਜਾਣਾ ਅਤੇ ਕਦੇ ਕਿਸੇ ਦੀ ਫੁੱਲਾਂ ਦੀ ਕਿਆਰੀ ਵਾਸਤੇ ਰੂੜੀ ਜਾਂ ਵਾੜ ਵਾਸਤੇ ਕਾਨੇ ਭੇਜਣੇ, ਆਦਿ। ਮੇਰਾ ਖ਼ਿਆਲ ਹੈ ਕਿ ਡੇਢ ਸਾਲ ਦੀ ਪੋਸਟਿੰਗ ਵਿੱਚ ਮੈਂ 6-7 ਅਫ਼ਸਰਾਂ ਦੇ ਮਾਪਿਆਂ ਦੇ ਤਾਂ ਭੋਗ ਹੀ ਪਵਾਏ ਹੋਣੇ ਹਨ। ਮੋਹਾਲੀ ਦਾ ਤਕਰੀਬਨ ਸਾਰਾ ਇੰਡਸਟਰੀਅਲ ਏਰੀਆ ਫ਼ੇਜ਼ 1 ਦੇ ਅਧੀਨ ਆਉਂਦਾ ਸੀ, ਜਿੱਥੇ ਕੋਈ ਨਾ ਕੋਈ ਪੁਆੜਾ ਪਿਆ ਹੀ ਰਹਿੰਦਾ ਸੀ। ਕਦੇ ਕਿਸੇ ਯੂਨੀਅਨ ਨੇ ਹੜਤਾਲ ਕਰ ਦੇਣੀ, ਕਦੇ ਕਿਸੇ ਨੇ ਭੰਨ ਤੋੜ। ਜਦੋਂ ਮੈਂ ਥਾਣੇ ਦਾ ਚਾਰਜ ਲਿਆ ਤਾਂ ਉਸ ਵੇਲੇ ਮੋਹਾਲੀ ਵਿਖੇ "ਗੋਦਰੇਜ" ਦੀ ਬਹੁਤ ਵੱਡੀ ਫ਼ੈਕਟਰੀ ਅਜੇ ਨਵੀਂ ਨਵੀਂ ਹੀ ਖੜ੍ਹੀ ਹੋਈ ਸੀ। ਪੰਜਾਬ ਸਰਕਾਰ ਉਸ ਨੂੰ ਆਪਣੀ ਇੱਕ ਅਹਿਮ ਪ੍ਰਾਪਤੀ ਵਜੋਂ ਪ੍ਰਚਾਰ ਰਹੀ ਸੀ ਕਿਉਂਕਿ ਉਥੇ ਸੈਂਕੜੇ ਪੰਜਾਬੀਆਂ ਨੂੰ ਰੋਜ਼ਗਾਰ ਪ੍ਰਾਪਤ ਹੋਇਆ ਸੀ। ਗੋਦਰੇਜ ਭਾਰਤ ਦੀ ਚੋਟੀ ਦੀ ਕੰਪਨੀ ਹੈ ਜਿਸ ਕਾਰਨ ਉਹ ਮਜ਼ਦੂਰ ਯੂਨੀਅਨ ਜਾਂ ਹੋਰ ਪ੍ਰਸ਼ਾਸ਼ਨਕ ਝਗੜਿਆਂ ਸਮੇਂ ਮੁੱਖ ਮੰਤਰੀ ਤੋਂ ਘੱਟ ਕਿਸੇ ਨਾਲ ਗੱਲ ਨਹੀਂ ਸਨ ਕਰਦੇ। ਉਸ ਵੇਲੇ ਮੋਹਾਲੀ ਅਜੇ ਜ਼ਿਲ੍ਹਾ ਨਹੀਂ ਸੀ ਬਣਿਆ ਅਤੇ ਰੋਪੜ ਦੇ ਅਧੀਨ ਆਉਂਦਾ ਸੀ। ਰੋਪੜ ਦੇ ਉਸ ਸਮੇਂ ਦੇ ਐੱਸਐੱਸਪੀ ਵੱਲੋਂ ਮੋਹਾਲੀ ਦੇ ਐੱਸਪੀ. ਨੂੰ ਸਖ਼ਤ ਹੁਕਮ ਸਨ ਕਿ ਗੋਦਰੇਜ ਫ਼ੈਕਟਰੀ ਦਾ ਖ਼ਾਸ ਧਿਆਨ ਰੱਖਣਾ ਹੈ। ਉਸ ਸਮੇਂ ਗੋਦਰੇਜ ਦਾ ਚੀਫ਼ ਸਕਿਉਰਟੀ ਅਫ਼ਸਰ ਬਰਗੇਡੀਅਰ ਕੁਲਦੀਪ ਸਿੰਘ ਚਾਂਦਪੁਰੀ ਨਾਮਕ ਵਿਅਕਤੀ ਸੀ। 5 ਫੁੱਟ 8 ਕੁ ਇੰਚ, ਲੰਮੇ ਅਤੇ ਪਤਲੇ ਜਿਹੇ ਚਾਂਦਪੁਰੀ ਵਰਗਾ ਨਿਮਰ ਅਤੇ ਮਿੱਠ ਬੋਲੜਾ ਵਿਅਕਤੀ ਮੈਂ ਅੱਜ ਤੱਕ ਨਹੀਂ ਵੇਖਿਆ।

ਬਲਰਾਜ ਸਿੰਘ ਸਿੱਧੂ ਏ.ਆਈ.ਜੀ (ਰਿਟਾ.)

ਹਾਲਾਂਕਿ ਫ਼ੌਜ ਦੇ ਹਿਸਾਬ ਨਾਲ ਮੈਂ ਉਸ ਦੇ ਰੈਂਕ ਸਾਹਮਣੇ ਕੁਝ ਵੀ ਨਹੀਂ ਸੀ ਪਰ ਉਸ ਨੇ ਕਦੇ ਵੀ ਮੈਨੂੰ ਚਾਹ ਪਾਣੀ ਪੀਤੇ ਬਗ਼ੈਰ ਨਹੀਂ ਸੀ ਆਉਣ ਦਿੱਤਾ। ਉਸ ਦੇ ਮਿੱਠੇ ਸੁਭਾਅ ਕਾਰਨ ਮੈਂ ਜਦੋਂ ਵੀ ਉਸ ਪਾਸੇ ਗਸ਼ਤ ਕਰਨ ਜਾਣਾ ਤਾਂ ਉਸ ਨੂੰ ਜ਼ਰੂਰ ਮਿਲ ਕੇ ਆਉਣਾ। ਮੈਂ ਜਾਂ ਮੇਰੇ ਸਾਥੀਆਂ ਨੇ ਕਈ ਵਾਰ ਉਸ ਦੇ ਸਾਹਮਣੇ ਐਵੇਂ ਫੜ੍ਹਾਂ ਮਾਰ ਦੇਣੀਆਂ ਕਿ ਅਸੀਂ ਆਹ ਚੋਰ ਫੜਿਆ ਸੀ, ਆਹ ਕਤਲ ਕੇਸ
ਹੱਲ ਕੀਤਾ ਹੈ, ਉਸ ਨੇ ਅੱਗੋਂ ਮਿੰਨ੍ਹਾ ਜਿਹਾ ਹੱਸ ਕੇ ਦਾਦ ਦੇ ਦੇਣੀ। ਉਸ ਨੇ ਸਾਡੇ ਸਾਹਮਣੇ ਕਦੇ ਵੀ ਇਹ ਭੇਤ ਨਹੀਂ ਸੀ ਖੋਲ੍ਹਿਆ ਕਿ *ਉਸ ਨੇ 1971 ਦੀ ਜੰਗ ਵੇਲੇ ਰਾਜਸਥਾਨ ਬਾਰਡਰ (ਲੌਂਗੇਵਾਲਾ) ਵਿਖੇ 4 ਤੇ 5 ਦਸੰਬਰ ਦੀ ਦਰਮਿਆਨੀ ਰਾਤ ਨੂੰ ਸਾਰਾਗੜ੍ਹੀ ਦੀ ਜੰਗ (12 ਸਤੰਬਰ 1897) ਵਰਗਾ ਕਾਰਨਾਮਾ ਕੀਤਾ ਸੀ! ਅਤੇ ਉਹ ਮਹਾਂਵੀਰ ਚੱਕਰ ਵਿਜੇਤਾ ਹੈ। ਨਾ ਹੀ ਦੱਸਿਆ ਕਿ ਉਸ ਨੇ 40 ਟੈਂਕਾਂ ਅਤੇ ਬਖ਼ਤਰਬੰਦ ਗੱਡੀਆਂ ਦੀ ਮਦਦ ਨਾਲ ਜੈਸਲਮੇਰ ਉੱਤੇ ਕਬਜ਼ਾ ਕਰਨ ਲਈ ਵਧ ਰਹੇ 3000 ਪਾਕਿਸਤਾਨੀ ਸੈਨਿਕਾਂ ਦੇ ਸੁਫ਼ਨੇ ਪੰਜਾਬ ਰੈਜੀਮੈਂਟ ਦੇ ਸਿਰਫ਼ 120 ਜਵਾਨਾਂ ਦੀ ਮਦਦ ਨਾਲ ਢਹਿ ਢੇਰੀ ਕਰ ਦਿੱਤੇ ਸਨ। ਕਿ ਉਸ ਨੇ ਸਵੇਰ ਹੋਣ ਤੱਕ ਹਵਾਈ ਮਦਦ ਮਿਲਣ ਤੋਂ ਪਹਿਲਾਂ ਪਾਕਿਸਤਾਨ ਦੇ ਕਰੀਬ 200 ਜਵਾਨ ਮਾਰ ਦਿੱਤੇ ਸਨ ਅਤੇ 12 ਟੈਂਕ ਤਬਾਹ ਕਰ ਦਿੱਤੇ ਸਨ।* ਉਸ ਦਾ ਸਿਰਫ਼ ਇੱਕ ਜਵਾਨ ਜਗਜੀਤ ਸਿੰਘ ਸ਼ਹੀਦ ਹੋਇਆ ਸੀ ਜੋ ਜੰਗ ਦੇ ਰੰਗ ਵਿੱਚ ਰੰਗਿਆ ਮੋਰਚੇ ਤੋਂ ਬਾਹਰ ਆ ਗਿਆ ਸੀ ਅਤੇ ਸਾਹਾਂ ਦੀ ਡੋਰ ਖਤਮ ਹੋਣ ਤੱਕ ਦੁਸ਼ਮਣਾਂ ਨੂੰ ਲਾਈਟ ਮਸ਼ੀਨਗੰਨ ਨਾਲ ਭੁੰਨਦਾ ਰਿਹਾ ਸੀ।

ਇਥੇ ਇਹ ਦੱਸਦੇ ਜਾਣਾ ਜ਼ਰੂਰੀ ਹੈ ਕਿ ਸੂਰਜ ਦੀ ਪਹਿਲੀ ਕਿਰਨ ਦੇ ਨਾਲ ਹੀ ਚਾਂਦਪੁਰੀ ਦੀ ਮਦਦ ਲਈ ਭਾਰਤੀ ਹਵਾਈ ਫ਼ੌਜ ਦੇ ਐਚ.ਐਫ.-24 ਮਾਰੂਤ ਅਤੇ ਹਾਕਰ ਹੰਟਰ ਜਹਾਜ਼ ਚੜ੍ਹ ਆਏ ਸਨ ਅਤੇ ਉਨ੍ਹਾਂ ਟੀ-10 ਰਾਕਟ ਅਤੇ 30 ਮਿਲੀ ਮੀਟਰ ਤੋਪਾਂ ਨਾਲ ਅੱਗ ਵਰ੍ਹਾਉਣੀ ਸ਼ੁਰੂ ਕਰ ਦਿੱਤੀ ਸੀ। ਉਜਾੜ ਇਲਾਕੇ ਵਿੱਚ ਟੈਂਕ ਸੌਖਾ ਨਿਸ਼ਾਨਾ ਬਣਨ ਲੱਗੇ ਅਤੇ ਏਅਰ ਫ਼ੋਰਸ ਨੇ ਕੁੱਲ 22 ਟੈਂਕ ਹੋਰ ਤਬਾਹ ਕਰ ਦਿੱਤੇ। ਇਸ ਤੋਂ ਇਲਾਵਾ ਪਾਕਿਸਤਾਨ ਦੇ ਖ਼ੈਰਪੁਰ ਸਟੇਸ਼ਨ 'ਤੇ ਖੜ੍ਹੀ ਟੈਂਕਾਂ, ਤੋਪਾਂ ਅਤੇ ਗੋਲਾ ਬਾਰੂਦ ਨਾਲ ਲੱਦੀ ਇੱਕ ਟਰੇਨ ਵੀ ਨਸ਼ਟ ਕਰ ਦਿੱਤੀ। ਭੱਜ ਰਹੇ ਪਾਕਿਸਤਾਨੀ ਫ਼ੌਜੀ ਲੌਂਗੇਵਾਲਾ ਪੋਸਟ ਤੋਂ ਵਰ੍ਹ ਰਹੀਆਂ ਗੋਲੀਆਂ ਦੀ ਵਾਛੜ ਨਾਲ ਡਿੱਗਣ ਲੱਗੇ। ਸਾਰੀ ਰਾਤ ਦੀ ਲੜਾਈ ਕਾਰਨ ਥੱਕੇ ਟੁੱਟੇ ਭਾਰਤੀ ਸੈਨਿਕਾਂ ਨੇ ਪਿੱਛਾ ਨਾ ਕੀਤਾ, ਨਹੀਂ ਤਾਂ ਮਰਨ ਵਾਲੇ ਪਾਕਿ ਫ਼ੌਜੀਆਂ ਦੀ ਗਿਣਤੀ ਹਜ਼ਾਰਾਂ ਵਿੱਚ ਹੋਣੀ ਸੀ। ਇਸ ਸ਼ਰਮਨਾਕ ਲੱਕ ਤੋੜਵੀਂ ਹਾਰ ਕਾਰਨ ਪਾਕਿਸਤਾਨੀ ਫ਼ੌਜ ਦੁਬਾਰਾ ਅਜਿਹਾ ਸੰਗਠਿਤ ਹਮਲਾ ਨਾ ਕਰ ਸਕੀ। ਇਸ ਹਮਲੇ ਦੇ ਸੂਤਰਧਾਰ ਪਾਕਿਸਤਾਨੀ ਮੇਜਰ ਜਨਰਲ ਬੀ ਐੱਮ ਮੁਸਤਫ਼ਾ ਨੂੰ ਕੋਰਟ ਮਾਰਸ਼ਲ ਕਰ ਕੇ ਡਿਸਮਿਸ ਕਰ ਦਿੱਤਾ ਗਿਆ ਸੀ। ਮੇਜਰ ਕੁਲਦੀਪ ਸਿੰਘ ਚਾਂਦਪੁਰੀ ਨੂੰ ਮਹਾਂਵੀਰ ਚੱਕਰ; ਸੂਬੇਦਾਰ ਰਤਨ ਸਿੰਘ ਅਤੇ ਸਿਪਾਹੀ ਜਗਜੀਤ ਸਿੰਘ ਨੂੰ ਵੀਰ ਚੱਕਰ; ਕੈਪਟਨ ਭੈਰੋਂ ਸਿੰਘ, ਨਾਇਬ ਸੂਬੇਦਾਰ ਮਥਰਾ ਦਾਸ ਅਤੇ ਸਿਪਾਹੀ ਬਿਸ਼ਨ ਦਾਸ ਨੂੰ ਸੈਨਾ ਮੈਡਲ ਨਾਲ ਸਨਮਾਨਿਤ ਕੀਤਾ ਗਿਆ। ਏਅਰਫ਼ੋਰਸ ਦੇ 17 ਪਾਇਲਟਾਂ ਨੇ ਇਸ ਯੁੱਧ ਵਿੱਚ ਹਿੱਸਾ ਲਿਆ, ਜਿਨ੍ਹਾਂ ਵਿੱਚੋਂ 6 ਨੂੰ ਵੀਰ ਚੱਕਰ ਅਤੇ ਜੈਸਲਮੇਰ ਬੇਸ ਦੇ ਕਮਾਂਡਰ ਐਮ.ਐਸ. ਬਾਵਾ ਨੂੰ ਅਤਿਵਿਸ਼ਿਸ਼ਟ ਸੇਵਾ ਮੈਡਲ ਪ੍ਰਦਾਨ ਕੀਤੇ ਗਏ। ਇੱਕ ਸ਼ਾਨਦਾਰ ਸਮਾਰੋਹ ਵਿੱਚ 23 ਪੰਜਾਬ ਰੈਜਮੈਂਟ ਨੂੰ ਲੌਂਗੇਵਾਲਾ ਅਤੇ ਸਿੰਧ ਨਾਮਕ ਜੰਗੀ ਸਨਮਾਨ ਅਤੇ ਝੰਡੇ ਪ੍ਰਦਾਨ ਕੀਤੇ ਗਏ।

"ਬਾਰਡਰ" ਫ਼ਿਲਮ ਵਿੱਚ ਜਿਹੜੇ ਸੈਕੰਡ ਲੈਫ਼ਟੀਨੈਂਟ ਧਰਮਵੀਰ, ਹਵਾਲਦਾਰ ਮਥਰਾ ਦਾਸ ਅਤੇ ਨਾਇਬ ਸੂਬੇਦਾਰ ਰਤਨ ਸਿੰਘ, ਆਦਿ, ਸ਼ਹੀਦ ਹੋਏ ਵਿਖਾਏ ਗਏ ਹਨ, ਉਹ ਗ਼ਲਤ ਹੈ। ਇਹ ਵੀ ਵਰਨਣਯੋਗ ਹੈ ਕਿ ਚਾਂਦਪੁਰੀ ਵੱਲੋਂ ਮਦਦ ਮੰਗਣ ਲਈ ਕੀਤੇ ਵਾਇਰਲੈੱਸ ਮੈਸੇਜ ਦੇ ਜਵਾਬ ਵਿੱਚ ਇਹ ਹੁਕਮ ਆਏ ਸਨ ਕਿ ਉਹ ਲੌਂਗੇਵਾਲਾ ਪੋਸਟ ਛੱਡ ਕੇ ਹੈੱਡਕਵਾਟਰ 'ਤੇ ਆ ਜਾਵੇ। ਪਰ ਇਸ ਯੋਧੇ ਨੇ ਦੇਸ਼ ਦੀ ਇੱਕ ਇੰਚ ਵੀ ਜਗ੍ਹਾ ਛੱਡਣ ਦੀ ਬਜਾਇ ਜੰਗ ਵਿੱਚ ਜੂਝਣ ਦਾ ਫ਼ੈਸਲਾ ਕੀਤਾ ਸੀ!

31 ਮਾਰਚ 1997 ਨੂੰ ਮੇਰੀ ਬਦਲੀ ਮੁੱਖ ਮੰਤਰੀ ਸੁਰੱਖਿਆ ਦੀ ਹੋ ਗਈ ਸੀ ਅਤੇ 13 ਜੂਨ 1997 ਨੂੰ ਸਨੀ ਦਿਓਲ ਦੀ ਸੁਪਰ ਹਿੱਟ ਫ਼ਿਲਮ "ਬਾਰਡਰ" ਰਿਲੀਜ਼ ਹੋਈ, ਜਿਸ ਨੇ ਬਾਕਸ ਆਫ਼ਿਸ 'ਤੇ ਤਰਥੱਲੀ ਮਚਾਅ ਦਿੱਤੀ। ਇਸ ਫ਼ਿਲਮ ਕਾਰਨ ਬਰਗੇਡੀਅਰ ਕੁਲਦੀਪ ਸਿੰਘ ਚਾਂਦਪੁਰੀ ਦਾ ਨਾਮ ਦੇਸ਼ ਦੇ ਕੋਨੇ ਕੋਨੇ ਵਿੱਚ ਫੈਲ ਗਿਆ। ਜਦੋਂ ਮੈਂ ਇਹ ਫ਼ਿਲਮ ਦੇਖੀ ਤਾਂ ਹੈਰਾਨ ਰਹਿ ਗਿਆ ਕਿ ਇਹ ਤਾਂ ਉਹੀ ਬੰਦਾ ਹੈ ਜਿਸ ਨਾਲ ਮੈਂ ਚਾਹ ਪੀਂਦਾ ਰਿਹਾ ਸੀ! ਮੈਂ ਅਗਲੇ ਹੀ ਦਿਨ ਤਤਕਾਲੀ ਐੱਸਐੱਚਓ ਫ਼ੇਜ਼ 1 ਨੂੰ ਫ਼ੋਨ ਕੀਤਾ ਕਿ ਮੈਂ ਬਰਗੇਡੀਅਰ ਚਾਂਦਪੁਰੀ ਨੂੰ ਮਿਲਣਾ ਹੈ, ਜ਼ਰਾ ਗੋਦਰੇਜ ਫ਼ੈਕਟਰੀ ਤੋਂ ਪਤਾ ਕਰ ਦਿਉ। ਦੋ ਕੁ ਘੰਟਿਆਂ ਬਾਅਦ ਉਸ ਦਾ ਫ਼ੋਨ ਆਇਆ ਕਿ ਉਹ ਤਾਂ ਇਥੋਂ ਬਦਲ ਕੇ ਮੁੰਬਈ ਹੈੱਡਕਵਾਟਰ ਜਾ ਚੁੱਕਾ ਹੈ। ਉਸ ਤੋਂ ਬਾਅਦ ਵੀ ਮੈਂ ਬਹੁਤ ਕੋਸ਼ਿਸ਼ ਕੀਤੀ, ਪਰ ਦੁਬਾਰਾ ਮੇਲ ਨਹੀਂ ਹੋ ਸਕਿਆ। 17 ਨਵੰਬਰ 2018 ਨੂੰ ਇਹ ਸੂਰਮਾ ਸਵਰਗਵਾਸ ਹੋ ਗਿਆ।

ਪੰਡੋਰੀ ਸਿੱਧਵਾਂ 9501100062

# ਸੋਫ਼ੀ ਦਾ ਸੰਸਾਰ

*(ਅਗਲੇ ਮਹੀਨੇ ਨਾਲ ਕਿਤਾਬ ਮੁੱਕਦੀ ਹੈ- ਸੰ.)*




ਹਿੰਦੀ ਵਿਚ ਡੇਢ ਘੰਟੇ ਦੀ ਔਡੀਓ ਬੁੱਕ ਨੈੱਟ 'ਤੇ ਮਿਲ ਰਹੀ ਹੈ। ਯੂ ਟਿਊਬ ਉੱਤੇ ਵੀ https://www.youtube.com/watch?v=zsXO6Uu-n-A!- ਸੰ.

**ਜਦੋਂ** ਹਿਲਡੇ ਟੱਪ ਕੇ ਉੱਠੀ ਅਤੇ ਆਪਣੇ ਪਿਤਾ ਵੱਲ ਦੌੜੀ, ਸੋਫ਼ੀ ਨੂੰ ਆਪਣੀਆਂ ਅੱਖਾਂ ਵਿਚ ਹੰਝੂ ਆ ਰਹੇ ਮਹਿਸੂਸ ਹੋਏ। ਉਹ ਤਾਂ ਕਦੇ ਵੀ ਉਸ ਤੱਕ ਨਹੀਂ ਪਹੁੰਚ ਸਕੇਗੀ...

ਸੋਫ਼ੀ ਨੂੰ ਹਿਲਡੇ ਨਾਲ ਬਹੁਤ ਹੀ ਡੂੰਘਾ ਸਾੜਾ ਜਿਹਾ ਹੋ ਰਿਹਾ ਸੀ ਕਿਉਂਕਿ ਉਹ ਸੱਚਮੁਚ ਦੀ ਅਤੇ ਹੱਡ ਮਾਸ ਦੀ ਬਣੀ ਹੋਈ ਜਣੀ ਸੀ।

ਜਦੋਂ ਹਿਲਡੇ ਅਤੇ ਮੇਜਰ ਮੇਜ਼ 'ਤੇ ਜਾ ਬੈਠੇ ਸਨ, ਅਲਬਰਟੋ ਨੇ ਕਾਰ ਦਾ ਹੌਰਨ ਵਜਾਇਆ।

ਸੋਫ਼ੀ ਨੇ ਉਤਾਂਹ ਵੇਖਿਆ। ਕੀ ਹਿਲਡੇ ਨੇ ਵੀ ਐਨ ਇਹੀ ਨਹੀਂ ਸੀ ਕੀਤਾ?

ਉਹ ਭੱਜ ਕੇ ਅਲਬਰਟੋ ਕੋਲ ਗਈ ਅਤੇ ਕੁੱਦ ਕੇ ਉਸਦੇ ਨਾਲ ਦੀ ਸੀਟ 'ਤੇ ਬੈਠ ਗਈ।

"ਅਸੀਂ ਕੁਝ ਚਿਰ ਬੈਠ ਕੇ ਵੇਖਦੇ ਹਾਂ ਕਿ ਕੀ ਹੁੰਦਾ ਹੈ," ਅਲਬਰਟੋ ਨੇ ਕਿਹਾ। ਸੋਫ਼ੀ ਨੇ ਸਹਿਮਤੀ ਵਿਚ ਸਿਰ ਹਿਲਾਇਆ।

"ਤੂੰ ਰੋਂਦੀ ਰਹੀ ਹੈਂ?"

ਉਸ ਫੇਰ ਓਸੇ ਤਰ੍ਹਾਂ ਸਿਰ ਹਿਲਾਇਆ।

"ਕੀ ਹੋਇਆ ਹੈ?"

"ਉਹ ਕਿੰਨੀ ਖ਼ੁਸ਼ਕਿਸਮਤ ਹੈ ਕਿ ਸੱਚਮੁਚ ਦੀ ਜਣੀ ਹੈ। ਹੁਣ ਉਹ ਵੱਡੀ ਹੋਏਗੀ ਅਤੇ ਇੱਕ ਸੱਚਮੁਚ ਦੀ ਨਾਰ ਬਣ ਜਾਏਗੀ। ਜ਼ਰੂਰ ਇਸਦੇ ਸੱਚੀਂ ਮੁੱਚੀਂ ਦੇ ਬੱਚੇ ਵੀ ਹੋਣਗੇ..."

"ਅਤੇ ਬੱਚਿਆਂ ਦੇ ਬੱਚੇ ਵੀ, ਸੋਫ਼ੀ। ਪਰ ਹਰ ਚੀਜ਼ ਦੇ ਦੋ ਪਹਿਲੂ ਹੁੰਦੇ ਹਨ। ਇਹੀ ਮੈਂ ਤੈਨੂੰ ਸਾਡੇ ਕੋਰਸ ਦੇ ਸ਼ੁਰੂ ਵਿਚ ਸਿਖਾਉਣ ਦੀ ਕੋਸ਼ਿਸ਼ ਕੀਤੀ ਸੀ।"

"ਉਹ ਕਿਵੇਂ ਭਲਾ?"

"ਉਹ ਖ਼ੁਸ਼ਕਿਸਮਤ ਹੈ, ਮੈਂ ਮੰਨਦਾ ਹਾਂ। ਪਰ ਜਿਹੜੀ ਜਣੀ ਜ਼ਿੰਦਗੀ ਦੀ ਲਾਟਰੀ ਜਿੱਤੇ ਉਸ ਨੂੰ ਮੌਤ ਵੀ ਲੈਣੀ-ਹੰਢਾਉਣੀ ਪੈਂਦੀ ਹੈ, ਕਿਉਂਕਿ ਜ਼ਿੰਦਗੀ ਦੀ ਹੋਣੀ ਮੌਤ ਹੀ ਹੈ।"

"ਪਰ ਫੇਰ ਵੀ, ਕੀ ਇਹ ਬਿਹਤਰ ਨਹੀਂ ਕਿ ਤੁਹਾਡੀ ਜ਼ਿੰਦਗੀ ਰਹੀ ਹੋਏ ਬਜਾਇ ਇਸਦੇ ਕਿ ਤੁਸੀਂ ਕਦੇ ਵੀ ਸੱਚੀਂ ਮੁੱਚੀਂ ਜੀਵੇ ਨਾ ਹੋਵੋ?"

"ਅਸੀਂ ਹਿਲਡੇ ਵਰਗੀ ਜ਼ਿੰਦਗੀ ਨਹੀਂ ਜੀ ਸਕਦੇ- ਅਤੇ ਨਾ ਹੀ ਮੇਜਰ ਵਰਗੀ। ਦੂਜੇ ਪਾਸੇ, ਅਸੀਂ ਕਦੇ ਵੀ ਮਰਾਂਗੇ ਨਹੀਂ। ਤੈਨੂੰ ਚੇਤੇ ਨਹੀਂ ਓਥੇ ਪਿੱਛੇ ਜੰਗਲਾਂ ਵਿਚ ਉਸ ਬੁੱਢੀ ਤੀਵੀਂ ਨੇ ਕੀ ਕਿਹਾ ਸੀ? ਅਸੀਂ ਅਣਦਿਸਦੇ ਲੋਕ ਹਾਂ। ਉਹ ਦੋ ਸੌ ਸਾਲਾਂ ਦੀ ਸੀ, ਉਸ ਦੱਸਿਆ ਸੀ। ਅਤੇ ਉਨ੍ਹਾਂ ਦੀ ਮਿਡਸਮਰ ਪਾਰਟੀ ਵਿਚ ਮੈਂ ਕੁਝ 'ਜੀਵ' ਵੇਖੇ ਸਨ ਜਿਹੜੇ ਤਿੰਨ ਹਜ਼ਾਰ ਸਾਲਾਂ ਤੋਂ ਵੀ ਵੱਧ ਉਮਰ ਦੇ ਸਨ...."

"ਸ਼ਾਇਦ ਸਭ ਤੋਂ ਵੱਧ ਜਿਸ ਚੀਜ਼ ਕਰਕੇ ਮੈਂ ਹਿਲਡੇ ਨਾਲ ਰਸ਼ਕ ਕਰਦੀ ਹਾਂ ਉਹ ਇਹੀ ਹੈ--ਉਸਦੀ ਪਰਿਵਾਰਕ ਜ਼ਿੰਦਗੀ।"

"ਪਰ ਤੇਰੀ ਵੀ ਤਾਂ ਇੱਕ ਪਰਿਵਾਰਕ ਜ਼ਿੰਦਗੀ ਹੈ। ਅਤੇ ਤੇਰੀ ਇੱਕ ਬਿੱਲੀ, ਦੋ ਪੰਛੀ, ਅਤੇ ਇੱਕ ਕੱਛੂਕੰਮਾ ਹੈ।"

"ਪਰ ਉਹ ਸਾਰੇ ਤਾਂ ਅਸੀਂ ਪਿੱਛੇ ਛੱਡ ਆਏ ਹਾਂ, ਨਾ?"

"ਬਿਲਕੁਲ ਵੀ ਨਹੀਂ। ਉਹ ਤਾਂ ਮੇਜਰ ਹੀ ਹੈ ਜੋ ਉਨ੍ਹਾਂ ਨੂੰ ਪਿੱਛੇ ਛੱਡ ਆਇਆ ਹੈ। ਉਸਨੇ ਆਪਣੀ ਕਿਤਾਬ ਦਾ ਅਖ਼ੀਰੀ ਸ਼ਬਦ ਲਿਖ ਦਿੱਤਾ ਹੈ, ਮੇਰੀਏ ਪਿਆਰੀਏ, ਅਤੇ ਹੁਣ ਉਹ ਸਾਨੂੰ ਕਦੇ ਵੀ ਨਹੀਂ ਲੱਭ ਸਕੇਗਾ।"

"ਕੀ ਇਸਦਾ ਮਤਲਬ ਹੈ ਕਿ ਅਸੀਂ ਵਾਪਸ ਜਾ ਸਕਦੇ ਹਾਂ?"

"ਜਦੋਂ ਜੀਅ ਕਰੇ। ਪਰ ਅਸੀਂ ਨਵੇਂ ਮਿੱਤਰ ਵੀ ਤਾਂ ਬਣਾਉਣੇ ਹਨ, ਸਿੰਡ੍ਰੈਲਾ ਦੇ ਕੈਫ਼ੇਟੇਰੀਆ ਪਿਛਲੇ ਜੰਗਲਾਂ ਵਿਚ।"

ਨੈਗ ਪਰਵਾਰ ਆਪਣਾ ਖਾਣਾ ਖਾਣ ਲੱਗ ਪਿਆ। ਇੱਕ ਪਲ ਲਈ ਸੋਫ਼ੀ ਨੂੰ ਡਰ ਲੱਗਾ ਕਿ ਕਲੋਵਰ ਕਲੋਜ਼ ਦੀ ਫ਼ਲਸਫ਼ਾਨਾ ਬਗੀਚਾ ਪਾਰਟੀ ਵਰਗਾ ਹਾਲ ਹੀ ਨਾ ਹੋ ਜਾਏ। ਪਲ ਦੀ ਪਲ ਲੱਗਾ ਮੇਜਰ ਨੇ ਮਾਰੀਤ ਨੂੰ ਮੇਜ਼ 'ਤੇ ਸੁੱਟ ਲੈਣਾ ਹੈ। ਪਰ ਫੇਰ ਇਸਦੀ ਥਾਂ ਉਸ ਉਸਨੂੰ ਆਪਣੇ ਗੋਡੇ 'ਤੇ ਬਿਠਾਅ ਲਿਆ।

ਜਿੱਥੇ ਪਰਵਾਰ ਬੈਠਾ ਖਾ ਰਿਹਾ ਸੀ ਕਾਰ ਓਥੋਂ ਕਾਫ਼ੀ ਦੂਰ ਖਲ੍ਹਾਰੀ ਹੋਈ ਸੀ। ਉਨ੍ਹਾਂ ਦੀ ਗੱਲ ਬਾਤ ਕੁਝ ਕੁਝ ਹੀ ਸੁਣਦੀ ਸੀ। ਸੋਫ਼ੀ ਅਤੇ ਅਲਬਰਟੋ ਬੈਠੇ ਬਗੀਚੇ 'ਤੇ ਨਜ਼ਰ ਮਾਰ ਰਹੇ ਸਨ। ਉਨ੍ਹਾਂ ਕੋਲ ਕਾਫ਼ੀ ਸਮਾਂ ਹੈ ਸੀ, ਸਾਰੀਆਂ ਬਰੀਕੀਆਂ ਨੂੰ ਚੇਤੇ ਕਰਨ ਅਤੇ ਬਗੀਚਾ ਪਾਰਟੀ ਦੇ ਹੋਏ ਮਾੜੇ ਅੰਤ ਬਾਰੇ ਸੋਚ ਵਿਚਾਰ ਕਰਨ ਦਾ।

ਪਰਵਾਰ ਤਕਰੀਬਨ ਅੱਧੀ ਰਾਤ ਤੱਕ ਮੇਜ਼ ਤੋਂ ਨਾ ਉੱਠਿਆ। ਹਿਲਡੇ ਅਤੇ ਮੇਜਰ ਟਹਿਲਦੇ ਟਹਿਲਦੇ ਗਲਾਈਡਰ ਤੱਕ ਆਏ। ਚਿੱਟੀ ਕਲੀ ਕੀਤੇ ਘਰ ਵੱਲ ਜਾ ਰਹੀ ਮਾਰੀਤ ਵੱਲ ਉਨ੍ਹਾਂ ਹੱਥ ਹਿਲਾਏ।

"ਤੁਸੀਂ ਭਾਵੇਂ ਸੌਣ ਲਈ ਚਲੇ ਜਾਓ, ਮੌਮ। ਅਸੀਂ ਅਜੇ ਬਹੁਤ ਸਾਰੀਆਂ ਗੱਲਾਂ ਕਰਨੀਆਂ ਹਨ।"

## ਬਿਗ ਬੈਂਗ (ਵੱਡਾ ਧਮਾਕਾ)

*..ਅਸੀਂ ਵੀ ਤਾਰਿਆਂ ਦੀ ਜਾਦੂਈ ਧੂੜ ...*

ਹਿਲਡੇ ਅਰਾਮ ਨਾਲ ਆਪਣੇ ਪਿਤਾ ਸੰਗ ਗਲਾਈਡਰ ਵਿਚ ਟਿਕ ਗਈ। ਤਕਰੀਬਨ ਅੱਧੀ ਰਾਤ ਹੋ ਗਈ ਸੀ। ਉਹ ਬੈਠੇ ਬੰਦਰਗਾਹ ਵੱਲ ਤੱਕ ਰਹੇ ਸਨ। ਹੌਲੇ ਰੰਗ ਦੇ ਅਸਮਾਨ ਵਿਚ ਕੁਝ ਕੁ ਤਾਰੇ ਪੀਲੀ ਜਿਹੀ ਚਮਕ ਨਾਲ ਚਮ ਚਮ ਕਰ ਰਹੇ ਸਨ। ਕੋਮਲ ਲਹਿਰਾਂ ਡੌਕ ਦੇ ਹੇਠਾਂ ਪੱਥਰਾਂ ਉੱਤੇ ਆ ਆ ਵਿਛ ਰਹੀਆਂ ਸਨ।

ਉਸਦੇ ਪਿਤਾ ਨੇ ਚੁੱਪੀ ਤੋੜੀ।

"ਇਹ ਸੋਚਣਾ ਅਜੀਬ ਲੱਗਦਾ ਹੈ ਕਿ ਅਸੀਂ ਬ੍ਰਹਿਮੰਡ ਵਿਚ ਇੱਕ ਨਿੱਕੇ ਜਿਹੇ ਨਛੱਤਰ 'ਤੇ ਰਹਿੰਦੇ ਹਾਂ।"

"ਹਾਂ..."

"ਧਰਤੀ ਤਾਂ ਸੂਰਜ ਦੁਆਲੇ ਭੌਂਅ ਰਹੇ ਕਈ ਨਛੱਤਰਾਂ ਵਿਚੋਂ ਇੱਕ ਹੈ। ਪਰ ਫੇਰ, ਧਰਤੀ ਹੀ ਇੱਕੋ ਇੱਕ ਜਿਊਂਦਾ ਨਛੱਤਰ ਹੈ।"

"ਸ਼ਾਇਦ ਸਾਰੇ ਦੇ ਸਾਰੇ ਬ੍ਰਹਿਮੰਡ ਵਿੱਚ ਇੱਕੋ ਇੱਕ?"

"ਹੋ ਸਕਦਾ ਹੈ। ਪਰ ਇਹ ਵੀ ਹੋ ਸਕਦਾ ਹੈ ਕਿ ਬ੍ਰਹਿਮੰਡ ਜ਼ਿੰਦਗੀ ਨਾਲ ਕੁਰਬਲ ਕੁਰਬਲ ਕਰਦਾ ਹੋਏ। ਸਾਰਾ

# ਯੌਸਤੀਨ ਗਾਰਦਰ

## ਅਨੁਵਾਦ: ਪੂਨਮ ਸਿੰਘ

ਬ੍ਰਹਿਮੰਡ ਏਨਾ ਵੱਡਾ ਹੈ ਕਿ ਸੋਚਿਆ ਹੀ ਨਹੀਂ ਜਾ ਸਕਦਾ। ਦੂਰੀਆਂ ਏਨੀਆਂ ਵੱਡੀਆਂ ਵੱਡੀਆਂ ਹਨ ਕਿ ਅਸੀਂ ਉਨ੍ਹਾਂ ਨੂੰ ਪ੍ਰਕਾਸ਼-ਮਿਨਟਾਂ ਅਤੇ ਪ੍ਰਕਾਸ਼-ਸਾਲਾਂ ਵਿਚ ਮਿਣਦੇ ਹਾਂ।"

"ਇਹ ਹੁੰਦੇ ਕੀ ਹਨ, ਉਂਝ?"

"ਪ੍ਰਕਾਸ਼-ਸਾਲ ਦਾ ਮਤਲਬ ਉਹ ਦੂਰੀ ਜਿਹੜੀ ਕਿ ਰੌਸ਼ਨੀ ਇੱਕ ਮਿਨਟ ਵਿਚ ਤੈਅ ਕਰੇ। ਅਤੇ ਇਹ ਦੂਰੀ ਬਹੁਤ ਵੱਡੀ ਹੁੰਦੀ ਹੈ, ਕਿਉਂਕਿ ਖਲਾਅ (ਸਪੇਸ) ਵਿਚ ਰੌਸ਼ਨੀ ਇੱਕ ਸਕਿੰਟ ਵਿਚ 3,00,000 ਕਿਲੋਮੀਟਰ ਦੀ ਰਫ਼ਤਾਰ ਨਾਲ ਚੱਲਦੀ ਹੈ। ਇਸਦਾ ਮਤਲਬ ਇਹ ਕਿ ਇੱਕ ਪ੍ਰਕਾਸ਼-ਮਿਨਟ 60 ਗੁਣਾ 3,00,000- ਯਾਨੀ 1 ਕਰੋੜ 80 ਲੱਖ ਕਿਲੋਮੀਟਰ ਹੈ। ਇੱਕ ਪ੍ਰਕਾਸ਼ ਵਰ੍ਹਾ ਤਕਰੀਬਨ 1 ਸੰਖ (ਯਾਨੀ 10 ਟ੍ਰਿਲੀਅਨ) ਕਿਲੋਮੀਟਰ ਦਾ ਹੁੰਦਾ ਹੈ।"

"ਸੂਰਜ ਕਿੰਨਾ ਕੁ ਦੂਰ ਹੈ?"

"ਇਹ 8 ਪ੍ਰਕਾਸ਼-ਸਾਲਾਂ ਨਾਲੋਂ ਕੁਝ ਵੱਧ ਦੂਰ ਹੈ। ਗਰਮ ਜੂਨ ਦੇ ਦਿਨੀਂ ਜਦੋਂ ਸਾਡੇ ਚਿਹਰਿਆਂ ਉੱਤੇ ਸੂਰਜ ਦੀਆਂ ਕਿਰਣਾਂ ਪੈ ਕੇ ਸਾਨੂੰ ਗਰਮਾਇਸ਼ ਦਿੰਦੀਆਂ ਹਨ, ਇਹ ਸਾਡੇ ਤੱਕ ਪਹੁੰਚਣ ਤੋਂ ਪਹਿਲਾਂ ਅੱਠ ਮਿਨਟ ਦਾ ਸਫ਼ਰ ਤੈਅ ਕਰ ਕੇ ਆਈਆਂ ਹੁੰਦੀਆਂ ਹਨ।" "ਦੱਸੀ ਜਾਓ...."

"ਪਲੂਟੋ, ਜੋ ਸਾਡੇ ਸੂਰਜੀ ਪਰਵਾਰ ਦਾ ਸਭ ਤੋਂ ਦੂਰ ਦਾ ਨਛੱਤਰ ਹੈ, ਸਾਡੇ ਕੋਲੋਂ ਕੋਈ 5 ਪ੍ਰਕਾਸ਼-ਸਾਲ ਦੂਰ ਹੈ। ਜਦੋਂ ਕੋਈ ਤਾਰਾ-ਵਿਗਿਆਨੀ ਆਪਣੀ ਦੂਰਬੀਨ ਨਾਲ ਪਲੂਟੋ ਵੱਲ ਵੇਖਦਾ ਹੈ, ਤਾਂ ਉਹ ਅਸਲ ਵਿਚ 5 ਘੰਟੇ ਪਹਿਲਾਂ ਦੇ ਸਮੇਂ ਨੂੰ ਵੇਖ ਰਿਹਾ ਹੁੰਦਾ ਹੈ। ਅਸੀਂ ਇਓਂ ਵੀ ਕਹਿ ਸਕਦੇ ਹਾਂ ਕਿ ਪਲੂਟੋ ਨੂੰ ਇੱਥੇ ਪੁੱਜਣ ਲਈ 5 ਘੰਟੇ ਲੱਗਦੇ ਹਨ।"

"ਇਸ ਸਭ ਕੁਝ ਬਾਰੇ ਮਨ ਵਿਚ ਕੋਈ ਤਸਵੀਰ ਬਨਾਉਣੀ ਕੁਝ ਔਖੀ ਹੀ ਹੈ ਪਰ ਮੇਰਾ ਖ਼ਿਆਲ ਹੈ ਕਿ ਮੈਂ ਸਮਝ ਗਈ ਹਾਂ।"

"ਚੰਗਾ ਹੈ, ਹਿਲਡੇ। ਪਰ ਇੱਥੇ ਧਰਤੀ 'ਤੇ ਅਸੀਂ ਕੁਝ ਕੁਝ ਸਮਝਣਾ ਸ਼ੁਰੂ ਹੀ ਕਰਨ ਲੱਗੇ ਹਾਂ ਕਿ ਅਸੀਂ ਹਾਂ ਕਿੱਥੇ। ਸਾਡਾ ਇਹ ਆਪਣਾ ਸੂਰਜ ਕੋਈ 4,00,00,00,00,000 (4 ਖਰਬ) ਤਾਰਿਆਂ ਵਿੱਚੋਂ ਹੀ ਇੱਕ ਹੈ, ਉਸ ਗੈਲੈਕਸੀ ਵਿਚ, ਜਿਸ ਨੂੰ ਅਸੀਂ ਅਕਾਸ਼ਗੰਗਾ (ਮਿਲਕੀ ਵੇਅ) ਕਹਿੰਦੇ ਹਾਂ। ਇਹ ਗਲੈਕਸੀ ਇੱਕ ਬਹੁਤ ਵੱਡੇ ਸਾਰੇ ਡਿਸਕਸ ਵਰਗੀ ਹੈ, ਅਤੇ ਸਾਡਾ ਸੂਰਜ ਇਸਦੀਆਂ ਕਈ ਸਾਰੀਆਂ ਚੱਕਰ ਖਾਂਦੀਆਂ ਬਾਹਵਾਂ ਵਿੱਚੋਂ ਇੱਕ ਵਿਚ ਟਿਕਿਆ ਹੈ। ਜਦੋਂ ਅਸੀਂ ਸਰਦੀਆਂ ਦੀ ਕਿਸੇ ਸਾਫ਼ ਰਾਤ ਨੂੰ ਉੱਤੇ ਅਸਮਾਨ ਵੱਲ ਵੇਖੀਏ, ਤਾਂ ਸਾਨੂੰ ਤਾਰਿਆਂ ਦੀ ਇੱਕ ਚੌੜੀ ਪੱਟੀ ਦਿਸਦੀ ਹੈ। ਉਹ ਇਸ ਲਈ ਹੈ ਕਿਉਂਕਿ ਅਸੀਂ ਅਕਾਸ਼ਗੰਗਾ ਦੇ ਕੇਂਦਰ ਵੱਲ ਵੇਖ ਰਹੇ ਹੁੰਦੇ ਹਾਂ।"

"ਸ਼ਾਇਦ ਇਸੇ ਲਈ ਸਵੀਡਿਸ਼ ਭਾਸ਼ਾ ਵਿਚ ਅਕਾਸ਼ਗੰਗਾ ਨੂੰ 'ਚਿੱਟੀ ਗਲੀ' ਸੱਦਿਆ ਜਾਂਦਾ ਹੈ।"

"ਇਸ ਅਕਾਸ਼ਗੰਗਾ ਵਿਚ ਹੀ, ਅਸੀਂ ਸਾਡੇ ਸਭ ਤੋਂ ਨੇੜੇ ਦੇ ਗੁਆਂਢੀ ਤਾਰੇ ਤੋਂ 4 ਪ੍ਰਕਾਸ਼ ਸਾਲ ਦੂਰ ਹਾਂ। ਸ਼ਾਇਦ ਉਹ ਉਸ ਟਾਪੂ ਦੇ ਉੱਤੇ ਕਰਕੇ ਓਹੀ ਹੈ। ਜੇ ਤੂੰ ਕਲਪਨਾ ਕਰ ਸਕੇਂ ਕਿ ਐਨ ਏਸੇ ਪਲ, ਜੇ ਤਾਰੇ ਵੇਖਣਵਾਲਾ ਕੋਈ ਜਣਾ, ਓਥੇ (ਪਲੂਟੋ 'ਤੇ- ਸੰ.) ਉੱਤੇ ਬੈਠਾ, ਕਿਸੇ ਤਕੜੇ ਟੈਲੀਸਕੋਪ (ਤਾਰੇ ਵੇਖਣ ਵਾਲੀ ਦੂਰਬੀਨ-ਸੰ.) ਨੂੰ ਸਾਡੇ ਘਰ ਬੀਅਰਕਲੇ ਵੱਲ ਕਰ ਕੇ ਵੇਖ ਰਿਹਾ ਹੋਏ- ਉਸਨੂੰ ਉਹ ਬੀਅਰਕਲੇ ਵਿਖੇਗਾ ਜੋ ਇਹ ਚਾਰ ਸਾਲ ਪਹਿਲਾਂ ਸੀ। ਸ਼ਾਇਦ ਉਸ ਨੂੰ ਗਲਾਈਡਰ ਵਿਚ ਆਪਣੀਆਂ ਲੱਤਾਂ ਝੁਲਾਉਂਦੀ ਕੋਈ ਗਿਆਰਾਂ ਸਾਲਾਂ ਦੀ ਕੁੜੀ ਵੀ ਦਿਸ ਪਏ।" "ਨਾ-ਮੰਨਣਯੋਗ।"

"ਪਰ ਇਹ ਤਾਂ ਸਿਰਫ਼ ਸਭ ਤੋਂ ਨੇੜੇ ਦਾ ਤਾਰਾ ਹੈ। ਸਾਰੀ ਦੀ ਸਾਰੀ ਗਲੈਕਸੀ - ਜਾਂ ਨੈਬਿਊਲਾ, ਕਿਉਂਕਿ ਇਹ ਵੀ ਅਸੀਂ ਇਸ ਨੂੰ ਸੱਦਦੇ ਹਾਂ- ਸਾਡੇ ਤੋਂ 90,000 ਪ੍ਰਕਾਸ਼ ਸਾਲ ਚੌੜੀ ਹੈ। ਇਹ ਵੀ ਇਹ ਦੱਸਣ ਦਾ ਇੱਕ ਤਰੀਕਾ ਹੁੰਦਾ ਹੈ ਕਿ ਪ੍ਰਕਾਸ਼ ਨੂੰ ਗਲੈਕਸੀ ਦੇ ਇੱਕ ਸਿਰੇ ਤੋਂ ਦੂਜੇ ਸਿਰੇ ਤੱਕ ਪੁੱਜਣ ਲਈ ਕਿੰਨਾ ਸਮਾਂ ਲੱਗਦਾ ਹੈ। ਜਦੋਂ ਅਸੀਂ ਅਕਾਸ਼ਗੰਗਾ ਵਿਚਲੇ ਕਿਸੇ ਉਸ ਤਾਰੇ ਵੱਲ ਵੇਖਦੇ ਹਾਂ ਜੋ ਸਾਡੇ ਸੂਰਜ ਤੋਂ 50,000 ਪ੍ਰਕਾਸ਼ ਸਾਲ ਦੂਰ ਹੈ, ਓਦੋਂ ਅਸੀਂ 50,000 ਸਾਲ ਪਿੱਛੇ ਦੇ ਸਮੇਂ ਨੂੰ ਵੇਖ ਰਹੇ ਹੁੰਦੇ ਹਾਂ।"

"ਇਹ ਸਾਰਾ ਵਿਚਾਰ ਤਾਂ ਮੇਰੇ ਨਿੱਕੇ ਜਿਹੇ ਦਿਮਾਗ਼ ਲਈ ਬਹੁਤਾ ਹੀ ਵੱਡਾ ਹੈ। "

"ਯਾਨੀ ਇੱਕੋ ਇੱਕ ਤਰੀਕਾ ਜਿਸ ਨਾਲ ਅਸੀਂ ਓਥੇ ਬਾਹਰ ਸਪੇਸ ਨੂੰ ਵੇਖ ਸਕਦੇ ਹਾਂ, ਉਹ ਹੈ ਇੱਕ ਪਿਛਲੇ ਸਮੇਂ ਨੂੰ ਵਾਪਸ ਮੁੜ ਕੇ ਵੇਖਣਾ। ਸਾਨੂੰ ਕਦੇ ਵੀ ਨਹੀਂ ਪਤਾ ਲੱਗ ਸਕਦਾ ਕਿ ਬ੍ਰਹਿਮੰਡ ਇਸ ਵੇਲੇ ਕਿਹੋ ਜਿਹਾ ਹੈ। ਸਾਨੂੰ ਇਹੀ ਪਤਾ ਲੱਗ ਸਕਦਾ ਹੈ ਕਿ ਇਹ ਉਸ ਵੇਲੇ ਕਿਹੋ ਜਿਹਾ ਸੀ। ਜਦੋਂ ਅਸੀਂ ਉੱਤੇ ਕਿਸੇ ਤਾਰੇ ਵੱਲ ਵੇਖ ਰਹੇ ਹੁੰਦੇ ਹਾਂ ਜੋ ਕਿ ਹਜ਼ਾਰਾਂ ਹੀ ਪ੍ਰਕਾਸ਼-ਸਾਲ ਦੂਰ ਹੈ, ਤਾਂ ਅਸੀਂ ਖਲਾਅ ਦੇ ਇਤਿਹਾਸ ਵਿਚ ਹਜ਼ਾਰਾਂ ਹੀ ਸਾਲ ਪਿਛਾਂਹ ਦਾ ਸਫ਼ਰ ਕਰ ਰਹੇ ਹੁੰਦੇ ਹਾਂ।"

"ਇਹ ਤਾਂ ਬਿਲਕੁਲ ਸਮਝ ਨਹੀਂ ਆਈ।"

"ਪਰ ਜੋ ਵੀ ਅਸੀਂ ਵੇਖਦੇ ਹਾਂ ਉਹ ਰੌਸ਼ਨੀ ਦੀਆਂ ਲਹਿਰਾਂ ਦੇ ਰੂਪ ਵਿਚ ਮਿਲਦਾ ਹੈ, ਅੱਖਾਂ ਨੂੰ। ਅਤੇ ਇਨ੍ਹਾਂ ਪ੍ਰਕਾਸ਼ ਲਹਿਰਾਂ ਨੂੰ ਸਪੇਸ ਵਿਚ ਸਫ਼ਰ ਕਰਨ ਲਈ ਸਮਾਂ ਲੱਗਣਾ ਹੁੰਦਾ ਹੈ। ਅਸੀਂ ਇਸ ਦਾ ਮੁਕਾਬਲਾ ਬਿਜਲੀ ਗਰਜਣ ਨਾਲ ਕਰ ਸਕਦੇ ਹਾਂ। ਹਮੇਸ਼ਾ, ਬਿਜਲੀ ਨੂੰ ਚਮਕਦੀ ਵੇਖਣ ਤੋਂ ਬਾਅਦ ਹੀ ਸਾਨੂੰ ਇਸਦੇਗਰਜਣ ਦੀ ਅਵਾਜ਼ ਸੁਣਦੀ ਹੈ। ਉਹ ਇਸ ਲਈ ਕਿਉਂਕਿ ਅਵਾਜ਼ ਦੀਆਂ ਲਹਿਰਾਂ ਪ੍ਰਕਾਸ਼ ਦੀਆਂ ਲਹਿਰਾਂ ਨਾਲੋਂ ਘੱਟ ਰਫ਼ਤਾਰ ਨਾਲ ਸਫ਼ਰ ਕਰਦੀਆਂ ਹਨ। ਜਦੋਂ ਮੈਨੂੰ ਗਰਜਣ ਸੁਣੇਗੀ, ਓਦੋਂ, ਮੈਂ ਉਸ ਦੀ ਅਵਾਜ਼ ਸੁਣ ਰਿਹਾ ਹੁੰਦਾ ਹਾਂ ਜੋ ਕੁਝ ਹੀ ਚਿਰ ਪਹਿਲਾਂ ਹੋਇਆ ਸੀ। ਤਾਰਿਆਂ ਨਾਲ ਵੀ ਏਸੇ ਤਰ੍ਹਾਂ ਹੈ। ਜਦੋਂ ਮੈਂ ਕਿਸੇ ਤਾਰੇ ਵੱਲ ਵੇਖਦਾ ਹਾਂ ਜੋ ਕਿ ਹਜ਼ਾਰਾਂ ਹੀ ਪ੍ਰਕਾਸ਼-ਵਰ੍ਹੇ ਦੂਰ ਹੈ, ਤਾਂ ਮੈਂ ਓਸ ਘਟਨਾ ਦੀ 'ਗਰਜਣ' ਨੂੰ ਵੇਖ ਰਿਹਾ ਹੁੰਦਾ ਹਾਂ ਜੋ ਸਮੇਂ ਵਿਚ ਹਜ਼ਾਰਾਂ ਹੀ ਸਾਲ ਪਹਿਲਾਂ ਹੋਈ ਹੈ।"

"ਹਾਂ, ਲੱਗ ਗਿਆ ਪਤਾ।"

"ਪਰ ਅਜੇ ਤੱਕ ਤਾਂ, ਅਸੀਂ ਸਿਰਫ਼ ਆਪਣੀ ਹੀ ਗਲੈਕਸੀ ਦੀ ਗੱਲ ਕਰ ਰਹੇ ਸੀ। ਤਾਰਾ-ਵਿਗਿਆਨੀ ਕਹਿੰਦੇ ਹਨ ਕਿ ਬ੍ਰਹਿਮੰਡ ਵਿਚ ਅਜਿਹੀਆਂ ਕੋਈ 1 ਖਰਬ (100 ਬਿਲੀਅਨ) ਗਲੈਕਸੀਆਂ ਹਨ, ਅਤੇ ਇਨ੍ਹਾਂ ਵਿਚੋਂ

# ਸੋਫ਼ੀ ਦਾ ਸੰਸਾਰ

ਹਰੇਕ ਗਲੈਕਸੀ ਵਿਚ ਕੋਈ 1 ਖਰਬ ਤਾਰੇ ਹਨ। ਅਕਾਸ਼ਗੰਗਾ ਦੇ ਸਭ ਤੋਂ ਨੇੜੇ ਦੀ ਗਲੈਕਸੀ ਨੂੰ ਅਸੀਂ ਐਂਡ੍ਰੋਮੇਡਾ ਨੈਬਿਊਲਾ ਸੱਦਦੇ ਹਾਂ। ਇਹ ਸਾਡੀ ਆਪਣੀ ਗਲੈਕਸੀ ਤੋਂ 20 ਲੱਖ (2 ਮਿਲੀਅਨ) ਪ੍ਰਕਾਸ਼-ਸਾਲ ਦੂਰ ਹੈ। ਇਸ ਦਾ ਮਤਲਬ ਉਸ ਗਲੈਕਸੀ ਤੋਂ ਸਾਡੇ ਤੱਕ ਪਹੁੰਚਣ ਲਈ ਰੌਸ਼ਨੀ ਨੂੰ 20 ਲੱਖ ਪ੍ਰਕਾਸ਼-ਸਾਲ ਲੱਗਦੇ ਹਨ। ਜਦੋਂ ਅਸੀਂ ਓਥੇ ਉੱਤੇ ਅਸਮਾਨ ਵਿਚ ਐਂਡ੍ਰੋਮੇਡਾ ਨੈਬਿਊਲਾ ਵੱਲ ਵੇਖਦੇ ਹਾਂ ਤਾਂ ਅਸੀਂ 20 ਲੱਖ ਸਾਲ ਪਿੱਛੇ ਦਾ ਸਮਾਂ ਵੇਖ ਰਹੇ ਹੁੰਦੇ ਹਾਂ। ਜੇ ਕਿਤੇ ਇਸ ਨੈਬਿਊਲਾ ਵਿਚ ਕੋਈ ਹੁਸ਼ਿਆਰ ਤਾਰੇ ਵੇਖਣਵਾਲਾ ਹੁੰਦਾ- ਇਸ ਵੇਲੇ ਮੈਂ ਕਲਪਨਾ ਕਰ ਕੇ ਵੇਖ ਰਿਹਾ ਹਾਂ ਕਿ ਉਸਨੇ ਆਪਣਾ ਟੈਲਿਸਕੋਪ ਧਰਤੀ ਵੱਲ ਨੂੰ ਸੇਧਿਆ ਹੋਇਆ ਹੈ- ਤਾਂ ਉਹ ਸਾਨੂੰ ਨਹੀਂ ਵੇਖ ਸਕੇਗਾ। ਜੇ ਉਸਦੀ ਕਿਸਮਤ ਚੰਗੀ ਹੋਈ, ਤਾਂ ਉਸ ਨੂੰ ਕੁਝ ਚਪਟੇ ਮੂੰਹਾਂ ਵਾਲੇ ਨਿਐਂਡਰਥਲ (ਸਾਡੇ ਤੋਂ ਪਹਿਲੀ ਕਿਸਮ ਦੇ ਇਨਸਾਨ- ਸੰ.) ਵਿਖਣਗੇ।" "ਕਮਾਲ ਹੀ ਹੈ।"

"ਅੱਜ ਜਿਹੜੀਆਂ ਸਭ ਤੋਂ ਹੀ ਦੂਰ ਵਾਲੀਆਂ ਗਲੈਕਸੀਆਂ ਦਾ ਸਾਨੂੰ ਪਤਾ ਹੈ, ਉਹ ਕੋਈ 10 ਅਰਬ (10 ਬਿਲੀਅਨ) ਸਾਲ ਦੂਰ ਹਨ। ਜੇ ਕਦੇ ਸਾਨੂੰ ਇਨ੍ਹਾਂ ਗਲੈਕਸੀਆਂ ਤੋਂ ਸਿਗਨਲ ਮਿਲਣਗੇ, ਤਾਂ ਅਸੀਂ ਬ੍ਰਹਿਮੰਡ ਦੇ ਇਤਿਹਾਸ ਵਿਚ 10 ਅਰਬ ਸਾਲ ਪਿੱਛੇ ਵੇਖ ਰਹੇ ਹੋਵਾਂਗੇ। ਸਾਡੇ ਆਪਣੇ ਸੂਰਜੀ ਢਾਂਚੇ ਦੀ ਹੋਂਦ ਨੂੰ ਜਿੰਨਾ ਚਿਰ ਹੋਇਆ ਹੈ, ਇਹ ਉਸ ਤੋਂ ਦੁਗਣਾ ਸਮਾਂ ਹੈ।"

"ਤੁਸੀਂ ਮੇਰਾ ਸਿਰ ਚਕਰਾਅ ਦਿੱਤਾ ਹੈ।"

"ਹਾਲਾਂਕਿ ਇਹ ਸਮਝਣਾ ਵੀ ਬਥੇਰਾ ਔਖਾ ਹੁੰਦਾ ਹੈ ਕਿ ਸਮੇਂ ਵਿਚ ਏਨੀ ਦੂਰ ਪਿੱਛੇ ਵੇਖਣ ਦਾ ਕੀ ਮਤਲਬ ਹੈ, ਤਾਰਾ-ਵਿਗਿਆਨੀਆਂ ਨੇ ਕੁਝ ਅਜਿਹਾ ਲੱਭ ਲਿਆ ਹੈ ਜਿਸਦੀ ਸਾਡੀ ਦੁਨੀਆ ਦੀ ਤਸਵੀਰ ਸਮਝਣ ਲਈ ਹੋਰ ਵੀ ਵੱਧ ਅਹਿਮੀਅਤ ਹੈ।"

" ਉਹ ਕੀ?"

"ਲੱਗਦਾ ਇਹ ਹੈ ਕਿ ਸਪੇਸ ਦੀ ਕੋਈ ਵੀ ਗਲੈਕਸੀ ਇੱਕੋ ਥਾਂ ਟਿਕੀ ਹੋਈ ਨਹੀਂ । ਸਾਰੀਆਂ ਹੀ ਗਲੈਕਸੀਆਂ ਇੱਕ ਦੂਜੀ ਤੋਂ ਹੱਦੋਂ ਵੱਧ ਰਫ਼ਤਾਰ ਨਾਲ ਦੂਰ ਹੁੰਦੀਆਂ ਜਾ ਰਹੀਆਂ ਹਨ। ਜਿੰਨੀਆਂ ਉਹ ਸਾਡੇ ਤੋਂ ਦੂਰ-ਪਰ੍ਹਾਂ ਹਨ, ਓਨੀ ਹੀ ਵੱਧ ਰਫ਼ਤਾਰ ਨਾਲ ਹਿੱਲ ਰਹੀਆਂ ਹਨ। ਇਸਦਾ ਮਤਲਬ ਇਹ ਹੈ ਕਿ ਗਲੈਕਸੀਆਂ ਵਿਚਲਾ ਫ਼ਰਕ ਹਰ ਵੇਲੇ ਵਧੀ ਹੀ ਜਾ ਰਿਹਾ ਹੈ।"

"ਮੈਂ ਇਸਨੂੰ ਆਪਣੇ ਮਨ ਵਿਚ ਤਸਵੀਰ ਬਣਾਅ ਕੇ ਵੇਖਣ ਦੀ ਕੋਸ਼ਿਸ਼ ਕਰ ਰਹੀ ਹਾਂ।"

"ਜੇ ਤੇਰੇ ਕੋਲ ਭੁਕਾਨਾ ਹੈ ਅਤੇ ਤੂੰ ਉਸ ਉੱਤੇ ਕਾਲੀਆਂ ਬਿੰਦੀਆਂ ਬਣਾਅ ਦੇਵੇਂ, ਤਾਂ ਜਿਵੇਂ ਜਿਵੇਂ ਤੂੰ ਉਸ ਭੁਕਾਨੇ ਵਿਚ ਹਵਾ ਭਰੇਂਗੀ, ਉਹ ਬਿੰਦੀਆਂ ਇੱਕ ਦੂਜੀ ਤੋਂ ਦੂਰ ਹੋਈ ਜਾਣਗੀਆਂ। ਇਹੀ ਹੋ ਰਿਹਾ ਹੈ ਬ੍ਰਹਿਮੰਡ ਦੀਆਂ ਗਲੈਕਸੀਆਂ ਨਾਲ। ਇਸਨੂੰ ਅਸੀਂ ਕਹਿੰਦੇ ਹਾਂ ਕਿ ਬ੍ਰਹਿਮੰਡ ਫੈਲ ਰਿਹਾ ਹੈ।"

"ਇਹ ਕਿਉਂ ਇਸ ਤਰ੍ਹਾਂ ਕਰ ਰਿਹਾ ਹੈ?"

"ਬਹੁਤੇ ਤਾਰਾਵਿਗਿਆਨੀ ਇਸ ਗੱਲ ਉੱਤੇ ਸਹਿਮਤ ਹਨ ਕਿ ਬ੍ਰਹਿਮੰਡ ਦੇ ਫੈਲਣ ਦੀ ਇੱਕੋ ਵਜ੍ਹਾ ਹੋ ਸਕਦੀ ਹੈ: ਕਦੇ ਕਿਸੇ ਵੇਲੇ, ਕੋਈ 15 ਬਿਲੀਅਨ (ਅਰਬ) ਸਾਲ ਪਹਿਲਾਂ, ਬ੍ਰਹਿਮੰਡ ਵਿਚ ਜੋ ਕੁਝ ਵੀ ਠੋਸ ਸੀ, ਉਹ, ਅੱਜ ਦੇ ਮੁਕਾਬਲੇ ਕਾਫ਼ੀ ਨਿੱਕੇ ਜਿਹੇ ਥਾਂ ਵਿੱਚ ਜਮ੍ਹਾਂ ਸੀ। ਉਹ ਠੋਸਤਾ ਏਨੀ ਘਣੀ ਸੀ ਕਿ ਭੂ-ਖਿੱਚ ਨੇ ਉਸਨੂੰ ਹੱਦੋਂ-ਵੱਧ ਗਰਮ ਕਰ ਦਿੱਤਾ। ਅਖ਼ੀਰ ਇਹ ਏਨਾ ਗਰਮ ਹੋ ਗਿਆ ਅਤੇ ਏਨੀ ਕੱਸ ਨਾਲ ਪੈਕ ਸੀ ਕਿ ਇਹ ਪਾਟ ਗਿਆ। ਇਸੇ ਪਾਟਣ ਨੂੰ ਅਸੀਂ "ਬਿਗ ਬੈਂਗ" ਯਾਨੀ ਵੱਡਾ ਧਮਾਕਾ, ਮਹਾ ਵਿਸਫ਼ੋਟ ਕਹਿੰਦੇ ਹਾਂ।"

"ਇਸ ਬਾਰੇ ਤਾਂ ਸੋਚ ਕੇ ਹੀ ਮੈਨੂੰ ਕਾਂਬਾ ਛਿੜ ਰਿਹਾ ਹੈ।"

"ਬਿਗ ਬੈਂਗ ਨੇ ਬ੍ਰਹਿਮੰਡ ਵਿਚਲੀ ਹਰੇਕ ਚੀਜ਼ ਨੂੰ ਹਰ ਦਿਸ਼ਾ ਵਿਚ ਬਾਹਰ ਸੁੱਟਿਆ, ਅਤੇ ਜਦੋਂ ਉਹ ਹੌਲੀ ਹੌਲੀ ਠੰਡਾ ਹੋਇਆ, ਤਾਂ ਇਸ ਨਾਲ ਸਿਤਾਰੇ ਅਤੇ ਗਲੈਕਸੀਆਂ ਅਤੇ ਚੰਨ ਅਤੇ ਨਛੱਤਰ ਬਣ ਗਏ...।"

"ਪਰ ਮੈਂ ਤਾਂ ਸੋਚਿਆ ਤੁਸੀਂ ਕਿਹਾ ਹੈ ਕਿ ਬ੍ਰਹਿਮੰਡ ਅਜੇ ਵੀ ਫੈਲੀ ਜਾ ਰਿਹਾ ਹੈ?"

"ਹਾਂ, ਮੈਂ ਕਿਹਾ ਸੀ, ਅਤੇ ਇਹ ਐਨ ਓਸੇ ਕਰੋੜਾਂ ਸਾਲ ਪਹਿਲਾਂ ਹੋਏ ਧਮਾਕੇ ਕਰਕੇ ਹੀ ਫੈਲੀ ਜਾ ਰਿਹਾ ਹੈ। ਬ੍ਰਹਿਮੰਡ ਦਾ ਕੋਈ ਸਮੇਂ ਮੁਤਾਬਕ ਜੁਗਰਾਫ਼ੀਆ-ਭੁਗੋਲ ਨਹੀਂ ਹੈ। ਬ੍ਰਹਿਮੰਡ ਇੱਕ ਵਾਪਰਣੀ-ਇੱਕ ਘਟਨਾ ਹੈ। ਬ੍ਰਹਿਮੰਡ ਇੱਕ ਧਮਾਕਾ ਹੈ। ਗਲੈਕਸੀਆਂ ਅਜੇ ਵੀ ਬ੍ਰਹਿਮੰਡ ਵਿਚ ਜ਼ਬਰਦਸਤ ਰਫ਼ਤਾਰਾਂ ਨਾਲ ਇੱਕ ਦੂਜੀ ਤੋਂ ਦੂਰ ਉੱਡਦੀਆਂ ਜਾ ਰਹੀਆਂ ਹਨ।"

"ਕੀ ਉਹ ਹਮੇਸ਼ਾ ਲਈ ਇਹੀ ਕਰੀ ਜਾਣਗੀਆਂ?"

"ਇਹ ਵੀ ਇੱਕ ਸੰਭਾਵਨਾ ਹੈ। ਪਰ ਇੱਕ ਹੋਰ ਵੀ ਹੈ। ਤੈਨੂੰ ਯਾਦ ਹੋਏਗਾ ਕਿ ਅਲਬਰਟੋ ਨੇ ਸੋਫ਼ੀ ਨੂੰ ਉਨ੍ਹਾਂ ਦੋ ਤਾਕਤਾਂ ਬਾਰੇ ਦੱਸਿਆ ਸੀ ਜਿਨ੍ਹਾਂ ਦੀ ਵਜ੍ਹਾ ਨਾਲ ਨਛੱਤਰ ਹਰ ਵੇਲੇ ਸੂਰਜ ਦੁਆਲੇ ਚੱਕਰ ਕੱਟਦੇ ਰਹਿੰਦੇ ਹਨ?"

"ਇਨਰਸ਼ੀਆ (ਓਸੇ ਇੱਕੋ ਹਾਲ ਵਿਚ ਰੁਕੇ ਜਾਂ ਚੱਲਦੇ ਰਹਿਣਾ-ਸੰ.) ਅਤੇ ਭੂ-ਖਿੱਚ ਸਨ, ਨਾ?"

"ਸਹੀ, ਅਤੇ ਗਲੈਕਸੀਆਂ ਉੱਤੇ ਵੀ ਇਹੋ ਚੀਜ਼ ਲਾਗੂ ਹੁੰਦੀ ਹੈ। ਕਿਉਂਕਿ ਹਾਲਾਂਕਿ ਬ੍ਰਹਿਮੰਡ ਲਗਾਤਾਰ ਫੈਲੀ ਜਾ ਰਿਹਾ ਹੈ, ਭੂ-ਖਿੱਚ ਦੀ ਤਾਕਤ ਦੂਸਰੇ ਬੰਨੇ ਦਾ ਜ਼ੋਰ ਲਾ ਰਹੀ ਹੈ। ਅਤੇ ਇੱਕ ਦਿਨ, ਕੋਈ ਦੋ ਕੁ ਅਰਬ ਸਾਲਾਂ ਬਾਅਦ, ਭੂ-ਖਿੱਚ ਸ਼ਾਇਦ ਸਪੇਸ ਦਿਆਂ ਵਜੂਦਾਂ ਨੂੰ ਮੁੜ ਕੇ ਇੱਕ ਥਾਂ ਪੈਕ ਕਰ ਦੇਵੇ, ਜਦੋਂ ਉਸ ਮਹਾ ਵਿਸਫ਼ੋਟ ਦੀ ਤਾਕਤ ਦਾ ਅਸਰ ਕੁਝ ਮੱਠਾ ਪੈਣ ਲੱਗੇ। ਫੇਰ ਇੱਕ ਪੁੱਠਾ ਧਮਾਕਾ ਹੋਏਗਾ, ਜਿਸ ਨੂੰ ਇੱਕ ਅੰਦਰ-ਵੱਲ ਨੂੰ ਢਹਿਣਾ ਕਹਿੰਦੇ ਹਾਂ। ਪਰ ਦੂਰੀਆਂ ਏਨੀਆਂ ਵਿਰਾਟ-ਵਿਸ਼ਾਲ ਹਨ ਕਿ ਇਹ ਕਿਸੇ ਉਸ ਫ਼ਿਲਮ ਵਾਂਗ ਹੋਵੇਗਾ ਜਿਸ ਨੂੰ ਹੌਲੀ ਰਫ਼ਤਾਰ ਨਾਲ ਚਲਾਇਆ ਜਾ ਰਿਹਾ ਹੋਏ। ਤੂੰ ਇਸਦਾ ਮੁਕਾਬਲਾ ਉਸ ਭੁਕਾਨੇ ਨਾਲ ਕਰ ਸਕਦੀ ਹੈਂ ਜਿਸ ਦੀ ਕਿ ਹਵਾ ਕੱਢ ਦਿੱਤੀ ਜਾਏ।

"ਕੀ ਸਾਰੀਆਂ ਗਲੈਕਸੀਆਂ ਮੁੜ ਇੱਕ ਪੀਡੇ ਕੇਂਦਰ ਵਿਚ ਆ ਜਾਣਗੀਆਂ?"

"ਹਾਂ, ਤੂੰ ਸਮਝ ਗਈ ਹੈਂ।"

"ਪਰ ਫੇਰ ਕੀ ਹੋਏਗਾ?"

"ਇੱਕ ਹੋਰ ਮਹਾ ਵਿਸਫ਼ੋਟ, ਬਿਗ ਬੈਂਗ ਹੋਏਗਾ ਅਤੇ ਬ੍ਰਹਿਮੰਡ ਫੈਲਣ ਲੱਗ ਪਏਗਾ। ਕਿਉਂਕਿ ਓਹੀ ਕੁਦਰਤੀ ਕਨੂੰਨ ਲਾਗੂ ਹਨ। ਅਤੇ ਇਸ ਲਈ ਨਵੇਂ ਤਾਰੇ ਅਤੇ ਗਲੈਕਸੀਆਂ ਬਣ ਜਾਣਗੀਆਂ।"



# FOREST BATHING- Really beneficial

*By Ephrat Livni and Ephrat Livni*

## "The tonic of the wilderness" was Henry David Thoreau's classic prescription for civilization and its discontents, offered in the 1854 essay Walden: Or, Life in the Woods.

Now there's scientific evidence supporting eco-therapy. The Japanese practice of 'forest bathing' is proven to *lower heart rate and blood pressure, reduce stress hormone production, boost the immune system, and improve overall feelings of wellbeing.*

Forest bathing—basically just being in the presence of trees—became part of a national public health programme in Japan in 1982 when the forestry ministry coined the phrase "shinrin-yoku" and promoted topiary (clipping bushes etc into ornamental shapes- Ed) as therapy. Nature appreciation— picnicking en masse under the cherry blossoms, for example—is a national pastime in Japan, so forest bathing quickly took. The environment's wisdom has long been evident to the culture: Japan's Zen masters asked: *If a tree falls in the forest and no one hears, does it make a sound?*

To discover the answer, masters do nothing, and gain illumination.

Forest bathing works similarly: Just be with trees. No hiking, no counting steps on a Fitbit. You can sit or meander, but the point is to relax rather than accomplish anything.

Forest air doesn't just feel fresher and better—inhaling phytoncide seems to actually improve immune system function.

"Don't effort," says Gregg Berman, a registered nurse, wilderness expert, and certified forest bathing guide in California. He's leading a small group on the Big Trees Trail in Oakland. One cool October afternoon, barefoot among the redwoods. Berman tells the group—wearing shoes—that the human nervous system is both of nature and attuned to it. Planes roar overhead as the forest bathers wander slowly, quietly, under the green cathedral of trees.

From 2004 to 2012, Japanese officials spent about $4 million dollars studying the physiological and psychological effects of forest bathing, designating 48 therapy trails based on the results. Qing Li, a professor at Nippon Medical School in Tokyo, measured the activity of human natural killer (NK) cells in the immune system

before and after exposure to the woods. These cells provide rapid responses to viral-infected cells and respond to tumor formation, and are associated with immune system health and cancer prevention. In a 2009 study Li's subjects showed significant increases in NK cell activity in the week after a forest visit, and positive effects lasted a month following each weekend in the woods.

This is due to various essential oils, generally called phytoncide, found in wood, plants, and some fruit and vegetables, which trees emit to protect themselves from germs and insects. Forest air doesn't just feel fresher and better—inhaling phytoncide seems to actually improve immune system function.
Experiments on forest bathing conducted by the Center for Environment, Health and Field Sciences in Japan's Chiba University measured its physiological effects on 280 subjects in their early 20s. The team measured the subjects' salivary cortisol (which increases with stress), blood pressure, pulse rate, and heart rate variability during a day in the city and compared those to the same biometrics taken during a day with a 30-minute forest visit. "Forest environments promote lower concentrations of cortisol, lower pulse rate, lower blood pressure, greater parasympathetic nerve activity, and lower sympathetic nerve activity than do city environments," the study concluded.

In other words, being in nature made subjects, physiologically, less amped (filled with energetic excitement- Ed). The parasympathetic nerve system controls the body's rest-and-digest system while the sympathetic nerve system governs fight-or-flight responses. Subjects were more rested and less inclined to stress after a forest bath.

Trees soothe the spirit too. A study on forest bathing's psychological effects surveyed 498 healthy volunteers, twice in a forest and twice in control environments. The subjects showed significantly reduced hostility and depression scores, coupled with increased liveliness, after exposure to trees. "Accordingly," the researchers wrote, "forest environments can be viewed as therapeutic landscapes."

City dwellers can benefit from the effects of trees with just a visit to the park. Brief exposure to greenery in urban environments can relieve stress levels, and experts have recommended "doses of nature" as part of treatment of attention disorders in children. What all of this evidence suggests is we don't seem to need a lot of exposure to gain from nature—but regular contact appears to improve our immune system function and our wellbeing.

Julia Plevin, a product designer and urban forest bather, founded San Francisco's 200-member Forest Bathing Club Meetup in 2014. They gather monthly to escape technology. "It's an immersive experience," Plevin explained to Quartz. "So much of our lives are spent interacting with 2D screens. This is such a bummer because there's a whole 3D world out there! Forest bathing is a break from your phone and computer… from all that noise of social media and email."

Before we crossed the threshold into the woods in Oakland, Berman advised the forest bathers to pick up a rock, put a problem in and drop it. "You can pick up your troubles again when you leave," he said with a straight face. But after two hours of forest bathing, no one does.

Joy Chiu, a leadership and life coach on the forest bath led by Berman, explained that this perspective on problems lasts long after a bath, and that she returns to the peace of the forest when she's far from here, feeling harried. "It's grounding and I go back to the calm feeling of being here. It's not like a time capsule, but something I can continually return to."

(Hear the chat too about this at - https://qz.com/804022/health-benefits-japanese-forest-bathing

# The Fragrance of Seven Colours by Raja Sadiqulla

## Review: Harris Khalique, DAWN




On the sidelines of a literary festival in Lahore a few years ago, I spent one of the most enriching days ever when it comes to enjoying poetry.

In the late afternoon of a pleasant day, along with other friends, I spotted poet Afzal Saahir roaming about in the food court set up for the festival. We invited him to join us for chai and pakorras and share some of his poetry. When we got up and were moving towards one of the halls of the Al-Hamra Arts Council to attend a regular session in the festival, someone from behind tapped me on my shoulder and said: "Forget about the session you are planning to go to. Come with me now and I will introduce you to a poet from my city." Without turning my head back, I could recognise the definitive tone of artist Akram Varraich's voice.

It is not the landmarks or monuments that define a city for me. I love history but, when I visit a place, it is not sightseeing that attracts me but looking for people of my ilk — people whose company one can enjoy, one can learn from, crack jokes with, who are genuine in their emotions and with whom one can have a grog and a meal in deep comfort. Such individuals define a city. Akram Varraich has been living in Lahore since long but he defines Wazirabad for me. He is not simply an artist of considerable merit but an ambassador-at-large for Wazirabad. That evening, Malik Khalid, who now lives in London, was introduced to me by Varraich. We have been the best of buddies since. The other person from Wazirabad I was introduced to was the affectionate and warm Sharjeel Anzar, a connoisseur of art and literature. Finally, the same evening, I met a fascinating poet, Raja Sadiqulla.

He tried to wriggle out of the situation but we didn't give up on our demand for Sadiqulla to recite his verse to us. Finally, he agreed and shared a few of his delightful and riveting Punjabi poems. I felt so good in my heart that I stayed back in the courtyard listening to Sadiqulla instead of attending a run-of-the-mill festival session.

Raja Sadiqulla has published two collections of poems in Punjabi. The book that has recently appeared, titled Fragrance of Seven Colours, is a translation by Munawar A. Anees of Sadiqulla's poems from his first collection, Pehla Puur. It is a novel publication because English translations, along with Punjabi in Gurmukhi and Nastaleeq scripts, are provided in it in parallel.

What makes Sadiqulla prominent among his generation of poets is four things he captures that define his very being and his artistic sensibility: the character of changing seasons, the variety and vastness of colours, deep-seated human compassion and the ever-expanding universe of pain.

Most poets tend to repeat what has been felt and said in terms of content, be it experience or habitat. It takes immense confidence and incredible skill to create a modern and relevant diction and style which can suitably reflect the concerns and themes of the contemporary human condition.



Harris Khalique

For someone steeped in reading and writing poetry, the experience of reading classical works in our civilisational languages — from Sanskrit to Persian to Sindhi to Punjabi to multiple dialects of Hindustani or Urdu — is not just awe-inspiring, it is intimidating. Punjabi classical poetry is so exhaustive and overwhelming in defining the emotional, physical, psychological and historic experiences of an individual and the collective, that the ability to move forward is cautioned

poet's heart.



Raja Sadiqulla

From Baba Farid to Hafiz Barkhurdar to Waris Shah to Bulleh Shah, there are giants who stand tall and remain above us. Consequently, most poets tend to repeat what has been felt and said in terms of content, be it experience or habitat. Even if they experiment with new genres, the atmosphere of metaphors and symbols does not change. It takes immense confidence and incredible skill to create a modern and relevant diction and style which can suitably reflect the concerns and themes of the contemporary human condition. Sadiqulla effortlessly joins that small group of contemporary poets who have been successful in doing that.

Sadiqulla kneads his poems in the dough of nature — birds, flowers, water and earth. Then he bakes these poems in the oven of suffering that consciousness brings. All of this is captured beautifully in the English translations. In his poem 'Paper Boats', he says:

"*…The flight of birds carries hidden writing/ That can be read only by the caged ones.*"

In 'Flood', he writes: "*All was washed away/ The pain of separation kept floating in the eyes.*"

In 'A Different Evening', Sadiqulla says:

"*…And the morning was born out of the dew of another day/ Even if there is no moon, there is always an imperceptible moonlight/ Sometimes night wakes up prematurely/ When the jasmine flower is not plucked/ Know that in the season of rendezvous, the separation has slowly crept in…*"

The loneliness and angst that the enormity and indifference of urban life offers is best depicted by Sadiqulla in his poem 'City':

"*Someone accompanies you in the deserted places/ On busy streets you wander alone.*"

These lines take me back to his poem 'Palkhoo', where there is a celebratory tone of belonging in his voice:

"*…Beyond the Palkhoo stream is our village/ Where flows the eternal river Chenab.*"

Munawar A. Anees, with a doctorate in biology and regarded professionally accomplished in his subject, has a keen eye for good verse. He has done a huge favour to lovers of poetry worldwide by translating Sadiqulla's Punjabi poetry into English.

Translation itself is a creative process, less valued than it should be. We also understand that translating poetry is more difficult than translating prose. However, Anees has applied himself with care and meticulousness when transforming Punjabi idiom into English, without losing its essence.

*The writer is a poet and essayist. His latest collections of verse are Hairaa'n Sar-i-Bazaar and No Fortunes to Tell*

Published in Dawn, Books & Authors, (PAKISTAN) December 7th, 2025

**Sadiqullah's** poetry: aesthetics of love for people and places. ---**Mushtaq Soofi, Dawn**

**Sadiqullah** writes less but his one collection, "Pehla Puur" is considered one of the milestones in new Punjabi poetry written across the border. **Nirupama Dutt, The Tribune, Chandigarh**

**Sadiqullah** is a literary painter who paints Punjab with his words. Birds, trees, native sounds, mountains, and rural landscape are the soul of his verses. - **Mahmood Awan**, The News International

For Pakistani poet Raja Sadiqullah, poetry is the biggest healer. ---**Parul, Indian Express**

**Pakistani** writer Raja Sadiqullah insists that the voice of the soul cancome only through one's mother tongue. No matter what! ---**Nonika Singh, Hindustan Times**

**Sadiqullah's** graceful poetry has an authentic feel about it, you feel you are listening to the heartbeats and fragrances of a much , much larger Punjab. The language and symbols are a treasure of complexity and layer in their beauty; the new generation and us on this side of the border too have to hungrily reach out for the English translation (as words quickly become obsolete if not nurtured across divides). Translating this must have been a labour of love in itself- for such eco-experiencing and pithiness seems quite untranslatable in it's entirety! - **Poonam Singh**


PREET NAGAR RESIDENCY

preetnagarresidency.in

+91 9999 645 610

Preet Nagar Residency

**Book your stay for relaxing, reading or working. Come with friends or family. Attend workshops or host workshops. Open for long or short stays.**

ਨਵੀਂ ਦਿੱਲੀ- 6 ਜਨਵਰੀ 2026 ਨੂੰ ਲੇਖਕ ਨਵਤੇਜ ਸਿੰਘ ਦੀਆਂ ਸਾਰੀਆਂ ਕਹਾਣੀਆਂ ਦੀ ਕਿਤਾਬ ਸ: ਤਰਲੋਚਨ ਸਿੰਘ ਅਤੇ ਲੇਖਕ ਦੇ ਪੁੱਤਰਾਂ ਵੱਲੋਂ ਲੇਖਕ ਦੇ 100ਵੇਂ ਜਨਮਦਿਨ ਦੇ ਮੌਕੇ ’ਤੇ IIC, ਨਵੀਂ ਦਿੱਲੀ ਵਿਚ ਲੋਕ-ਅਰਪਣ ਕੀਤੀ ਗਈ।

“ਸਾਂਝੇ ਰੰਗ ਪੰਜਾਬ ਦੇ” ਦੇ ਸਾਥ ਨਾਲ ਸਮੀਆ ਸਿੰਘ, ਲੇਖਕ ਦੀ ਪੋਤਰੀ ਨੇ ਇਸਦੇ ਸਰਵਰਕ ਨੂੰ ਡਿਜ਼ਾਈਨ ਕੀਤਾ ਹੈ। ਇਸ ਮੌਕੇ ਕਿਤਾਬ ਦੀਆਂ ਤਿੰਨ ਕਹਾਣੀਆਂ ਨੂੰ ਸੁੰਦਰ ਨਾਟਕੀ ਢੰਗ ਨਾਲ ਪੜ੍ਹ ਕੇ ਪੇਸ਼ ਕੀਤਾ ਗਿਆ— ਪੂਨਮ ਸਿੰਘ ਅਤੇ ਸਰਵਜੀਤ ਸਰਵ ਵੱਲੋਂ ਅਤੇ ਇੱਕ ਕਹਾਣੀ ਹਿੰਦੀ ਅਨੁਵਾਦ ਵਿਚ ਸੰਜੀਵ ਉਪਾਧਿਆਇ ਵੱਲੋਂ ਪੇਸ਼ ਕੀਤੀ ਗਈ। ਸਾਹਿਤ ਅਤੇ ਖ਼ਾਸਕਰ ਪ੍ਰੀਤ ਲੜੀ ਦੇ ਪ੍ਰੇਮੀ ਸਖਤ ਠੰਢ ਅਤੇ ਕੰਮਕਾਜੀ ਦਿਨ ਵਿਚ ਵੀ ਦੁਪਹਿਰ ਦੇ 3.30 ਵਜੇ ਇਕੱਤਰ ਹੋਏ। ਰੇਖਾ ਰਾਜ ਨੇ ਸੂਫੀ ਅਤੇ ਹੋਰ ਪੰਜਾਬੀ ਗੀਤ ਗਾਏ ਜੋ ਬਹੁਤ ਪਸੰਦ ਕੀਤੇ ਗਏ। ਸ਼ੁਮਿਤਾ ਸੰਧੂ ਦੀਦੀ ਵੱਲੋਂ ਅੱਗੇ ਲੱਗ ਕੇ ਵਿਓਂਤੇ ਇਸ ਖੂਬਸੂਰਤ ਪ੍ਰੋਗਰਾਮ ਵਿਚ ਸਜਾਵਟ, ਰੂਹ ਵਾਲੀ ਗੱਲਬਾਤ ਰਾਹੀਂ ਯਾਦਾਂ ਸਾਂਝੀਆਂ ਕੀਤੀਆਂ ਗਈਆਂ ਅਤੇ ਗੀਤਾਂ, ਕਹਾਣੀਆਂ ਦੇ ਪਾਠ ਹੀ ਨਹੀਂ ਹੋਏ -ਨਿਵੇਕਲੀ ਖਿੱਚ ਸੀ ਲੇਖਕ ਦੀ ਪੋਤਰੀ ਰਤਿਕਾ ਸਿੰਘ ਵਲੋਂ ਉਨ੍ਹਾਂ ਦੀ ਕਹਾਣੀ ਬਸ਼ੀਰਾ ਉੱਤੇ, ਇਸੇ ਨਾਂ ਦੀ ਬਣਾਈ ਇੱਕ ਨਿੱਕੀ ਫ਼ਿਲਮ। ਚਾਹ ਪਾਣੀ ਅਤੇ ਕਈ ਅੰਕ “ਪ੍ਰੀਤ ਲੜੀ” ਦੇ ਵੀ ਵਰਤਾਏ ਗਏ।

ਇਸ ਕਿਤਾਬ ਦਾ ਮੁੱਲ 600/- ਰੁ. ਹੈ ਜਿਸ ਦਾ ਪ੍ਰਕਾਸ਼ਨ “ਪ੍ਰੀਤ ਲੜੀ ਟ੍ਰਸਟ” ਨੇ ਕੀਤਾ ਹੈ।

ਯੂਪੀਆਈ ਨਾਲ ਤੁਸੀਂ 98762 63725 ਉੱਤੇ ਰਕਮ 600/- ਜਮ੍ਹਾ ਰਜਿਸਟਰੀ ਦਾ ਡਾਕ ਖਰਚ 50/- ਰੁ. ਭੇਜ ਕੇ ਕਿਤਾਬ ਘਰ ਮੰਗਵਾਓ ਜੀ।

- ਅਦਾਰਾ ਪ੍ਰੀਤ ਲੜੀ

ਯੂਟਿਊਬ ਵਿੱਚ ਇਹ ਸਾਰਾ ਪ੍ਰੋਗਰਾਮ
ਇੱਥੇ ਵੇਖੋ - @preetlaripreetnagar




ਫ਼ੋਟੋਆਂ –
1. ਰੱਤੀ ਕੰਤ ਸਿੰਘ
2. ਸ: ਤਰਲੋਚਨ ਸਿੰਘ
3. ਦਰਸ਼ਕ
4. ਪੂਨਮ ਸਿੰਘ

